ਨਾਵਲ 'ਕਾਫ਼ਲਾ'

-ਮਿੱਤਰ ਸੈਨ ਮੀਤ

ਲਿਖਣ ਦਾ ਸਾਲ: 1972

ਪਹਿਲਾ ਅਡੀਸ਼ਨ: 1983

ਦੂਜਾ ਅਡੀਸ਼ਨ: 2010

1

ਸ਼ਾਮ ਦੇ ਸ਼ਾਂਤ ਵਾਤਾਵਰਣ ਵਿਚ ਕਿਸੇ ਕੰਮੀ ਦੀ ਹੇਕ ਸਰਦਾਰ ਨੂੰ ਜ਼ਹਿਰ ਵਰਗੀ ਲੱਗ ਰਹੀ ਸੀ। ਜੇ ਕਿਧਰੇ ਇਹ ਬੇ-ਵਕੂਫ ਉਹਦੀ ਨਜ਼ਰ ਆ ਜਾਵੇ ਉਹ ਛਮਕਾਂ ਨਾਲ ਉਹਦੀ ਚਮੜੀ ਕਿਹੜਾ ਨਾ ਉਧੇੜ ਸੁੱਟੇ। ਜਦੋਂ ਉਹ ਉਦਾਸ ਹੈ ਸਾਰੇ ਪਿੰਡ ਨੂੰ ਚਾਹੀਦੈ ਉਦਾਸ ਰਹੇ। ਉਹ ਪਿੰਡ ਦਾ ਸਰਦਾਰ ਐ। ਸਰਦਾਰ ਦੀ ਖ਼ੁਸ਼ੀ ਪਿੰਡ ਦੀ ਖ਼ੁਸ਼ੀ ਤੇ ਸਰਦਾਰ ਦੀ ਗ਼ਮੀ ਪਿੰਡ ਦੀ ਗ਼ਮੀ। ਦੂਰ ਤੱਕ ਚੁੱਪ ਪਸਰੀ ਹੋਈ ਸੀ। ਕਿਧਰੇ ਕੋਈ ਨਜ਼ਰ ਵੀ ਨਹੀਂ ਸੀ ਆ ਰਿਹਾ, ਜਿਸ ਨੂੰ ਉਹ ਹੇਕ ਦਾ ਗਲਾ ਘੁੱਟਣ ਦਾ ਹੁਕਮ ਦੇ ਸਕੇ। ਚਾਰੋਂ ਪਾਸੇ ਦਰੱਖ਼ਤਾਂ ਦੀ ਸਾਂ ਸਾਂ ਸੀ ਤੇ ਜਾਂ ਫੇਰ ਪਾਣੀ ਨਾਲ ਭਰੇ ਟੋਇਆਂ ਵਿਚ ਟਰਾਂ ਟਰਾਂ ਕਰ ਰਹੇ ਡੱਡੂਆਂ ਦੀ ਅਵਾਜ਼|

ਕਰਤਾਰੋ ਹੱਥੋਂ ਹੋਈ ਬੇਇੱਜ਼ਤੀ ਕਾਰਨ ਸਰਦਾਰ ਬੁਰੀ ਤਰ੍ਹਾਂ ਬੇਚੈਨ ਸੀ। ਉਹਨੂੰ ਆਪਣੀ ਉਮਰ ਦੇ ਬਾਈ ਵਰ੍ਹਿਆਂ ਵਿਚ ਇਹ ਪਹਿਲੀ ਹਾਰ ਹੋਈ ਸੀ। ਫੇਰ ਉਹ ਵੀ ਇਕ ਕੰਮੀ ਦੀ ਔਲਾਦ ਹੱਥੋਂ। ਇਹ ਇਕ ਸਰਦਾਰ ਲਈ ਮਰ ਮਿਟਣ ਵਾਲੀ ਗੱਲ ਸੀ। ਉਹ ਕਿੰਨਾ ਕੁਝ ਆਖ ਗਈ ਤੇ ਉਹ ਸਰਦਾਰ ਹੁੰਦਾ ਵੀ ਸਭ ਕੁਝ ਜਰ ਗਿਆ। ਜਦੋਂ ਉਹ ਬਾਂਹ ਫੜ ਲੈਣ ਫੇਰ ਛੱਡਣ ਦਾ ਕੀ ਕੰਮ। ਇਹ ਉਸ ਦੀ ਸਰਦਾਰੀ 'ਤੇ ਧੱਬਾ ਸੀ। ਇਸੇ ਧੱਬੇ ਨੂੰ ਮੇਟਣ ਲਈ ਉਹ ਘੰਟਿਆਂ ਤੋਂ ਸੋਚ ਰਿਹਾ ਹੈ।

ਪਿੰਡ ਘੋੜੀ ਲੈਣ ਗਏ ਬੰਤ ਦੀ ਉਹਨੂੰ ਉਡੀਕ ਸੀ। ਦੁਪਹਿਰ ਦਾ ਗਿਆ ਉਹ ਹਾਲੀਂ ਤੱਕ ਵਾਪਸ ਨਹੀਂ ਸੀ ਆਇਆ।

ਉਸ ਦੀਆਂ ਸ਼ਰਾਬੀ ਅੱਖਾਂ ਬੰਤ ਨੂੰ ਲੱਭ ਰਹੀਆਂ ਸਨ। ਦਿਮਾਗ਼ ਦੀਆਂ ਉਲਝਣਾਂ ਉਹ ਸ਼ਰਾਬ ਨਾਲ ਹੱਲ ਕਰਨਾ ਲੋਚਦਾ ਸੀ| ਪਰ ਦਿਮਾਗ਼ ਸੀ ਕਿ ਸੋਚੀ ਜਾ ਰਿਹਾ ਸੀ।

'ਹੱਥੋਂ ਨਿਕਲ ਗਈ ਹੁਣ ਪਿੰਡ ਟੈਂ ਟੈਂ ਕਰੂ। ਹੱਥ ਫਿਰ ਜਾਂਦਾ ਅੱਖ ਤਾਂ ਨਾ ਚੁਕਦੀ।'

'ਪਾ ਲਏ ਰੌਲਾ ਮੇਰਾ ਕੀ ਕਰ ਲਊ? ਇਹ ਤਾਂ ਸਾਡਾ ਸ਼ੁਗਲ ਐ। ਕਿਹੜਾ ਸੂਰਮਾ ਸਾਡੇ ਸਾਹਮਣੇ ਬੋਲ ਜੇ।' ਬੁੜਬੁੜ ਕਰਦੇ ਸਰਦਾਰ ਨੇ ਬੋਤਲ ਵਿਚ ਰਹਿੰਦਾ ਆਖਰੀ ਪੈ&ੱਗ ਵੀ ਗਲਾਸ ਵਿਚ ਉਲਟਾ ਲਿਆ। ਖ਼ਾਲੀ ਬੋਤਲ ਇਕ ਦੋ ਵਾਰ ਉਹਦੇ ਹੱਥਾਂ ਵਿਚ ਨੱਚੀ, ਹਵਾ ਵਿਚ ਉਛਲੀ ਤੇ ਫੇਰ ਧਰਤੀ 'ਤੇ ਡਿੱਗ ਕੇ ਟੁਕੜੇ ਟੁਕੜੇ ਹੋ ਗਈ।

'ਬਾਪੂ ਕੋਲ ਨਾ ਅਪੜ ਜੇ ਕਿਤੇ ਗੱਲ?'' ਬਾਪੂ ਦਾ ਖ਼ਿਆਲ ਆਉਂਦਿਆਂ ਹੀ ਸਰਦਾਰ ਦਾ ਚੇਹਰਾ ਪੀਲਾ ਪੈ ਗਿਆ।

'ਲੈ ਜੇ ਅਪੜ ਜੂ ਤਾਂ ਪਈ ਅਪੜ ਜੇ। ਉਹ ਕਿਹੜਾ ਘੱਟ ਸੀ। ਬਥੇਰੇ ਪਾਪੜ ਵੇਲੇ ਨੇ ਜਵਾਨੀ 'ਚ। ਬੰਤਾ ਦੱਸਦਾ ਹੁੰਦੈ।

ਆਪਣੇ ਦਿਲ ਨੂੰ ਤਸੱਲੀ ਦੇਣ ਦੀ ਉਹ ਨਿਸਫਲ ਕੋਸ਼ਿਸ਼ ਕਰਦਾ ਰਿਹਾ ਸੀ। ਉਸ ਦੀਆਂ ਅੱਖਾਂ ਬਰਾਬਰ ਪਹੇ ਵਿਚ ਉਡਦੀ ਧੂੜ ਵੱਲ ਟਿਕੀਆਂ ਹੋਈਆਂ ਸਨ। ਘੋੜੀ ਆਉਣ ਦੇ ਕਿਧਰੇ ਅਸਾਰ ਨਜ਼ਰ ਨਹੀਂ ਸੀ ਆ ਰਹੇ। ਆਲੇ-ਦੁਆਲੇ ਮੜ੍ਹੀਆਂ ਵਰਗੀ ਚੁੱਪ ਸੀ।

'ਕੰਜਰ ਦੇ ਪੁੱਤ ਨੂੰ ਉਥੇ ਹੀ ਸੱਪ ਸੁੰਘ ਗਿਆ।' ਸਰਦਾਰ ਦਾ ਮਨ ਕਾਹਲਾ ਪਿਆ ਹੋਇਆ ਸੀ। ਕਦੋਂ ਘੋੜੀ ਪਹੁੰਚੇ ਕਦੋਂ ਹਵੇਲੀ ਜਾ ਕੇ ਕੋਈ ਕੰਮ ਕਰੇ।

'ਆਖਰ ਉਹਦੀ ਹਿੰਮਤ ਕੀ ਸੀ ਮੇਰੇ ਲੋਹੇ ਵਰਗੇ ਹੱਥਾਂ ਵਿਚੋਂ ਨਿਕਲ ਜਾਣ ਦੀ ? ਨਾ ਨੁੱਕਰ ਤਾਂ ਭਲਾ ਹਰ ਕੋਈ ਕਰਦੀ ਐ। ਔਰਤ ਜਾਤ ਜੋ ਹੋਈ। ਕਿਹੜੀ ਸੀ ਜਿਸ ਨੇ ਨਖਰੇ ਨਹੀਂ ਕੀਤੇ।

ਸੰਤੋ....ਹਰਨਾਮੋ....ਜੀਤੋ....।'

ਉਸ ਦੇ ਖ਼ਿਆਲਾਂ ਨੇ ਥੋੜਾ ਜਿਹਾ ਮੋੜ ਕੱਟਿਆ। ਕਈ ਮਾਸੂਮ ਕੁੜੀਆਂ, ਕਈ ਜਵਾਨ ਅਤੇ ਅੱਧ-ਖੜ ਉਮਰ ਦੀਆਂ ਔਰਤਾਂ ਦੇ ਸਰੀਰ ਇਕ ਇਕ ਕਰਕੇ ਉਸ ਅੱਗੇ ਨੰਗੇ ਹੋਣ ਲੱਗੇ।

ਪਹਿਲੀ ਵਾਰ ਜਦੋਂ ਉਹ ਸਿਰਫ਼ ਪੰਦਰਾਂ ਵਰ੍ਹਿਆਂ ਦਾ ਸੀ, ਨਿਹਾਲੇ ਤਖਾਣ ਦੀ ਨੂੰਹ ਸੰਤੋ ਦਾ ਨਿੱਘ ਉਸਨੂੰ ਪ੍ਰਾਪਤ ਹੋਇਆ। ਰੋਟੀ ਦੇਣ ਆਈ ਨੂੰ ਪਿੜ ਵਿਚ ਨੱਪ ਲੈਣ ਦੇ ਦ੍ਰਿਸ਼ ਹਾਲੀਂ ਤਕ ਓਵੇਂ ਜਿਵੇਂ ਉਸ ਨੂੰ ਯਾਦ ਸਨ। ਸੱਜ ਵਿਆਹੀ ਨੂੰਹ ਦਾ ਨਖਰਾ ਜੀ ਜੀ ਦੀ ਜ਼ਬਾਨ 'ਤੇ ਸੀ। ਉਸ ਨੂੰ ਹੱਥ ਪਾਉਂਦਾ ਉਹ ਖ਼ੁਦ ਵੀ ਕੰਬਿਆ ਸੀ। ਪਰ ਉਸ ਦੀ ਚੁੱਪ ਦੇਖ ਕੇ ਉਹ ਹੈਰਾਨ ਰਹਿ ਗਿਆ।

ਲੋਕ ਤਾਂ ਮਾੜੀ ਮੋਟੀ ਟਿੱਚਰ ਤੇ ਮਰਨ ਮਰਾਉਣ ਨੂੰ ਤਿਆਰ ਹੋ ਜਾਂਦੇ ਸਨ। ਪਰ ਇਥੇ ਕੁਝ ਵੀ ਨਹੀਂ ਸੀ ਹੋਇਆ। ਇਸ ਭੇਦ ਦੀ ਸਮਝ ਉਸ ਨੂੰ ਹੁਣ ਆਈ ਸੀ। ਉਹ ਕਿਵੇਂ ਬੋਲਦੀ। ਉਹ ਸਰਦਾਰ ਦਾ ਪੁੱਤ ਸੀ। ਸਰਦਾਰ, ਜਿਹੜੇ ਪਿੰਡ ਦੇ ਮਾਲਕ ਹੁੰਦੇ ਨੇ। ਮਨ ਆਈਆਂ ਕਰਨਾ, ਜਿਨ੍ਹਾਂ ਦਾ ਹੱਕ ਹੁੰਦੈ।

ਫੇਰ ਹਰਨਾਮੋ...ਜੀਤੋ। ਹੁਣ ਤਾਂ ਸ਼ਾਇਦ ਸਾਰੀਆਂ ਦੇ ਨਾਂਅ ਵੀ ਯਾਦ ਨਾ ਹੋਣ। ਹਰਨਾਮੋ ਉਸ ਦੇ ਕੰਮੀ ਦੀ ਧੀ...ਤੇ ਭਰ ਜੁਆਨ। ਵਿਆਹ ਵਿਚ ਸਾਰੇ ਤੇਰ੍ਹਾਂ ਦਿਨ ਜਦੋਂ ਮੱਕੀ ਵਿਚ ਉਹ ਕਾਬੂ ਆਈ। ਕੁਆਰਾਪਨ ਕੀ ਹੁੰਦੈ ਉਸ ਨੂੰ ਪਹਿਲੀ ਵਾਰ ਸਮਝ ਆਈ। ਇਸ ਪਿਛੋਂ ਕਿਸੇ ਨਵੇਂ ਮਾਸ ਦਾ ਝੱਲ ਉਹਨੂੰ ਸਾਰਾ ਦਿਨ ਚੜ੍ਹਿਆ ਰਹਿਣ ਲੱਗਿਆ। ਹਰ ਸਮੇਂ ਅੱਖਾਂ ਕਿਸੇ ਨਵੇਂ ਸ਼ਿਕਾਰ ਦੀ ਭਾਲ ਵਿਚ ਰਹਿੰਦੀਆਂ।

ਪਰ ਕਰਤਾਰੋ ਵਰਗੀ ਕਿਸੇ ਨੇ ਨਹੀਂ ਸੀ ਕੀਤੀ। ਬਹੁਤਾ ਕਹਿ ਲਏ ਤਾਂ ਸੁੰਦਰ ਦੀ ਮੀਤੋ ਨੇ ਜ਼ਰੂਰ ਉਹਨੂੰ ਥੋੜਾ ਮੋਟਾ ਤੰਗ ਕੀਤਾ ਸੀ। ਪਰ ਕਰਤਾਰੋ ਵਾਂਗ ਭੱਜ ਨਹੀਂ ਸੀ ਗਈ। ਸੁੰਦਰ ਕੋਲੇ ਦਸ ਦੂੰ....! ਸੁੰਦਰ ਕੋਲੇ ਦਸ ਦੂੰ ! ਆਖਦੀ ਰਹੀ। ਫੇਰ ਦੱਸਿਆ ਵੀ ਨਾ। ਲੈ ਜੇ ਦਸ ਦਿੰਦੀ ਮੇਰਾ ਕੀ ਫਨੂ ਪਟਦਾ। ਭੁੱਖਾ ਆਪੇ ਮਰਦਾ। ਚਾਚਾ ਆਖਦਾ ਤਾਂ ਹੁੰਦੈ, ਕੰਮੀਆਂ ਦੀਆਂ ਰੰਨਾਂ, ਸਾਡੀਆਂ ਰੰਨਾਂ। ਉਨ੍ਹਾਂ ਦੀਆਂ ਕੁੜੀਆਂ ਵੀ ਤਾਂ ਸਾਡੀਆਂ ਉਂਗਲਾਂ 'ਤੇ ਨੱਚਣੀਆਂ ਚਾਹੀਦੀਆਂ ਨੇ। ਸਾਥੋਂ ਚੰਗਾ ਉਨ੍ਹਾਂ ਨੂੰ ਹੋਰ ਮਿਲ ਵੀ ਕੌਣ ਸਕਦੈ। ਪਰ ਇਹ ਅਮਲੀ ਦੀ ਕਰਤਾਰੋ ਵੱਡੀ ਅਣਖੀਲੀ। ਅਮਲੀ ਕੋਲੇ ਆਖੂ ਜ਼ਰੂਰ। ਲੈ ਅਮਲੀ। ਹਾਂ....ਹਾਂ....।

ਪੁਰਾਣੀਆਂ ਯਾਦਾਂ ਨੇ ਉਹਦਾ ਗੁੱਸਾ ਨਿਗਲ ਲਿਆ। ਅਮਲੀ ਦੀ ਯਾਦ ਤੇ ਉਹ ਉੱਚੀ ਉੱਚੀ ਹੱਸ ਪਿਆ। ਅਮਲੀ ਜਿਸ ਦਾ ਰੋਮ ਰੋਮ ਉਸ ਦਾ ਕਰਜ਼ਾਈ ਹੈ। ਨਾ ਭੈਣ, ਨਾ ਭਰਾ, ਨਾ ਕੋਈ ਸਾਕ ਸੰਬੰਧੀ। ਪਤਾ ਨਹੀਂ ਕਿਧਰੋਂ ਝਿਊਰੀ ਕੱਢ ਕੇ ਉਸ ਦੇ ਪਿਓ ਦੀ ਸ਼ਰਨ ਆ ਲਈ। ਪਿਓ ਨੇ ਰਹਿਮ ਕੀਤਾ ਖੇਤਾਂ ਵਿਚ ਰੱਖ ਲਿਆ। ਰਹਿਮ

ਅਮਲੀ 'ਤੇ ਨਹੀਂ ਉਸ ਦੀ ਛਿਊਰੀ 'ਤੇ ਹੋਇਆ ਸੀ। ਇਹ ਗੱਲ ਲੋਕ ਹੀ ਨਹੀਂ ਕਈ ਵਾਰ ਉਸ ਦਾ ਪਿਓ ਵੀ ਆਖਿਆ ਕਰਦਾ ਸੀ। ਬਾਪੂ ਨੂੰ ਉਹਦੀ ਕਰੇਲੇ ਵਰਗੀ ਅੱਖ ਬੜੀ ਚੰਗੀ ਲੱਗਦੀ ਸੀ। ਅਮਲੀ ਬਾਪੂ ਦੀ ਮੇਹਰਬਾਨੀ ਤੇ ਪਿੰਡ ਵਸਿਆ ਸੀ ਤੇ ਉਹਦੀ ਦਿੱਤੀ ਖਾਂਦਾ ਸੀ। ਫੇਰ ਛਿਊਰੀ ਨੇ ਧੀ ਜੰਮੀ। ਅਮਲੀ ਅਫ਼ੀਮ ਨੂੰ ਮੂੰਹ ਮਾਰਨ ਲੱਗਿਆ। ਸੱਤਾਂ ਸਾਲਾਂ ਵਿਚ ਉਹ ਸੁੱਕ ਕੇ ਕਾਨਾ ਹੋ ਗਿਆ। ਗੇਲੀ ਵਰਗਾ ਸਰੀਰ ਖੁਰ ਕੇ ਢੇਰ ਹੋ ਗਿਆ। ਕੁਝ ਦੇਰ ਬਾਪੂ ਦਾ ਸਿਰ 'ਤੇ ਹੱਥ ਰਿਹਾ। ਬਾਪੂ ਬੀਮਾਰ ਪੈ ਗਿਆ। ਉਹ ਕਿਸੇ ਹੋਰ ਨਾਲ ਨਿਕਲ ਗਈ। ਛਿਊਰੀ ਦੀ ਕੁੜੀ ਨਾਲ ਬਾਪੂ ਦਾ ਕੋਈ ਮੋਹ ਜ਼ਰੂਰ ਸੀ। ਤਾਂ ਹੀ ਉਸ ਨੇ ਕੁੜੀ ਦਾ ਖ਼ਿਆਲ ਆਪਣਿਆਂ ਵਾਂਗੂੰ ਰੱਖਿਆ। ਅਮਲੀ ਨੂੰ ਜਿਸ ਖੁੱਲ੍ਹ ਦਿਲੀ ਨਾਲ ਉਹਨੇ ਦਾਣਾ ਫਕਾ ਦਿੱਤਾ ਨਹੀਂ ਕੌਣ ਦਿੰਦੇ।

ਹੁਣ ਜਦੋਂ ਉਹ ਕਿਸੇ ਕੰਮ ਆਉਣ ਜੋਗੀ ਹੋਈ ਤਾਂ ਭੱਜ ਨਿਕਲੀ ਜਿਵੇਂ ਕਿਤੇ....ਜਿਵੇਂ ਕਿਤੇ ਲਾਟ ਸਾਹਿਬ ਦੀ ਧੀ ਹੋਵੇ।

ਇਹਦੇ 'ਚ ਕੋਈ ਸ਼ੱਕ ਨਹੀਂ ਅਮਲੀ ਦੇ ਜੰਮੀ ਕਰਤਾਰੋ ਸੁਲਫੇ ਦੀ ਲਾਟ ਨਿਕਲੀ ਸੀ। ਖਰਬੂਜੇ ਵਰਗਾ ਰੰਗ ਤੇ ਮੋਟੀ ਅੱਖ ਨਿਰੀ ਛਿਊਰੀ ਦੀ ਲਗਦੀ ਤੇ ਕਸਿਆ ਤਨਿਆ ਸਰੀਰ ਅਮਲੀ ਦੀ ਜਵਾਨੀ ਵਰਗਾ। ਉਹਨੇ ਹਾਲੀ ਹਿਰਨੀ ਦੇ ਬੱਚੇ ਵਾਂਗ ਚੌਕੜੀਆਂ ਹੀ ਭਰਨੀਆਂ ਸਿੱਖੀਆਂ ਸਨ ਕਿ ਪਿੰਡ ਦੇ ਗੱਭਰੂਆਂ ਦੀਆਂ ਅੱਖਾਂ ਉਸ 'ਤੇ ਆ ਟਿਕੀਆਂ। ਪਹਿਲਾਂ ਮਾਰ ਮਾਰਨ ਦਾ ਉਨ੍ਹਾਂ ਵਿਚ ਛਿੜਿਆ ਮੁਕਾਬਲਾ ਦਿਨੋ ਦਿਨ ਜ਼ੋਰ ਫੜਦਾ ਗਿਆ। ਉਹ ਜਿਹੜੀ ਗਲੀ ਲੰਘਦੀ ਬੁੜੀਆਂ ਅੱਖ ਨਾ ਝਮਕਦੀਆਂ। ਖੇਤਾਂ ਵਿਚੋਂ ਬੱਲੇ ਬੱਲੇ ਦੀਆਂ ਅਵਾਜ਼ਾਂ ਗੂੰਜਦੀਆਂ। ਮਾੜੇ ਦੀ ਜੋਰੂ ਸਭ ਦੀ ਭਰਜਾਈ ਵਾਂਗ ਕਿਸੇ ਨੂੰ ਉਸ ਤੋਂ ਡਰ ਵੀ ਤਾਂ ਨਹੀਂ ਸੀ।

ਲੋਕਾਂ ਦੀਆਂ ਟਕੋਰਾਂ ਨੇ ਕਰਤਾਰੋ ਨੂੰ ਉਮਰੋਂ ਪਹਿਲਾਂ ਹੀ ਜਵਾਨ ਕਰ ਦਿੱਤਾ। ਉਸ ਦੀਆਂ ਅੱਖਾਂ ਵਿਚ ਸ਼ਰਮ ਭਰ ਗਈ ਤੇ ਅੰਗ ਵਿਚ ਅਜੀਬ ਜਿਹੇ ਤਨਾਅ ਆ ਗਏ। ਹਰ ਕਦਮ ਸੰਭਲ ਕੇ ਚੁੱਕਣ ਦੀ ਉਸ ਨੂੰ ਆਦਤ ਪੈ ਗਈ। ਉਮਰ ਦੇ ਪੰਦਰਵੇਂ ਸਾਲ ਵਿਚ ਉਹ ਭਰ ਜੁਆਨ ਮੁਟਿਆਰ ਸੀ।

ਜਿਧਰ ਕਰਤਾਰੋ ਦੀ ਨਿਗਾਹ ਉਠਦੀ ਤਰਲੇ ਭਰੀਆਂ ਅੱਖਾਂ ਉਸ 'ਤੇ ਟਿਕੀਆਂ ਹੁੰਦੀਆਂ। ਜਿਸ ਪਾਸੇ ਕੰਨ ਕਰਦੀ ਉਸ ਦੇ ਹੁਸਨ ਦੀਆਂ ਗੱਲਾਂ ਹੁੰਦੀਆਂ। ਕਈ ਵਾਰ ਉਹ ਡੋਲਦੀ। ਪਰ ਝੱਟ ਹੀ ਸੰਭਲ ਜਾਂਦੀ। ਕੰਮ ਨਾਲ ਫੌਲਾਦ ਬਣਿਆ ਸਰੀਰ ਕੱਸਿਆ ਜਾਂਦਾ। ਅੱਖਾਂ ਵਿਚੋਂ ਅੱਗ ਵਰਸਦੀ। ਕਿਸੇ ਦੀ ਉਸ ਅੱਗੇ ਖਲੋਣ ਦੀ ਹਿੰਮਤ ਨਾ ਪੈਂਦੀ।

ਉਸ ਦੀਆਂ ਗੱਲਾਂ ਕੰਮੀਆਂ ਦੀਆਂ ਜ਼ਬਾਨਾਂ ਤੋਂ ਤਿਲਕ ਕੇ ਸਰਦਾਰਾਂ ਦੇ ਕੰਨਾਂ ਤਕ ਅਪੜ ਗਈਆਂ। 'ਉਸ ਦਾ ਕਣ ਪਹਿਲਾਂ ਫੇਰ ਆਪਾਂ ਭੰਨਾਂਗੇ।' ਸਰਦਾਰ ਨੇ ਹਿੱਕ ਫੁਲਾ ਕੇ ਆਖਿਆ ਸੀ ਤੇ ਉਸੇ ਦਿਨ ਤੋਂ ਉਨ੍ਹਾਂ ਘੜੀਆਂ ਦੀ ਉਡੀਕ ਕਰ ਰਿਹਾ ਸੀ, ਜਦੋਂ ਕਰਤਾਰੋ ਦੀਆਂ ਅੱਖਾਂ ਨਿਵਾ ਸਕੇ। ਇਸ ਫੈਸਲੇ ਨੂੰ ਬਹੁਤੇ ਦਿਨ ਨਹੀਂ ਸੀ ਹੋਏ ਕਿ ਉਸ ਨੂੰ ਅਸਫਲਤਾ ਦੇਖਣੀ ਪਈ। ਅਸਫਲਤਾ ਜਿਸ ਦੇ ਅਰਥ ਸਰਦਾਰ ਨੂੰ ਪਹਿਲੀ ਵਾਰ ਸਮਝ ਪਏ।

'ਸ਼ਰਮ ਕਰ ਕੜਮਿਆ...ਤੇਰੀਆਂ ਭੈਣਾਂ ਅਰਗੀ ਆਂ...'

ਕਰਤਾਰੋ ਦੇ ਰੋਹ ਭਰੇ ਸ਼ਬਦ ਹੁਣ ਵੀ ਉਹਨੂੰ ਜ਼ਹਿਰਲੇ ਤੀਰਾਂ ਵਾਂਗ ਵਿੰਨ੍ਹ ਰਹੇ ਸਨ। 'ਕੁੱਤੀਏ ਜਾਤੇ...। ਤੂੰ ਭੈਣ ? ਸੋਡੀ ਜਾਤ ਸਾਡੇ ਸ਼ੁਗਲ ਲਈ ਬਣੀ ਐ। ਤੈਨੂੰ ਸਾਡੇ ਟੁੱਕਰਾਂ 'ਤੇ ਪਲ ਕੇ ਇੰਨਾ

ਘੁਮੰਡ ਨਹੀਂ ਹੋਣਾ ਚਾਹੀਦਾ। ਕਿੰਨੇ ਕੁ ਦਿਨ !' ਉਹ ਕਰਤਾਰੋ ਅੱਗੇ ਇਵੇਂ ਬੁੜਬੜਾਇਆ ਸੀ ਜਿਵੇਂ ਉਹਦਾ ਨੌਕਰ ਹੋਵੇ। ਆਪਣੀ ਇਸ ਗਿੜਗੜਾਹਟ ਤੇ ਹੁਣ ਉਸ ਨੂੰ ਸ਼ਰਮ ਆ ਰਹੀ ਸੀ। ਜੇ ਕਿਤੇ ਕੋਈ ਸੁਣ ਲੈਂਦਾ ? ਜੇ ਉਹ ਪਿੰਡ ਜਾ ਕੇ ਬਕ ਪਈ ? ਇਸ ਦਾ ਇੰਤਜ਼ਾਮ ਤਾਂ ਹੋਣਾ ਚਾਹੀਦੈ ਤੇ ਉਹ ਵੀ ਜਲਦੀ।

ਪਰ ਕਿਹੜਾ ਜਾਲ ਸੁੱਟੇ ਉਹਨੂੰ ਸਮਝ ਨਹੀਂ ਸੀ ਆ ਰਹੀ।

2

ਘੋੜੀ ਦੀ ਟਾਪ ਨਾਲ ਸਰਦਾਰ ਚੁਕੰਨਾਂ ਹੋ ਗਿਆ। ਆਪਣੀ ਉਦਾਸੀ ਨੂੰ ਛੁਪਾਉਣ ਲਈ ਮਿੰਨਾ ਮਿੰਨਾ ਮੁਸਕ੍ਰਾਉਣ ਲਗਿਆ।

ਕਿਧਰ ਗਰਕ ਗਿਆ ਸੈਂ। ਕੰਜਰ ਦਿਆ ਸੂਰਜ ਕਿਤੇ ਅੱਪੜ ਗਿਐ।'

ਸਰਦਾਰ ਨੇ ਆਪਣਾ ਨਜ਼ਲਾ ਬੰਤੇ 'ਤੇ ਝਾੜਿਆ ਜਿਹੜਾ ਸਰਦਾਰ ਨੂੰ ਦੇਖ ਕੇ ਦੂਰੋਂ ਹੀ ਘੋੜੀ ਤੋਂ ਉਤਰ ਕੇ ਪੈਦਲ ਤੁਰਨ ਲੱਗ ਪਿਆ ਸੀ।

ਸਰਦਾਰ ਦੀ ਝਿੜਕ ਦਾ ਬੰਤੇ 'ਤੇ ਕੋਈ ਅਸਰ ਨਹੀਂ ਸੀ ਹੋਇਆ। ਇਹੋ ਜਿਹੀਆਂ ਗਾਲ੍ਹਾਂ ਦੁੱਪੜਾ ਤਾਂ ਉਸ ਦਾ ਨਿੱਤ ਦਾ ਕੰਮ ਸੀ।

'ਬਾਦਸ਼ਾਹੋ ਮੈਂ ਜਾਣ ਬੁਝ ਕੇ ਹੀ ਅਟਕ ਗਿਆ ਸੀ। ਸੋਡੀਆਂ ਤੁਸੀਂ ਜਾਣੋ। ਆਪਾਂ ਬੋਲੋ ਕੀ ਲੈਣਾ ਸੀ ਸੋਡੀਆਂ ਰੰਗ ਰਲੀਆਂ ਵਿਚ ਟੰਗ ਅੜਾ ਕੇ। ਪਰ ਤੁਸੀਂ ਤਾਂ ਸਰਦਾਰ ਛਟ ਲਾਇਆ....' ਆਪਣੇ ਸੁਭਾਅ ਅਨੁਸਾਰ ਬੰਤੇ ਨੇ ਦੂਰੋਂ ਹੀ ਸਰਦਾਰ ਦੀਆਂ ਤਰੀਫਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ। ਉਸ ਦੀਆਂ ਅੱਖਾਂ ਵਿਚ ਚਮਕ ਸੀ ਜਿਹੜੀ ਕਰਤਾਰੋ ਨਾਲ ਹੋ ਰਹੇ ਜਬਰ ਜਨਾਹ ਦੇ ਦ੍ਰਿਸ਼ ਦੇਖ ਰਹੀ ਸੀ। ਇਸ ਖਿਚੋਤਾਣ ਵਿਚੋਂ ਬੰਤ ਨੂੰ ਸਵਾਦ ਆ ਰਿਹਾ ਸੀ।

'ਉਹ ਤਾਂ ਨਿਕਲ ਗਈ ਤੇਰੀ ਤਾਈ...

'ਹੂੰ....। ਮੈਂ ਵੀ ਆਖਿਆ ਇਉਂ ਫੜਾਕ ਫੜਾਕ ਬਾਹਾਂ ਕਿਵੇਂ ਮਾਰਦੀ ਐ।'

'ਤੂੰ ਦਫਾ ਹੋ ਤੇ ਕੰਮ ਕਰ। ਮੇਰੇ 'ਚ ਦਮ ਹੈ ਉਸ ਨਾਲ ਨਿਬੜਣ ਨੂੰ।'

'ਜੇ ਹੁਕਮ ਹੋਵੇ ਮੈਂ ਲਿਆ ਸੁਟਾਂ ਪੈਰਾਂ ਵਿਚ। ਕਮਲੀ ਜਾਤ ਐ ਸਾਡੀ ਬਾਦਸ਼ਾਹੋ।'

'ਪਰ ਉਹ ਤੇ...' ਸਰਦਾਰ ਦੀ ਅਵਾਜ਼ ਨਰਮ ਹੋ ਰਹੀ ਸੀ।

'ਆਹੋ ਜੀ...! ਬਲਦੇਵ ਸਹੁਰਾ ਚੂੜ੍ਹਾ। ਉਹਦੀ ਜੁੱਤੀ ਐਵੇਂ ਚਟਦੀ ਫਿਰਦੀ ਐ। ਕਿਥੇ ਤੁਸੀਂ ਪਿੰਡ ਦੇ ਸਰਦਾਰ। ਕਿਥੇ ਉਹ ਚੂੜ੍ਹਾ ਕੰਮੀ। ਐਵੇਂ ਤਾਂ ਨਹੀਂ ਜੀ ਆਖਦੇ ਤੀਵੀਂ ਦੀ ਗੁੱਤ ਪਿਛੇ ਮੱਤ ਹੁੰਦੀ ਐ। ਫੇਰ ਸਾਡੀ ਜਾਤ ਭੁੱਖੀ ਵੀ ਤਾਂ ਤਾਂਹੀ ਮਰਦੀ ਐ।'

ਸਰਦਾਰ ਉਸੇ ਤਰ੍ਹਾਂ ਅਡੋਲ ਖੜਾ ਰਿਹਾ। ਇਕ ਵਾਰ ਉਹਨੇ ਪੌਂਚਿਆਂ ਨੂੰ ਛੰਡਿਆ ਤੇ ਛਮਕ ਨੂੰ ਹਵਾ ਵਿਚ ਉਛਾਲਿਆ।

ਤੇਜੇ ਦੀ ਚੁੱਪ ਸੰਤ ਨੂੰ ਵੱਢ-ਵੱਢ ਖਾਣ ਲੱਗੀ। ਉਹ ਸੋਚ ਰਿਹਾ ਸੀ ਖਬਰੇ ਸਰਦਾਰ ਉਸ ਨੂੰ ਕਰਤਾਰੋ ਨੂੰ ਖਿੱਚ ਲਿਆਉਣ ਦੀ ਇਜਾਜਤ ਦੇ ਦੇਵੇ। ਪਿਛਲੀ ਵਾਰ ਜਦੋਂ ਉਹ ਨਿੰਮੋ ਨੂੰ ਘੜੀਸ ਕੇ ਲਿਆਇਆ ਸੀ ਇਕ ਦੋ ਵਾਰ ਨਿੰਮੋ ਦਾ ਸਰੀਰ ਉਸ ਨਾਲ ਖਿਹਾ ਸੀ ਤਾਂ ਉਹ ਸਵਾਦ ਸਵਾਦ ਹੋ ਗਿਆ ਸੀ। ਉਸ ਦੀਆਂ ਕੱਸੀਆਂ ਛਾਤੀਆਂ ਨੂੰ ਆਪਣੀ ਹਿੱਕ ਨਾਲ ਲਾ ਕੇ ਘੁੱਟਣ ਦਾ ਇਕ ਅਜੀਬ ਨਸ਼ਾ ਸੀ। ਫੇਰ ਕਰਤਾਰੋ ਤਾਂ ਕਈ ਗੁਣਾ ਕੂਲੀ ਸੀ। ਇਹੋ ਜਿਹੇ ਕਿਸੇ ਹੋਰ ਸਵਾਦਲੇ ਮੌਕੇ ਲਈ ਉਹ ਤੜਪ ਰਿਹਾ ਸੀ।

ਪਰ ਸਰਦਾਰ ਨੇ ਕੋਈ ਜਵਾਬ ਨਾ ਦਿੱਤਾ। ਬੰਤਾ ਟਿਕਟਿਕੀ ਲਾ ਕੇ ਸਰਦਾਰ ਵੱਲ ਵੇਖਦਾ ਰਿਹਾ ਜਿਹੜਾ ਹੁਣ ਉਦਾਸ ਸੀ। ਤੇ ਬਿਨਾਂ ਮਤਲਬ ਹੀ ਦਰੱਖ਼ਤ ਦੀਆਂ ਜੜ੍ਹਾਂ ਵਿਚ ਦੇਖੀ ਜਾ ਰਿਹਾ ਸੀ।

ਕਾਫ਼ੀ ਦੇਰ ਬੰਤਾ ਚੁੱਪ ਖੜਾ ਰਿਹਾ। ਸਰਦਾਰ ਨੂੰ ਦੁਬਾਰਾ ਬੁਲਾਉਣ ਦੀ ਉਹਦੀ ਹਿੰਮਤ ਨਹੀਂ ਸੀ। ''ਕਿਹੜਾ ਬਲਦੇਵ ਓਏ ?'' ਸਰਦਾਰ ਦੀ ਅਵਾਜ਼ ਰੋਣ ਵਾਲਿਆਂ ਵਰਗੀ ਸੀ।

ਬੰਤੇ ਦੇ ਚੇਹਰੇ ਦੀ ਰੰਗਤ ਇਕ ਦਮ ਬਦਲ ਗਈ। ਉਸ ਦਾ ਤੇਲ ਲਗਿਆ ਮੂੰਹ ਜਿਹੜਾ ਸੂਰਜ ਦੀਆਂ ਆਖਰੀ ਕਿਰਨਾਂ ਵਿਚ ਲਿਸ਼ਕਾਂ ਮਾਰ ਰਿਹਾ ਸੀ ਹੋਰ ਵੀ ਸੋਹਣਾ ਲਗਣ ਲਗਿਆ।

'ਲਉ ਤੁਸੀਂ ਨਹੀਂ ਜਾਣਦੇ ? ਉਹ ਚੌਧਰੀ ਦੇ ਐ ਜਿਹੜਾ ? ਸੀਤੋ ਦਾ...'

'ਪੱਕੀ ਗੱਲ ਐ।' ਕਰਤਾਰੋ ਦੀ ਬਲਦੇਵ ਨਾਲ ਜੁੜੀ ਗੱਲ ਸਰਦਾਰ ਨੂੰ ਚੰਗੀ ਨਾ ਲੱਗੀ।

'ਲੈ ਮੈਂ ਕੋਈ ਝੂਠ ਮਾਰਦੈਂ ! ਆਪ ਦੇਖੀ ਐ ਮੈਂ ਉਹਦੇ ਨਾਲ ਮਟਕ ਮਟਕ ਗੱਲਾਂ ਮਾਰਦੀ। ਇਕ ਵਾਰ ਤਾਂ ਉਰਲੇ ਬੰਨੇ ਉਸ ਦੇ ਪੱਟਾਂ 'ਤੇ ਸਿਰ ਧਰੀ ਪਈ। ਹੋਰ ਦੱਸਾਂ....' ਬੰਤਾ ਆਪਣੇ ਦਿਲ ਦੀ ਭੜਾਸ ਕੱਢਣ ਲੱਗਿਆ।

ਕਿੰਨੇ ਦਿਨਾਂ ਤੋਂ ਉਹ ਇਸ ਮੌਕੇ ਲਈ ਤਕਾ ਰਿਹਾ ਸੀ। ਇਹ ਬੋਝ ਉਸ ਦੇ ਮਨੋਂ ਲਹਿ ਰਿਹਾ ਸੀ।

'ਤੈਨੂੰ ਭੌਂਕਣ ਦੀ ਜ਼ਿਆਦਾ ਹੀ ਆਦਤ ਪੈ ਗਈ। ਕਿਤੇ ਖਲੜੀ ਨਾ ਲੁਹਾ ਬਹੀਂ।'

'ਮੈਂ ਤਾਂ ਜੀ। ਮੈਂ....। ਸੋਡੀ ਮਰਜ਼ੀ ਐ ਜੀ।'

'ਉਹ ਇਕ ਚੀਜ਼ ਐ ਚੀਜ਼। ਇਉਂ ਛੱਡਣ ਵਾਲੀ ਨਹੀਂ। ਜਾ ਤੂੰ ਦਫਾ ਹੋ। ਕਾਠੀ ਪਾ ਤੇ ਘੋੜੀ ਸ਼ਿੰਗਾਰ।' ਬੰਤੇ ਨੇ ਸਿਰ ਝੁਕਾ ਲਿਆ। ਇਕ ਇਕ ਕਦਮ ਗਿਣਦਾ ਕੋਠੇ ਵੱਲ ਨੂੰ ਤੁਰ ਪਿਆ।

ਬਲਦੇਵ ਦਾ ਨਾਂਅ ਸੁਣਦਿਆਂ ਹੀ ਸਰਦਾਰ ਦੇ ਸੱਤੀਂ ਕਪੜੀਂ ਅੱਗ ਲੱਗ ਗਈ। ਕਰਤਾਰੋ ਨੂੰ ਧੂਹ ਲਿਆਉਣਾ ਉਸ ਲਈ ਕੋਈ ਔਖਾ ਨਹੀਂ ਸੀ। ਪਰ ਉਹ ਤਾਂ ਉਸ ਨੂੰ ਸਦਾ ਲਈ ਮਾਨਣਾ ਚਾਹੁੰਦਾ ਸੀ। ਪਰ ਕਰਤਾਰੋ ਸੀ ਕਿ ਸਮਝ ਨਹੀਂ ਸੀ ਰਹੀ।

ਬਹੁਤਾ ਉਸ ਤੋਂ ਸੋਚਿਆ ਨਾ ਗਿਆ। ਇਕ ਹੋਰ ਗੰਦੀ ਗਾਲ੍ਹ ਉਹਨੇ ਬੰਤੇ ਨੂੰ ਕੱਢੀ।

'ਉਸ ਨੂੰ ਵੀ ਬੰਤੋ ਤੇ ਜੀਤੋ ਵਾਂਗ ਕਾਬੂ ਕਰਨਾ ਚਾਹੀਦੈ। ਅੱਖ ਦੇ ਇਸ਼ਾਰੇ ਹਵੇਲੀ।'

ਟਿਕ ਕੇ ਬੈਠਣਾ ਉਸ ਲਈ ਮੁਸ਼ਕਲ ਹੋ ਗਿਆ। ਉਹ ਉਠਿਆ ਤੇ ਇਸ ਨਵੀਂ ਆਈ ਸਮੱਸਿਆ ਨੂੰ ਸੁਲਝਾਉਣ ਲਈ ਖਾਲੋ ਖਾਲ ਤੁਰ ਪਿਆ।

ਉਸ ਦਾ ਸ਼ਿਕਾਰ ਕਰਤਾਰੋ। ਕਰਤਾਰੋ ਅਮਲੀ ਦੀ ਧੀ। ਅਮਲੀ ਜਿਹੜਾ ਉਹਦਾ ਕਰਜ਼ਾਈ। ਬਲਦੇਵ ਚੌਧਰੀ ਦਾ ਇਸ਼ਕ। ਚੌਧਰੀ ਜਿਸ ਨਾਲ ਪੀੜ੍ਹੀਆਂ ਦੀ ਦੁਸ਼ਮਨੀ। ਬਲਦੇਵ ਤੇ ਕਰਤਾਰੋ ਦਾ ਇਸ਼ਕ। ਕੰਮੀ ਦੀ

ਘਰਵਾਲੀ ਆਪਣੀ ਘਰਵਾਲੀ। ਇਸ ਦਾ ਮਤਲਬ ਪਹਿਲਾਂ ਬਲਦੇਵ ਆਪਣੇ ਖੇਤ ਆਵੇ। ਅਮਲੀ ਦਾ ਕੰਡਾ ਕੱਢ ਕੇ ਬਲਦੇਵ ਨਾਲ ਵਿਆਹ। ਤੇ ਬਸ ਠੀਕ ਹੈ।'

ਉਸ ਦੇ ਜ਼ਿਹਨ ਵਿਚ ਵੱਖ ਵੱਖ ਖ਼ਿਆਲ ਦੌੜਨ ਲੱਗੇ। ਕਰਤਾਰੋ ਬਲਦੇਵ ਦੀ ਰੰਨ ਹੋਈ ਤਾਂ ਸਮਝੋ ਆਪਣੀ ਰੰਨ ਹੋਈ। ਇਨ੍ਹਾਂ ਕੰਮੀਆਂ ਕੀ ਬੋਲਣੈ। ਫੇਰ ਉਸ ਦੀਆਂ ਅੱਖਾਂ ਅੱਗੇ ਛੱਜੂ ਚਮਿਆਰ ਦਾ ਚਿਹਰਾ ਆਇਆ। ਜਿਸ ਨੇ ਆਪਣੀ ਪਤਨੀ ਜੀਤੋ ਨੂੰ ਦੇਖ ਲਿਆ ਸੀ। ਫੇਰ ਵੀ ਨਾ ਗੌਲਿਆ। ਅਗਲੇ ਦਿਨ ਜਦੋਂ ਉਸ ਨੇ ਜੀਤੋ ਨੂੰ ਪੁੱਛਿਆ ਉਹ ਮੁਸਕ੍ਰਾਈ ਸੀ।

'ਉਸ ਨੇ ਕੀ ਆਖਣੈ। ਸਾਰਾ ਦਿਨ ਪੱਥਰ ਬਣਿਆ ਬਿਟ ਬਿਟ ਦੇਖਦਾ ਰਿਹਾ। ਨਾ ਕੁਸ ਬੋਲਿਆ ਨਾ ਖਾਧਾ। ਹੂੰ...ਝਾਉਂ ਜਾ....।'

ਉਸ ਦਿਨ ਉਸ ਦਾ ਸੇਰ ਖ਼ੂਨ ਵਧਿਆ। ਫੇਰ ਸੀਲੋ ਨੂੰ ਵੀ ਉਸ ਦੇ ਭਰਾ ਨੇ ਦੇਖ ਲਿਆ ਸੀ। ਬੁੜ ਬੁੜ ਜ਼ਰੂਰ ਹੋਈ ਸੀ। ਪਰ ਇਸ ਨਾਲ ਕੀ ਹੁੰਦੈ।

'ਆਖਰ ਇਹ ਬੋਲ ਵੀ ਕੀ ਸਕਦੇ ਨੇ। ਭੁੰਨ ਨਾ ਦੇਈਏ। ਅਗਾਂਹ ਕਿਹੜੇ ਖੂਹ ਵਿਚ ਡਿੱਗਣਗੇ...। ਬਹੁਤਾ ਭੱਜ ਲੈਣ ਤਾਂ ਚੌਧਰੀਆਂ ਦੇ ਖੇਤ ਤੱਕ। ਉਥੇ ਬਥੇਰੀ ਛਿੱਲ ਲਹਿੰਦੀ ਐ। ਜਾਤ ਦਾ ਉਹ ਬਾਨੀਆਂ ਜਿਹੜਾ ਮੱਖੀ ਵੀ ਨਿਚੋੜ ਲੈਂਦੇ। ਫੇਰ ਛੱਜੂ ਦੀ ਗੱਲ ਵੀ ਤਾਂ ਠੀਕ ਐ। ਕੀ ਘਸਦੈ ਨਾਲੋਂ।'

'ਬਲਦੇਵ ਨੂੰ ਲਿਆ ਪਹਿਲਾਂ ਖੇਤ। ਬਾਕੀ ਫੇਰ ਦੇਖੀ ਜਾਊ।'

'ਪਰ ਇਹ ਚੌਧਰੀ ਨਾਲ ਸਿਰ ਦਰਦੀ ਹੈ।'

ਦੇਖੀ ਜਾਉ। ਇਕ ਟੱਕਰ ਹੋਰ ਸਹੀ। ਅੱਗੇ ਕਿਹੜਾ ਕੁਝ ਹੋਇਆ ਨਹੀਂ। ਚੂਹੜੀ ਤੋਂ ਬੇਇੱਜ਼ਤੀ ਤਾਂ ਨਹੀਂ ਕਰਾ ਲੈਣੀ। ਕੱਲ ਨੂੰ ਕਿਸੇ ਹੋਰ ਦਾ ਹੀਆ ਪਊ। ਚੂਹੜੀ ਦੇ ਗੱਲ ਕਿਹੜੀ ਪਚਨੀ ਐ। ਥਾਂ ਥਾਂ ਉਲਟਦੀ ਫਿਰੂ।'

ਘੋੜੀ 'ਤੇ ਕਾਠੀ ਪਾ ਕੇ ਬੰਤਾ ਉਥੇ ਹੀ ਲੈ ਆਇਆ। ਦੂਰ ਦੂਰ ਤੱਕ ਹਨੇਰਾ ਫੈਲ ਗਿਆ ਸੀ। ਡੱਡੂਆਂ ਦੀ ਟਰਾਂ ਟਰਾਂ ਉੱਚੀ ਹੋ ਗਈ ਤੇ ਕੋਈ ਠੰਡੀ ਹਵਾ ਦਾ ਬੁਲਾ ਵੀ ਵਗਣ ਲੱਗਿਆ।

'ਤੁਸੀਂ ਉਦਾਸ ਕਿਉਂ ਹੋਏ ਫਿਰਦੇ ਹੋ। ਜਿੰਨਾ ਚਿਰ ਬੰਦਾ ਸੋਡੀ ਸੇਵਾ ਵਿਚ ਹਾਜ਼ਰ ਐ ਉਸ ਦੀ ਕੀ ਮਜ਼ਾਲ ਅ ੈ।'

ਬੰਤੇ ਨੂੰ ਸਮਝ ਨਹੀਂ ਸੀ ਆ ਰਹੀ ਉਹ ਖੁਸ਼ ਹੋਵੇ ਜਾਂ ਉਦਾਸ। ਅੱਜ ਉਸ ਨੇ ਆਪਣੀ ਚਾਲ ਚੱਲ ਦਿੱਤੀ ਸੀ। ਇਸ ਲਈ ਉਸ ਨੂੰ ਖ਼ੁਸ਼ ਹੋਣਾ ਚਾਹੀਦਾ ਸੀ। ਜੇ ਉਸ ਨੂੰ ਕਰਤਾਰੋ ਨੂੰ ਖਿੱਚ ਲਿਆਉਣ ਦਾ ਹੁਕਮ ਨਹੀਂ ਮਿਲਿਆ, ਇਸ ਵਿਚ ਨਿਰਾਸ਼ ਹੋਣ ਵਾਲੀ ਕਿਹੜੀ ਗੱਲ ਸੀ। ਇਸ ਤਰ੍ਹਾਂ ਤਾਂ ਹੋ ਸਕਦੈ ਕਰਤਾਰੋ ਨਿਰਾਸ਼ ਹੋ ਜਾਵੇ। ਜੇ ਕਰਤਾਰੋ ਵੀ ਉਸ ਹੱਥੋਂ ਨਿਕਲ ਗਈ ਮੁੜ ਉਮਰ ਭਰ ਉਹ ਛੜਾ ਹੀ ਰਹਿ ਜਾਏਗਾ। ਚਾਲੀਆਂ ਨੂੰ ਤਾਂ ਉਹ ਅੱਗੇ ਹੀ ਟਪ ਚਲਿਆ ਸੀ। ਕਰਤਾਰੋ 'ਤੇ ਉਸ ਦੀ ਕਦੋਂ ਦੀ ਅੱਖ ਸੀ। ਕਰਤਾਰੋ ਦੇ ਪਿਓ ਦਾ ਤਾਂ ਉਸ ਨੂੰ ਭੋਰਾ ਡਰ ਨਹੀਂ ਸੀ। ਪਰ ਕਰਤਾਰੋ ਦੀ ਹਾਂ ਕਦੇ ਵੀ ਉਸ ਨੂੰ ਨਸੀਬ ਨਹੀਂ ਸੀ ਹੋਈ। ਫੇਰ ਹੁਣ ਵਿਚ ਬਲਦੇਵ ਆ ਗਿਆ। ਉਸ ਦੀ ਬਣਦੀ ਰੋਟੀ ਫੇਰ ਮਾਰੀ ਗਈ। ਉਹ ਸੋਚਦਾ ਜੇ ਕਿਤੇ ਸਰਦਾਰ ਬਲਦੇਵ ਦਾ ਕੰਡਾ ਕੱਢ ਦੇਵੇ ਅਤੇ ਇਕ ਵਾਰ ਉਸ ਦੇ ਸਾਹਮਣੇ ਕਰਤਾਰੋ ਨੂੰ ਨੱਪ ਲਵੇ ਤਾਂ ਖਬਰੇ ਉਸ ਦਾ ਕੰਮ ਬਣ ਹੀ ਜਾਵੇ। ਹੁਣ ਆਪਣੀ ਜਾਣੇ ਉਸ ਨੇ ਆਪਣੀ ਗੱਲ ਉਗਲ ਦਿੱਤੀ ਸੀ।

ਸਰਦਾਰ ਘੋੜੀ ਲੈ ਕੇ ਪਿੰਡ ਨੂੰ ਤੁਰ ਪਿਆ। ਬੰਤਾ ਉਥੇ ਹੀ ਬੈਠ ਗਿਆ। ਬੰਤੇ ਨੇ ਆਪਣੇ ਮਨ ਨਾਲ ਸਮਝੌਤਾ ਕਰ ਲਿਆ ਉਸ ਨੂੰ ਖ਼ੁਸ਼ ਹੀ ਹੋਣਾ ਚਾਹੀਦੈ। ਸਰਦਾਰ ਪਿਛੋਂ ਕਰਤਾਰੋ ਕਿਸੇ ਹਾਲਤ ਵੀ ਉਸ ਤੋਂ ਭੱਜ ਨਹੀਂ ਸਕਦੀ। ਉਸ ਦੇ ਉਦਾਸ ਹੋਠਾਂ 'ਤੇ ਮੁਸਕ੍ਰਾਹਟ ਛਾ ਗਈ।

'ਕੀ ਘਟਦੈ ਤੀਵੀਂ ਦਾ...। ਲੋਕ ਮੁੱਲ ਕਿਹੜਾ ਲੈ ਕੇ ਨਹੀਂ ਆਉਂਦੇ। ਜੇ ਸਰਦਾਰ ਪਿਛੋਂ ਹੀ ਕੰਮ ਬਣ ਜਾਏ। ਘਰੇ ਟੁੱਕ ਪਕਣ ਲੱਗ ਜੇ।'

ਸੋਚਦਾ ਤੇ ਸੀਟੀਆਂ ਮਾਰਦਾ ਉਹ ਉਠਿਆ ਤੇ ਕੋਠਿਆਂ ਵੱਲ ਤੁਰ ਪਿਆ। ਉਸ ਨੂੰ ਯਕੀਨ ਹੋ ਗਿਆ ਹੁਣ ਬਹੁਤੇ ਦਿਨ ਉਹਨੂੰ ਹੱਥ ਨਹੀਂ ਫੂਕਣੇ ਪੈਣੇ।

3

ਬੇਚੈਨ ਬਲਦੇਵ ਨੇ ਪਾਸਾ ਪਰਤਿਆ। ਬਾਹਰ ਝੱਖੜ ਝੁੱਲ ਰਿਹਾ ਸੀ। ਤੇਜ਼ ਬੁਲ੍ਹਿਆਂ ਨਾਲ ਖਿੜਕੀਆਂ ਟੁੱਟ ਰਹੀਆਂ ਸਨ। ਦਰਵਾਜ਼ੇ ਦੀਆਂ ਵਿਰਲਾਂ ਵਿਚੋਂ ਉਹ ਬਾਕੀ ਰਹਿੰਦੀ ਰਾਤ ਦਾ ਜਾਇਜ਼ਾ ਲੈਣਾ ਚਾਹੁੰਦਾ ਸੀ। ਕੱਲ ਸਾਰੀ ਰਾਤ ਉਨੀਂਦਰਾ ਰਹਿਣ ਕਰਕੇ ਤੇ ਦਿਨੇ ਸਿਆੜ ਕੱਢਣ ਕਰਕੇ ਹੁਣ ਬਲਦੇਵ ਦਾ ਅੰਗ ਅੰਗ ਦਰਦ ਕਰ ਰਿਹਾ ਸੀ। ਇਹੋ ਜਿਹੇ ਘਟੀਆ ਮੌਸਮ ਵਿਚ ਉਹ ਘੇਸਲ ਵੱਟੀ ਸੌਣ ਦਾ ਯਤਨ ਕਰ ਰਿਹਾ ਸੀ। ਪਰ ਕਣੀਆਂ ਸਨ ਤੇ ਰੁਕਣ ਤਾ ਨਾਂਅ ਹੀ ਨਹੀਂ ਸੀ ਲੈ ਰਹੀਆਂ।

ਗਾਲ੍ਹਾਂ ਦੁਪੜਾਂ ਕੱਢਦਾ ਉਹ ਉਠਿਆ ਤੇ ਮੰਜੀ ਨੂੰ ਘੜੀਸਦਾ ਬਰਾਂਡੇ ਤੱਕ ਲੈ ਆਇਆ ਸੀ। ਉਸਦੀ ਢੂਹੀ ਵਿਚ ਜ਼ੋਰਾਂ ਦਾ ਦਰਦ ਸੀ। ਸਿਰਹਾਣੇ ਪਿਆ ਦੋ ਕੁ ਹੱਥ ਦਾ ਦੁੱਪਟਾ ਉਹਨੇ ਲੱਕ ਦੁਆਲੇ ਬੰਨ ਲਿਆ ਤੇ ਸੌਣ ਦਾ ਯਤਨ ਕੀਤਾ। ਪਰ ਤੇਜ਼ ਹੋਈ ਵਾਛੜ ਕਰਕੇ ਉਥੇ ਵੀ ਚੈਨ ਨਾ ਆਇਆ। ਤੇ ਅਖੀਰ ਚਿੜਦਾ ਖਿਝਦਾ ਉਹ ਕੋਠੇ ਅੰਦਰ ਅੱਪੜ ਗਿਆ ਸੀ। ਬੱਦਲਾਂ ਦੀ ਗਰਜ, ਦਰੱਖ਼ਤਾਂ ਦੀ ਸ਼ਾਂ ਸ਼ਾਂ ਤੇ ਮੀਂਹ ਨਾਲ ਚੋ ਰਹੇ ਕੋਠੇ ਦੀ ਤਿਪ ਤਿਪ ਨੇ ਉਹ ਨੂੰ ਨੀਂਦ ਵੀ ਨਾ ਆਉਣ ਦਿੱਤੀ।

ਛੱਪਰ 'ਤੇ ਡਿੱਗ ਰਹੀਆਂ ਕਣੀਆਂ ਤੋਂ ਉਸ ਨੇ ਅੰਦਾਜ਼ਾ ਲਾ ਲਿਆ ਕਣੀਆਂ ਕੁਝ ਥਮ ਚੱਲੀਆਂ ਹਨ। ਨਾਲ ਦੇ ਬਰਾਂਡੇ ਵਿਚ ਬੱਝੀ ਮੱਝ ਨੂੰ ਵੀ ਟੇਕ ਨਹੀਂ ਸੀ ਪੈ ਰਹੀ। ਉਸ ਦੀ ਅਵਾਜ਼ ਵੀ ਬਲਦੇਵ ਦੇ ਸੱਪ ਵਾਂਗ ਡੰਗ ਮਾਰ ਰਹੀ ਸੀ।

'ਕੱਲ ਨੂੰ ਸਾਰੀ ਬਰਸੀਮ ਵੱਢ ਸੁਟੀਂ। ਫੇਰ ਮੱਕੀ ਬਾਰੇ ਸੋਚਾਂਗੇ।' ਹੁਕਮ ਦੇ ਰਿਹਾ ਚੌਧਰੀ ਉਸ ਦੇ ਸਿਰਹਾਣੇ ਖੜਾ ਸੀ।

'ਹੁਣ ਮੇਰੀ ਜੁੱਤੀ ਵੱਢਦੀ ਐ ਤੇਰੀ ਬਰਸੀਮ। ਇੰਨੇ ਕਿਆਰੇ ਬਰਸੀਮ ਦੇ ਇਕੱਲਾ ਕਿਵੇਂ ਵੱਢ ਲੂੰ ਭਲਾ ਮੈਂ। ਜੇ ਆਖਿਆ ਕਿਸੇ ਹੋਰ ਨੂੰ ਨਾਲ ਭੇਜ ਦੇ ਅਖੇ ਕੱਲਾ ਥੋੜੇ ? ਫ਼ੌਜ ਤਾਂ ਨੀ ਚਾਹੀਦੀ ? ਕੋਈ ਪੁੱਛਣ ਵਾਲਾ ਹੋਵੇ ਬਈ ਪਹਿਲਾਂ ਅਸੀਂ ਤਿੰਨ ਨਹੀਂ ਸੀ ਹੁੰਦੇ। ਪਹਿਲਾਂ ਇਕ ਹਟਾ ਤਾ ਤੇ ਫੇਰ ਦੂਜਾ ਦੋ ਦਿਨਾਂ ਲਈ ਗਿਆ ਮੁੜ ਕੇ ਅੱਜ ਆਉਂਦੈ। ਇੰਨਾਂ ਕੰਮ ਇਕ ਬੰਦੇ ਤੋਂ ਕੋਈ ਨਹੀਂ ਹੁੰਦਾ। ਚਲ ਜੇ ਰੱਬ ਨੇ ਭਲੀ ਕੀਤੀ ਮੈਂ ਤਾਂ ਕੱਲ ਨੂੰ ਹੀ ਭੱਜ ਜੂੰ ਸਰਦਾਰ ਦੇ ਖੇਤ ਨੂੰ। ਲੈ ਕੱਲ ਕਿਸ ਨੂੰ ਆਈ ਹੁਣੇ ਈਂ।'

'ਕਿਵੇਂ ਛੱਡ ਜੇਂਗਾ ਖੇਤ ਭਲਿਆ ਲੋਕਾ। ਜਿਹੜਾ ਚਾਰ ਬੀਹਾਂ ਰੁਪਈਆ ਦੇਣਾ ਚੌਧਰੀਆਂ ਦਾ ਉਹ ਨੀ ਯਾਦ। ਇੰਨੀ ਰਕਮ ਤਾਂ ਤੇਰੇ ਕੋਲ ਸਾਰੀ ਉਮਰ ਨਹੀਂ ਇਕੱਠੀ ਹੋਣੀ। ਬੈਠਾ ਰਹਿ ਚੁੱਪ ਕਰਕੇ। ਇਨ੍ਹਾਂ ਦੋ ਟੁੱਕਰਾਂ ਤੋਂ ਵੀ ਜਾਏਂਗਾ।'

'ਇਹਦੀ ਲਿਖਾ ਪੜ੍ਹੀ ਕਿਹੜਾ ਹੋ ਨਹੀਂ ਸਕਦੀ। ਜੇ ਸਰਦਾਰ ਮੰਨ ਗਿਆ ਸਭ ਠੀਕ ਹੋ ਜੂ। ਖਬਰੇ ਉਹ ਆਪ ਹੀ ਦੇ ਦੇਵੇ। ਲੈ ਵਿਆਜ ਹੋਰ ਲਾ ਲੂ ਦੋ ਛਿੱਲੜ। ਸਿੰਦਰ ਕਿਆਂ ਨਾਲ ਵੀ ਇਵੇਂ ਹੋਇਆ ਸੀ। 'ਪਰ ਤੇਰਾ ਕਿਹੜਾ ਭੜੂਆ ਤੈਨੂੰ ਜ਼ਮੀਨ ਛੱਡ ਗਿਐ ਚੂਹੜੇ ਨੂੰ। ਉਸ ਦੇ ਨਾ ਤਾਂ ਫੇਰ ਵੀ ਸੀ ਦੋ ਸਿਆੜ ਜ਼ਮੀਨ ਦੇ...|

ਚਾਰ ਸੌ ਰੁਪਏ ਦੇ ਖਿਆਲ ਨੇ ਉਸ ਦੀ ਖ਼ੁਸ਼ੀ ਦਾ ਗਲਾ ਘੁੱਟ ਦਿੱਤਾ। ਸਰਦਾਰ ਦੇ ਖੇਤਾਂ ਦਾ ਖ਼ਿਆਲ ਇਕ ਸੁਪਨਾ ਬਣ ਕੇ ਉਸ ਦੀਆਂ ਅੱਖਾਂ ਵਿਚ ਲਟਕਨ ਲੱਗਿਆ। ਪਿੰਜਨੀਆਂ ਦਾ ਦਰਦ ਜਦੋਂ ਹੋਰ ਤੇਜ਼ ਹੋ ਗਿਆ। ਉਹ ਉਠ ਕੇ ਬੈਠ ਗਿਆ।

ਮੰਜੀ 'ਤੇ ਬੈਠੇ ਬਲਦੇਵ ਨੂੰ ਤਾਇਆ ਮੇਰੂ ਆਪਣੇ ਸਿਰਹਾਣੇ ਬੈਠਾ ਮਹਿਸੂਸ ਹੋ ਹਾ ਸੀ। ਕਿੰਨੇ ਚਾਅ ਨਾਲ ਆਇਆ ਸੀ ਉਹ ਜਿਵੇਂ ਬਾਦਸ਼ਾਹੀ ਦਾ ਪੈਗਾਮ ਲਿਆਇਆ ਹੋਵੇ।

'ਤੇਰੀ ਤਾਂ ਕਿਸਮਤ ਜਾਗ ਪਈ ਐ ਓਏ ਮੁੰਡਿਆ। ਕਿਧਰ ਤੁਰ ਗਿਆ ਸੀ ਤੂੰ ਰਾਤ ? ਅਖੇ ਉਹ ਇਥੇ ਗੇੜਾ ਮਾਰ ਕੇ ਗਿਆ ਸੀ। ਫੇਰ ਸਰਦਾਰ ਨੇ ਮੈਨੂੰ ਸੱਦਿਆ। ਅਖੇ ਜੇ ਮਨ ਹੋਵੇ ਆ ਜੇ ਕੰਮ ਤੇ ਮੇਰੇ ਖੇਤਾਂ ਨੂੰ।' 'ਹਛਾ ! ਪਰ ਤਾਇਆ ਉਹ ਮੇਰੇ 'ਤੇ ਕਿਵੇਂ ਦਿਆਲ ਹੋ ਗਿਆ ? ਯਕੀਨ ਜਾ ਨਹੀਂ ਆਉਂਦਾ।'

'ਜਦੋਂ ਰੱਬ ਦੀ ਮੇਹਰ ਹੋਵੇ ਆਪੇ ਕੰਮ ਬਣ ਜਾਂਦੈ| ਇਹ ਤਾਂ ਉਸ ਦਾਤੇ ਦੀ ਮਿਹਰ ਹੋ ਗਈ। ਉਹ ਤਾਂ ਪਿਛਲੀ ਵਾਰੀ ਓ ਰੱਖਣ ਨੂੰ ਫਿਰਦਾ ਸੀ ਤੈਨੂੰ। ਜਦੋਂ ਹਾੜੀ ਨੂੰ ਤੂੰ ਜਿੱਤਿਆ ਸੀ। ਇਨ੍ਹਾਂ ਦੀ ਆਪਸ 'ਚ ਸੌ ਹੁੰਦੀ ਰਹੇ। ਆਪਾਂ ਬਲ ਕੀ ਲੈਣੇ। ਕੰਮ ਕਰਨਾ ਤੇ ਢਿੱਡ ਭਰਨੇ।'

'ਕੋਈ ਰਗੜਾ ਦਗੜਾ ਨਾ ਹੋ ਜੇ| ਗਰੀਬ ਮਾਰ ਇਨ੍ਹਾਂ ਝੋਟਿਆਂ ਦੀ ਭੇੜ ਵਿਚ ਆਪਣੀ ਹੋ ਜਾਂਦੀ ਐ। ਮੇਰਾ ਦਿਲ ਜਾ ਕੰਬਦੈ।'

'ਇਧਰੋਂ ਜਾਣਾ ਨੀ ਔਖਾ। ਉਧਰੋਂ ਆਉਣਾ ਔਖਾ। ਉਧਰੋਂ ਕੋਈ ਹਿੱਲੇ ਵੀ ਕਿਉਂ ? ਸਰਕਾਰੇ ਦਰਬਾਰੇ ਪੂਰੀ ਚਲਦੀ ਐ। ਜਿਦਨ ਦਾ ਆ ਮੁੰਡੇ ਨੇ ਕੰਮ ਸਾਂਭਿਐ ਉਸ ਨੇ ਤਾਂ ਹੋਰ ਵੀ ਬਣਾ ਲਈ ਸ਼ੇਰ ਨੇ।'

ਬਲਦੇਵ ਖ਼ੁਸ਼ ਹੋਈ ਜਾ ਰਿਹਾ ਸੀ| ਸਮਝ ਨਹੀਂ ਸੀ ਆ ਰਹੀ ਮੇਰੂ ਦਾ ਕਿਵੇਂ ਧੰਨਵਾਦ ਕਰੇ। ਮੇਰੂ ਬਰਾਬਰ ਬੋਲੀ ਜਾ ਰਿਹਾ ਸੀ।

'ਸਰਦਾਰਾਂ ਦੇ ਖੇਤ ਬਾਦਸ਼ਾਹੀ ਐ ਬਾਦਸ਼ਾਹੀ। ਇਥੇ ਸਾਰਾ ਦਿਨ ਹੱਡ ਤੋੜਨੇ ਪੈਂਦੇ ਨੇ ਤੈਨੂੰ| ਉਥੇ ਬੜਾ ਰਮਾਨ ਐ। ਸਰਦਾਰ ਭਲਾ ਬੰਦੈ। ਨਾਲੇ ਕੱਲਮ ਕੱਲਾ। ਕਦੇ ਗੇੜਾ ਵਜਦੈ ਕਦੇ ਨਹੀਂ, ਇਥੇ ਡਾਰ ਐ। ਇਕ ਨਾ ਅੱਧਾ ਖੜਾ ਰਹਿੰਦੈ। ਨਾਲੇ ਬਾਨੀਏ ਦੀ ਜਾਤ ਐ। ਉਹ ਫੇਰ ਸਰਦਾਰ। ਛੱਡ ਖਹਿੜਾ। ਬਹੁਤਾ ਸੋਚੀ ਨਾ ਜਾਈਂ। ਆ ਜੀਂ ਆਥਣ ਨੂੰ ਕਰਾ ਦੂੰ ਗੱਲ।'

ਮੇਰੂ ਨੂੰ ਬਲਦੇਵ ਹਮੇਸ਼ਾ ਪਿਓਆਂ ਵਾਂਗ ਸਮਝਦਾ ਆ ਰਿਹਾ ਸੀ। ਮੇਰੂ ਜਿੰਨਾ ਉਸ ਸਮੇਂ ਖ਼ੁਸ਼ ਸੀ ਇੰਨਾ ਸ਼ਾਇਦ ਉਸ ਦਾ ਪਿਓ ਵੀ ਨਾ ਹੁੰਦਾ। ਮੇਰੂ ਨੇ ਵੀ ਕਦੇ ਬਲਦੇਵ ਨੂੰ ਉਹਦੇ ਪਿਓ ਦੀ ਅਣਹੋਂਦ ਮਹਿਸੂਸ ਨਹੀਂ ਸੀ ਹੋਣ ਦਿੱਤੀ।

ਕੰਡਾ ਚੁਭੇ ਤੋਂ ਭੱਜਿਆ ਆਉਂਦਾ। ਬਲਦੇਵ ਦੇ ਪਿਉ ਨਾਲ ਕੀਤਾ ਕੌਲ ਉਹ ਆਪਣੇ ਆਖ਼ਰੀ ਦਿਨਾਂ ਤੱਕ ਨਿਭਾਉਂਦਾ ਚਲਿਆ ਆ ਰਿਹਾ ਸੀ। ਉਨ੍ਹਾਂ ਦੀ ਦੋਸਤੀ ਵੀ ਕਿਹੜਾ ਘੱਟ ਸੀ। ਸਾਰੇ ਪਿੰਡ 'ਚ ਮਸ਼ਹੂਰ ਸੀ। ਜਿਥੇ ਜਾਣਾ ਕੱਠੇ। ਖਾਣਾ ਪੀਣਾ ਤਾਂ ਕੱਠੇ। ਉਸ ਦਿਨ ਵੀ ਇਕੱਠੇ ਜਦੋਂ ਪਾਣੀ ਲਾਉਂਦੇ ਬਲਦੇਵ ਦੇ ਪਿਓ ਨੂੰ ਸੱਪ ਨੇ ਡਸਿਆ ਸੀ। ਮੇਰੂ ਦੀ ਇਕ ਜਾਨ ਨਾ ਨਿਕਲੀ ਦੁੱਖ ਲਾਉਣ ਦੀ ਉਹਨੇ ਕੋਈ ਕਸਰ ਨਾ ਛੱਡੀ। ਕੌਣ ਬਿਗਾਨੇ ਪੁੱਤ ਨੂੰ ਰੋਂਦੈ। ਪਰ ਉਸ ਨੇ ਹੰਝੂ ਵਹਾ ਵਹਾ ਅੱਖਾਂ ਗੁਆ ਲਈਆਂ ਸਨ। ਮਰਨ ਲੱਗੇ ਬਲਦੇਵ ਦੇ ਪਿਓ ਨੇ ਆਖਿਆ ਸੀ, ''ਲੈ ਮੇਰ ਸਿਆਂ ਮੇਰਾ ਤਾਂ ਅੰਨ ਪਾਣੀ ਮੁਕ ਗਿਆ। ਆ ਮੇਰੇ ਜਵਾਕਾਂ ਨੂੰ ਆਪਣੇ ਕਰਕੇ ਜਾਣੀ।' ਉਸੇ ਦਿਨ ਤੋਂ ਉਹ ਆਪਣੇ ਜਾਣਦੇ ਚਲਿਆ ਆ ਰਿਹਾ ਸੀ। ਹੋਰ ਉਸ ਦਾ ਹੈ ਵੀ ਕੌਣ ਸੀ। ਜਦੋਂ ਬਲਦੇਵ ਡੰਗਰਾਂ ਪਿੱਛੇ ਜਾਣ ਜੋਗਾ ਹੋਇਆ, ਉਸੇ ਦਿਨ ਉਹਨੇ ਆਪ ਮਿੰਨਤਾਂ ਕਰਕੇ ਉਸ ਨੂੰ ਕੰਮ ਦਿਵਾਇਆ। ਜੇ ਉਹ ਵਿਚ ਨਾ ਪੈਂਦਾ ਬਲਦੇਵ ਦੀ ਭੈਣ ਦਾ ਰਿਸ਼ਤਾ ਵੀ ਸਿਰੇ ਨਾ ਚੜ੍ਹਦਾ। ਬਲਦੇਵ ਦੇ ਵਿਆਹ ਲਈ ਵੀ ਉਹ ਸਿਰ ਤੋੜ ਮੇਹਨਤ ਕਰ ਰਿਹਾ ਸੀ। ਫੇਰ ਸਰਦਾਰ ਦੀ ਗੱਲ ਸੁਣ ਕੇ ਵੀ ਉਹਨੇ ਪੈਰ ਜੁੱਤੀ ਨੀ ਪਾਈ। ਉਸ ਦਾ ਚੜ੍ਹਿਆ ਸਾਹ ਦੱਸਦਾ ਸੀ ਉਹ ਜਿਵੇਂ ਸੀ ਭੱਜ ਆਇਆ ਸੀ।

ਤੇਜ਼ ਬੁੱਲੇ ਨੇ ਸਾਰੇ ਜ਼ੋਰ ਦਾ ਖਿੜਕੀ ਨੂੰ ਝਟਕਾ ਦਿੱਤਾ। ਬਿਜਲੀ ਚਮਕੀ ਤੇ ਉਸ ਦੇ ਉਦਾਸ ਚਿਹਰੇ 'ਤੇ ਫੈਲ ਕੇ ਫੇਰ ਅਲੋਪ ਹੋ ਗਈ। ਕੁਝ ਦੇਰ ਉਸ ਦੇ ਖਿਆਲ ਰੁਕੇ। ਪਰ ਝਟ ਬਾਅਦ ਉਹ ਆਪਣੇ ਤਾਏ ਦੀ ਹੋਂਦ ਮਹਿਸੂਸ ਕਰਕੇ ਗੱਲਾਂ ਕਰਨ ਲੱਗਿਆ।

'ਪਰ ਤਾਇਆ ਚੌਧਰੀ ਮੇਰਾ ਖਹਿੜਾ ਕਿਵੇਂ ਛੱਡੂ ? ਮੈਂ ਤਾਂ ਹੱਥ ਵਢਾਈ ਬੈਠਾਂ....। ਰੁਪਈਆ ਚਾਰ ਸੌ ਦੇਣਾ ਉਹਦਾ।'

'ਕੀ ਆਖਣੈ ਤੂੰ ਓਏ ਮੁੰਡਿਆ। ਚਾਰ ਸੌ ? ਤੈਨੂੰ ਕੀ ਲੋੜ ਪੈ ਗਈ ਸੀ ਬਈ ?' ਤਾਏ 'ਤੇ ਜਿਵੇਂ ਪਹਾੜ ਗਿਰਿਆ। ਉਹਦਾ ਝੁਰੜੀਆਂ ਭਰਿਆ ਮੂੰਹ ਅੱਡਿਆ ਰਹਿ ਗਿਆ।

'ਕੁੜੀ ਦਾ ਵਿਆਹ ਹੋਰ ਕਿਥੋਂ ਹੋ ਗਿਆ ਸੀ ? ਬਾਪੂ ਮਰੇ ਨੂੰ ਤਾਂ ਵਰ੍ਹੇ ਹੋ ਗਏ।'

'ਸਿਧਰਿਆ ਉਦਣ ਦੀ ਤੂੰ ਮੇਰੇ ਕੰਨਾਂ ਥਾਨੀ ਵੀ ਨਾ ਕੱਢੀ। ਇਹ ਤੂੰ ਬੁਰਾ ਕੀਤਾ। ਮੇਰੇ ਨਾਲ ਗਦਾਰੀ ਕੀਤੀ ਐ। ਬਲਦੇਵ ਤੂੰ ਚੰਗਾ ਨਹੀਂ ਕੀਤਾ। ਤੇਰੇ ਪਿਓ ਨੂੰ ਮੈਂ ਕੀ ਜਵਾਬ ਦਿਉਂ ?' ਤਾਏ ਦੀਆਂ ਗਿੱਡ ਵਾਲੀਆਂ ਅੱਖਾਂ ਅੰਦਰ ਧਸ ਗਈਆਂ। ਗੱਲਾਂ ਕਰਦਾ ਕਰਦਾ ਉਹ ਰੁਕ ਗਿਆ। ਮੋਢੇ 'ਤੇ ਰੱਖੇ ਸਾਫੇ ਨਾਲ ਉਹਨੇ ਅੱਖਾਂ ਵਿਚੋਂ ਟਪਕੇ ਅੱਥਰੂ ਪੂੰਝੇ।

'ਤੂੰ ਸਿਆਣੈ ਤਾਇਆ। ਅਗਾਂਹ ਆਪਣਾ ਵੀ ਦੇਖਣਾ ਸੀ। ਜੇ ਰੌਲਾ ਪੈ ਜਾਏ ਮੈਨੂੰ ਕੌਣ ਕਰਦਾ।' ਬਲਦੇਵ ਨੂੰ ਕੁੜੀਆਂ ਵਾਂਗ ਸ਼ਰਮ ਆ ਗਈ ਤੇ ਉਹ ਚੁੱਪ ਕਰ ਗਿਆ।

'ਤੂੰ ਮੈਨੂੰ ਆਪਣਾ ਨਾ ਸਮਝਿਆ। ਮੈਂ ਕਿਤੇ ਦੱਸਣ ਚਲਿਆ ਸੀ ਕਿਸੇ ਨੂੰ। ਫੇਰ ਤਾਂ ਤੇਰਾ ਕੰਮ ਬਣਨਾ ਔਖਾ। ਚਾਰ ਸੌ ਕੋਈ ਮਾੜੀ ਮੋਟੀ ਰਕਮ ਐ ? ਇਹਦਾ ਕੀ ਬਣੂ ?'

ਉਦਾਸ ਹੋਇਆ ਤਾਇਆ ਕਾਫੀ ਦੇਰ ਚੁੱਪ ਬੈਠ ਰਿਹਾ। ਉਸ ਦੇ ਦਿਲ ਨੂੰ ਖਾਸੀ ਠੇਸ ਲੱਗੀ ਸੀ। ਉਸ ਦੇ ਚਿਹਰੇ ਦੀ ਪਿਲੱਤਨ ਦੇਖ ਕੇ ਬਲਦੇਵ ਦੀ ਵੀ ਅੱਗੇ ਗੱਲ ਤੋਰਨ ਦੀ ਹਿੰਮਤ ਨਾ ਪਈ।

'ਤੂੰ ਘਬਰਾ ਨਾ ਓਏ ਮੁੰਡਿਆ। ਗੱਲ ਮੈਂ ਫੇਰ ਵੀ ਕਰੂੰ। ਉਹ ਬੰਦਾ ਭਲੈ। ਸੈਦ ਮੰਨ ਜੇ। ਜੇ ਕੋਈ ਗੱਲ ਬਣ ਗਈ ਮੈਂ ਕੱਲ੍ਹ ਨੂੰ ਦਸੂੰ।' ਜਾਣ ਲੱਗੇ ਤਾਏ ਨੇ ਇਹ ਆਖਿਆ ਜ਼ਰੂਰ ਸੀ। ਪਰ ਬਲਦੇਵ ਨੂੰ ਯਕੀਨ ਸੀ ਇਨ੍ਹਾਂ ਵਿਚ ਕੋਈ ਸਾਹ ਸਤ ਨਹੀਂ ਸੀ।

'ਸਰਦਾਰ ਦੇ ਖੇਤਾਂ 'ਚ ਬਾਦਸ਼ਾਹੀ ਐ।

'ਇਹ ਤਾਂ ਫੇਰ ਔਖਾ ਐ...ਚਾਰ ਸੌ ਦਾ ਕੀ ਬਣੂ ?'

'ਕੱਲ੍ਹ ਨੂੰ ਸਾਰੀ ਬਰਸੀਮ ਦਾ ਫਾਹਾ ਵੱਢ ਸੁਟੀਂ...।'

ਮੰਜੀ 'ਚ ਬੈਠੇ ਬਲਦੇਵ ਦੇ ਦਿਮਾਗ਼ ਵਿਚ ਵੱਖੋ ਵੱਖਰੇ ਖ਼ਿਆਲ ਹਥੌੜਿਆਂ ਵਾਂਗ ਵੱਜ ਰਹੇ ਸਨ। 'ਸਰਦਾਰ ਦੇ ਖੇਤ ਬਾਦਸ਼ਾਹੀ ਐ। ਨਾ ਕੋਈ ਬਹੁਤਾ ਕੰਮ ਨਾ ਕਾਰ। ਢਿੱਡ ਭਰ ਕੇ ਖਾਣ ਨੂੰ ਮਿਲਦੈ। ਇਕ ਖੇਤ 'ਚ ਵੀਹ ਵੀਹ ਬੰਦੇ ਫਿਰਦੇ ਨੇ। ਫੇਰ ਜਦੋਂ ਦਾ ਕੰਮ ਤੇਜੇ ਦੇ ਹੱਥ ਆਇਆ ਗੱਲਾਂ ਹੋਰ ਹੀ ਹੋ ਗਈਆਂ ਨੇ। ਬੰਤਾ ਤਾਂ ਘੋੜੀ ਤੋਂ ਪੈਰ ਨਹੀਂ ਲਾਹੁੰਦਾ ਜਿਵੇਂ ਪਿਓ ਵਾਲੀ ਹੋਵੇ। ਪਿਛਲੀ ਲੋਹੜੀ ਨੂੰ ਸ਼ਰਾਬ ਦੀ ਭੱਠੀ ਚਲੀ ਸੀ। ਸਭ ਨੇ ਰੱਜ ਰੱਜ ਪੀਤੀ। ਵਾਢੀਆਂ ਵੇਲੇ ਦੀਨੇ ਨੂੰ ਪੰਸੇਰੀ ਘਿਓ ਮਿਲਿਆ ਸੀ। ਇਥੇ ਗਾਲ੍ਹਾਂ ਦੁਪੜਾਂ ਤੇ ਕੰਮ ਹੀ ਕੰਮ। ਇਧਰੋਂ ਕੋਈ ਆਇਆ ਕੱਖ ਕੁਤਰ, ਇਧਰੋਂ ਆਇਆ ਡੰਗਰਾਂ ਨੂੰ ਪਾਣੀ ਪਿਆ। ਸਿਆੜ ਕੱਢ, ਗੋਡੀ ਕਰ। ਇਹ ਕਰ ਉਹ ਕਰ ਤੇ ਹੱਥ ਛਾੜਦੇ ਦਾ ਦਿਲ ਘਟਦੈ। ਵੀਹ ਦਿਨ ਹੋ ਗਏ ਆਖਦੇ ਨੂੰ ਮੇਰਾ ਝੱਗਾ ਫਟ ਗਿਆ। ਕੰਨ 'ਤੇ ਜੂੰ ਨਹੀਂ ਸਰਕਦੀ। ਆਂਡੇ ਤਾਂ ਨੀ ਫੁਟੇ ਹੋਏ। ਦਾਣੇ ਫਕੇ ਵੇਲੇ ਅੜ ਅੜਾਈ।'

'ਜੇ ਕਿਤੇ ਇਥੋਂ ਖਹਿੜਾ ਛੁਟ ਜੇ....।' ਇਕ ਵਾਰ ਫੇਰ ਉਸ ਨੇ ਹਉਕਾ ਲਿਆ।

ਭੁੱਖੀ ਗਊ ਨੇ ਕਿੱਲਾ ਤੁੜਾ ਲਿਆ ਸੀ। ਰੰਭਦੀ ਉਹ ਇਧਰ ਉਧਰ ਘੁੰਮ ਰਹੀ ਸੀ।

'ਖੁਲ੍ਹੀ ਫਿਰਦੀ ਐ, ਫਿਰਦੀ ਰਹੇ। ਮੈਂ ਕੀ ਕਰਾਂ ?' ਉਹ ਬਗਾਵਤ ਕਰਨਾ ਚਾਹੁੰਦਾ ਸੀ।

'ਕੰਜਰ ਦੀ ਪਤਾ ਨਹੀਂ ਕਿਧਰ ਨੂੰ ਨਿਕਲ ਜੇ। ਸਵੇਰ ਨੂੰ ਫੇਰ ਫਾਹਾ ਖੜਾ ਕਰਾ ਦਿਉ। ਪਿਛਲੀ ਵਾਰੀ ਬਹਿੜੇ ਪਿੱਛੇ ਕਿੰਨੇ ਕੋਹ ਭੱਜਣਾ ਪਿਆ।' ਨਵੇਂ ਖ਼ਿਆਲਾਂ ਨੇ ਉਹਦੇ ਪੁਰਾਣੇ ਖ਼ਿਆਲ ਦਬੋਚ ਲਏ।

ਅਖੀਰ ਉਹ ਉਠਿਆ, ਅੰਗੜਾਈ ਲਈ ਤੇ ਖੁਲ੍ਹੇ ਕੇਸਾਂ ਦਾ ਜੂੜਾ ਕਰਦਾ ਗਊ ਪਿੱਛੇ ਤੁਰ ਪਿਆ।

'ਸਿਧਰਿਆ ਤੇਰੇ ਕਰਮਾਂ 'ਚ ਰਮਾਨ ਕਿਥੇ ਐ...। ਰਮਾਨ....ਲਿਖਿਆ ਹੁੰਦਾ ਚੂਹੜੇ ਦੇ ਘਰ ਕਾਹਤੋਂ ਜੰਮਦਾ....। ਰਮਾਨ ਲਿਖਿਆ ਹੁੰਦਾ ਪਿਓ ਕਾਹਤੋਂ ਮਰਦਾ ਜੰਮਦੇ ਦਾ...ਤੇ ਕਰਜ਼ਾ ਕਿਉਂ ਚੜ੍ਹਦਾ ਤੇਰੇ ਸਿਰ। ਇਥੇ ਹੀ ਨਿਕਲਣਗੇ ਤੇਰੇ ਵੀ ਪਿਉ ਦਾਦਿਆਂ ਵਾਂਗ ਪ੍ਰਾਣ।' ਗਊ ਦਾ ਕਿੱਲਾ ਗੱਡਦਾ ਬਲਦੇਵ ਮੁੜ ਆਪਣੇ ਨਾਲ ਸਮਝੌਤਾ ਕਰਨ ਲੱਗਿਆ।

ਗਊ ਕਿੱਲੀ ਨਾਲ ਬੰਨ੍ਹ ਕੇ ਉਹਨੇ ਅਸਮਾਨ ਵੱਲ ਤਕਿਆ। ਰੰਗ ਬਰੰਗੇ ਬੱਦਲ ਆਪਸ ਵਿਚ ਘੁਲ ਮਿਲ ਰਹੇ ਸਨ। ਹਨੇਰਾ ਅਲੋਪ ਹੁੰਦਾ ਜਾ ਰਿਹਾ ਸੀ।

'ਜੇ ਮੀਂਹ ਪੈਣ ਲੱਗ ਪਿਆ ਤਾਂ ਬਰਸੀਮ ਵੱਢਣੀ ਔਖੀ ਹੋ ਜੂ। ਅੱਜ ਤਾਂ ਕੱਖਾਂ ਦਾ ਡਕਾ ਵੀ ਨਹੀਂ। ਇਡੇ ਵੱਗ ਨੂੰ ਕਿਹੜਾ ਥੋੜੇ ਮੋਟੇ ਨਾਲ ਸਰ ਜੂ। ਥੋੜੇ ਘਣੇ ਤਾਂ ਵੱਢਣੇ ਹੀ ਪੈਣੇ ਨੇ।'

ਥੱਕੇ ਕਦਮ ਪੁੱਟਦਾ ਉਹ ਕੋਠੇ ਵਿਚ ਆ ਗਿਆ। ਪਾਣੀ ਵਾਲੇ ਤਪਲੇ ਨੂੰ ਮੂੰਹ ਲਾ ਕੇ ਕਿੰਨਾ ਹੀ ਚਿਰ ਗਟ ਗਟ ਕਰਦਾ ਰਿਹਾ। ਫੇਰ ਲੱਕ ਨਾਲ ਲਪੇਟਿਆ ਦੁਪੱਟਾ ਲਾਹ ਕੇ ਸਿਰ 'ਤੇ ਲਪੇਟ ਲਿਆ ਤੇ ਦਾਤੀ ਚੁੱਕ ਕੇ ਬਰਸੀਮ ਨੂੰ ਹੋ ਲਿਆ।

4

ਜਿੰਨਾਂ ਚਿਰ ਮੌਸਮ ਠੰਢਾ ਰਿਹਾ ਉਹ ਕੰਮ ਕਰਦਾ ਰਿਹਾ। ਅਚਾਨਕ ਹਵਾ ਰੁਕੀ, ਬੱਦਲ ਖਿੰਡ ਗਏ ਤੇ ਸੂਰਜ ਤਿੱਖੀਆਂ ਕਿਰਨਾਂ ਨਾਲ ਸਰੀਰ ਸਾੜਨ ਲੱਗਿਆ। ਬਲਦੇਵ ਦੇ ਕਾਲੇ ਚਿਹਰੇ 'ਤੇ ਪਸੀਨੇ ਦੀਆਂ ਬੂੰਦਾਂ ਫੁੱਟ ਪਈਆਂ।

ਉਹਦਾ ਮਨ ਕੰਮ ਵਿਚ ਗੁਡ ਨਹੀਂ ਸੀ ਰਿਹਾ। ਬਿੰਦੇ ਝਟੇ ਉਹ ਪਹੇ ਵੱਲ ਤਕਦਾ। ਭੋਰਾ ਜਿੰਨੀ ਆਹਟ ਹੁੰਦੀ ਉਹਨੂੰ ਤਾਏ ਦੇ ਝਉਲੇ ਪੈਂਦੇ। ਜਿਉਂ ਜਿਉਂ ਦਿਨ ਚੜ੍ਹਦਾ ਗਿਆ ਉਸ ਦੀ ਨਿਰਾਸ਼ਤਾ ਵਧਦੀ ਗਈ। ਤਾਇਆ, ਉਸ ਨੂੰ ਪਤਾ ਸੀ ਠਹਿਰਣ ਵਾਲਾ ਨਹੀਂ। ਸੂਰਜ ਸਿਰ 'ਤੇ ਅਪੜ ਗਿਆ ਸੀ ਪਰ ਹਾਲੀ ਤੱਕ ਲੱਸੀ ਦਾ ਬੁੱਕ ਤਕ ਵੀ ਨਹੀਂ ਸੀ ਆਇਆ।

ਪਸੀਨੇ ਨਾਲ ਗੱਚ ਹੋਇਆ ਕੁੜਤਾ ਜਦੋਂ ਉਹਦੇ ਸਰੀਰ ਨਾਲ ਚਿੰਬੜ ਗਿਆ ਉਸ ਨੂੰ ਬੜੀ ਖਿਝ ਆਈ। ਮੱਥੇ ਤੋਂ ਵਹਿ ਰਿਹਾ ਪਸੀਨਾ ਲਗਾਤਾਰ ਉਹਦੀ ਖਰਬੜੀ ਦਾੜ੍ਹੀ ਵਿਚ ਗੁਆਚਦਾ ਜਾ ਰਿਹਾ ਸੀ। ''ਭੁੱਖਿਆਂ ਕਦੇ ਕੰਮ ਨਹੀਂ ਹੁੰਦੇ ਮੇਰੇ ਢਿੱਡ ਦੀਆਂ ਤਾਂ ਕੋਕੜਾਂ ਹੋ ਗਈਆਂ। ਉਹਦੀ ਮਾਂ...। ਕੰਮ...' ਆਪਣੀ ਆਦਤ ਅਨੁਸਾਰ ਬਲਦੇਵ ਨੇ ਧਰਤੀ ਵਿਚ ਦਾਤੀ ਗੱਡੀ ਤੇ ਸੱਜੇ ਹੱਥ ਨਾਲ ਪਸੀਨਾ ਪੂੰਝਦਾ ਉੱਠ ਖੜਿਆ।

ਕੁੜਤਾ ਨਚੋੜਿਆ, ਸਿਰੋਂ ਦੁਪੱਟਾ ਲਾਹ ਕੇ ਹੱਥ ਪੈਰ ਝਾੜੇ ਤੇ ਹਉਂਕਦਾ ਟਾਹਲੀ ਹੇਠਾਂ ਜਾ ਬੈਠਾ। ਅੱਧੇ ਤੋਂ ਜ਼ਿਆਦਾ ਕੰਮ ਉਹ ਨਬੇੜੀ ਬੈਠਾ ਸੀ। ਪਰ ਬਾਕੀ ਰਹਿੰਦੇ ਕੰਮ ਦਾ ਫ਼ਿਕਰ ਉਸ ਨੂੰ ਡੱਸ ਰਿਹਾ ਸੀ।

ਚੌਧਰੀਆਂ ਦੀਆਂ ਗਾਲ੍ਹਾਂ ਉਹਦੇ ਜ਼ਿਹਨ ਵਿਚ ਵਿਚ ਘੁੰਮ ਰਹੀਆਂ ਸਨ।

'ਆਪਾਂ ਤਾਂ ਹੁਣ ਦੁਪਹਿਰ ਢਾਲ ਕੇ ਲਗਾਂਗੇ| ਦੇਖੀ ਜਾਊ ਜਿਹੜੀ ਬਣੂ। ਪਰਸੋਂ ਦਾ ਕੋਹਲੂ ਵਾਂਗ ਜੁੜਿਆ ਹੋਇਆਂ। ਅੱਗੇ ਕਿਹੜਾ ਗਲ ਹਾਰ ਪੈਂਦੇ ਨੇ। ਗਾਲ੍ਹਾਂ ਹੀ ਦਿਊ। ਦੇਈ ਜਾਵੇ ਕੀ ਫਰਕ ਪੈਂਦਾ।' ਆਪਣੇ ਮਨ ਨਾਲ ਫੈਸਲਾ ਕਰਕੇ ਉਠਿਆ। ਟਾਹਲੀ ਦੀ ਛਾਂ ਅਰਾਮ ਲਈ ਕਾਫੀ ਨਹੀਂ ਸੀ। ਉਹ ਕੋਠਿਆਂ ਵਿਚ ਜਾ ਪਿਆ।

ਹੁਦ ਤਾਂ ਖਾਸਾ ਮਾੜਾ ਹੋ ਗਿਆ। ਥੋੜੇ ਜੇ ਕੰਮ ਨਾਲ ਈ ਹੱਡ ਟੁੱਟ ਜਾਂਦੇ ਨੇ' ਮੰਜੀ 'ਚ ਪਏ ਬਲਦੇਵ ਨੂੰ ਸੋਚਾਂ ਨੇ ਘੇਰਨਾ ਸ਼ੁਰੂ ਕਰ ਦਿੱਤਾ, ਹਾਲੇ ਪਿਛਲੇ ਸਾਲ ਕਿੰਨਾ ਨਰੋਇਆ ਸੀ ਮੈਂ। ਜਾਂ ਫੇਰ ਦੋ ਪੰਸੇਰੀਆਂ ਖਾਧੇ ਘਿਉ ਦਾ ਅਸਰ ਹੋਣੈ ਸ਼ੈਦ। ਐਤਕੀਂ ਕਿਹੜਾ ਮੈਂ ਹਾਰਦਾ। ਜੇ ਕਿਤੇ ਹੱਥ ਵਿਚ ਛਿਲਤ ਨਾ ਵੱਜਦੀ। ਰੱਬ ਕਦੇ ਕਦੇ ਉਈਂ ਵੈਰੀ ਹੋ ਜਾਂਦੈ। ਪਿਛਲੀ ਵਾਰੀ ਮੈਂ ਜਿੱਤ ਹੀ ਗਿਆ ਸੀ| ਜੀਤਾ ਤਿੰਨ ਕਦਮ ਪਿੱਛੇ ਰਹਿ ਗਿਆ ਸੀ। ਲੋਕਾਂ ਨੇ ਦੋ ਪੰਸੇਰੀਆਂ ਘਿਉ ਦਿੱਤਾ। ਜੀਤਾ ਤਿੰਨ ਕਦਮ ਪਿੱਛੇ ਰਹਿ ਗਿਆ ਸੀ। ਲੋਕਾਂ ਨੇ ਦੋ ਪੰਸੇਰੀਆਂ ਘਿਉ ਦਿੱਤਾ।

ਹੁਣ ਵੀ ਤਾਂ ਮੈਂ ਸਾਰਾ ਹੱਥ ਕੁ ਪਿੱਛੇ ਰਹਿ ਗਿਆ ਸੀ| ਸਰਦਾਰ ਦੀ ਮੇਹਰਬਾਨੀ ਦੇਖ ਲਉ। ਦੋ ਸੇਰ ਘਿਉ ਘੱਲ ਤਾ ਅਖੇ ਮੁੰਡਾ ਜਿਤਿਆਂ ਵਰਗਾ ਸੀ ਪਰ ਉਹ ਦੋ ਸੇਰ ਕਿਹੜਾ ਕੰਮ ਆਇਆ। ਮਾਂ ਨੇ ਚੁੱਕ ਕੇ ਕੁੜੀ ਦੇ ਸੌਹਰੇ ਘੱਲ ਤਾ। ਉਹਦੇ ਕੁੜੀ ਹੋਈ ਸੀ। ਜੇ ਕਿਤੇ ਸਰਦਾਰ ਦੇ ਚਲਿਆ ਗਿਆ ਇਹ ਤਾਂ ਮੌਜ ਹੋ ਜੂ। ਉਹ ਤਾਂ ਕੁਸ ਨਾ ਕੁਸ ਕਰਦਾ ਹੀ ਰਹਿੰਦੈ। ਲੋਹੜੀ ਨੂੰ ਘੋਲ ਕਰਾਏ। ਹਾੜ੍ਹੀ 'ਚ ਵਾਢੀ ਵੇਲੇ ਤਾਂ ਇਨਾਮ ਦਿੱਤਾ। ਫੇਰ ਗੱਡਿਆਂ ਦੀ ਦੌੜ, ਕਦੇ ਊਠਾਂ ਦੀ ਦੌੜ। ਕਿੰਨੇ ਕਿੰਨੇ ਇਨਾਮ ਦਿੰਦੈ।

ਜਿਉਂ ਜਿਉਂ ਬਲਦੇਵ ਸੋਚਦਾ ਗਿਆ ਨੀਂਦ ਉਸ ਤੇ ਭਾਰੂ ਹੁੰਦੀ ਗਈ। ਵਾਰ ਵਾਰ ਉਹ ਨਾ ਸੌਣ ਦੇ ਯਤਨ ਕਰਦਾ। ਅੱਖਾਂ ਮਿਚਦੀਆਂ। ਉਹ ਝਟ ਖੋਲ ਲੈਂਦਾ। ਜੇ ਉਹ ਸੌਂ ਗਿਆ ਮੁੜ ਕਈ ਘੰਟੇ ਉਠ ਨਹੀਂ ਸਕਣਾ।

ਜੇ ਨਾ ਉਠਿਆ ਕੰਮ ਵਿਚੇ ਰਹਿ ਜਾਣਾ ਸੀ।

ਪਰ ਉਹ ਰਾਤਾਂ ਦਾ ਉਂਘਾਇਆ ਸੀ। ਹੌਲੀ ਹੌਲੀ ਨੀਂਦ ਦਾ ਨਸ਼ਾ ਉਹਦੇ ਅੰਗ ਅੰਗ ਨੂੰ ਚੜ੍ਹ ਗਿਆ। ਤੇ ਮਜਬੂਰ ਹੋ ਕੇ ਉਹ ਸੌਂ ਹੀ ਗਿਆ।

5

ਕਰਤਾਰੋ ਉਦਾਸ ਸੀ। ਬਲਦੇਵ ਨੂੰ ਮਿਲਿਆਂ ਕਈ ਦਿਨ ਬੀਤ ਗਏ ਸਨ। ਫੇਰ ਜੋ ਕੁਝ ਉਸ ਨਾਲ ਕੱਲ ਹੋਇਆ ਸੀ ਉਸ ਕਾਰਨ ਬਲਦੇਵ ਨਾਲ ਦੋ ਟੁੱਕ ਗੱਲ ਕਰਨ ਲਈ ਹੋਰ ਵੀ ਕਾਹਲੀ ਪੈ ਰਹੀ ਸੀ। ਨਾਲ ਹੀ ਘਰੋਂ ਨਿਕਲਣ ਨੂੰ ਵੀ ਉਹਦੀ ਰੂਹ ਨਹੀਂ ਸੀ ਕਰਦੀ।

ਘਰੇ ਬੈਠੀ ਉਹ ਸੀਤੋ ਵੱਲ ਵੇਖਦੀ ਰਹੀ। ਆਮ ਦਿਨਾਂ ਤੋਂ ਉਲਟ ਉਹ ਖਾਸੇ ਕੁਵੇਲੇ ਉੱਠੀ ਸੀ ਕਈ ਵਾਰ ਕਰਤਾਰੋ ਦਾ ਦਿਲ ਕੀਤਾ ਉੱਠ ਕੇ ਪਤਾ ਕਰੇ ਪਰ ਉਸ ਦੀ ਹਿੰਮਤ ਨਾ ਪਈ। ਪਤਾ ਨਹੀਂ ਕਿਉਂ ਜਿਵੇਂ ਉਹਦਾ ਅੰਗ ਅੰਗ ਮਰ ਗਿਆ ਸੀ|

ਪਿੰਡੋਂ ਲੱਸੀ ਲੈਣ ਨਿਕਲੀ ਸੀਤੋ ਜਦੋਂ ਲੰਗੜਾ ਕੇ ਤੁਰੀ ਉਸੇ ਸਮੇਂ ਕਰਤਾਰੋ ਨੂੰ ਸਮਝ ਆਈ। ਅੱਜ ਫੇਰ ਆਮ ਦਿਨਾਂ ਵਾਂਗ ਉਹ ਰੇਸ਼ੇ ਦਾ ਸ਼ਿਕਾਰ ਹੋ ਗਈ ਸੀ। ਰੇਸ਼ਾ ਜਿਹੜਾ ਉਹਨੂੰ ਦਸੀਂ ਪੰਦਰੀਂ ਦਿਨੀਂ ਆ ਘੇਰਦਾ। ਇਹੋ ਜਿਹੇ ਦਿਨ ਉਹ ਖੇਤ ਨਾ ਜਾਂਦੀ। ਕਰਤਾਰੋ ਕੋਲ ਆਉਂਦੀ। ਹਾੜੇ ਕੱਢਦੀ। ਕਰਤਾਰੋ ਸੌ ਸੌ ਮੜਕਾਂ ਕਰਦੀ ਜਾਂਦੀ।

ਸੀਤੋ ਨੂੰ ਲੰਗੜਾ ਕੇ ਤੁਰਦੀ ਦੇਖ ਕਰਤਾਰੋ ਦਾ ਗਮ ਖੰਭ ਲਾ ਗਿਆ। ਉਸ ਦਾ ਅੰਗ ਅੰਗ ਮਹਿਕ ਉਠਿਆ। ਅੱਜ ਫੇਰ ਉਹ ਬਲਦੇਵ ਦੀ ਰੋਟੀ ਲੈ ਕੇ ਜਾਏਗੀ ਤੇ ਮਨ ਆਈਆਂ ਗੱਲਾਂ ਕਰੇਗੀ। ਉਹ ਉਠੀ ਤੇ ਨਿੱਕਾ ਸ਼ੀਸ਼ਾ ਚੁੱਕ ਕੇ ਆਪਣੇ ਆਪ ਨੂੰ ਸੰਵਾਰਨ ਲੱਗੀ।

ਰੋਟੀ ਲੈ ਕੇ ਜਾਣ ਦਾ ਵੇਲਾ ਕਦੋਂ ਦਾ ਲੰਘ ਗਿਆ ਸੀ। ਕਰਤਾਰੋ ਉਡੀਕ ਉਡੀਕ ਹੰਭ ਗਈ। ਪਰ ਸੀਤੋ ਨੇ ਉਸ ਦਾ ਦਰਵਾਜ਼ਾ ਨਾ ਖਟਕਾਇਆ। ਕਰਤਾਰੋ ਦਾ ਮਨ ਕਾਹਲਾ ਪਿਆ ਹੋਇਆ ਸੀ। ਬਹੁਤੀ ਉਡੀਕ ਉਸ ਤੋਂ ਹੋ ਨਾ ਸਕੀ।

'ਚੰਦਰਾ ਭੁੱਖਾ ਮਰਦਾ ਹੋਊ। ਬੁੱਢੀ ਦਾ ਕੀ ਪਤੈ ਕਦੋਂ ਮਰੇ।' ਸੋਚਦੀ ਕਰਤਾਰੋ ਸੀਤੋ ਦੇ ਘਰੇ ਜਾ ਵੜੀ। 'ਮੈਂ ਆਖਿਆ ਧੀਏ ਕੀ ਤੈਨੂੰ ਰੋਜ਼ ਰੋਜ਼ ਤੰਗ ਕਰਾਂ। ਮੇਰਾ ਔਤਰੀ ਦਾ ਤਾਂ ਹੁਣ ਇਹ ਰੋਜ਼ ਦਾ ਹੀ ਕੰਮ ਹੋ ਗਿਆ। ਨਾਲੇ ਜਵਾਨ ਕੁੜੀਆਂ ਨੂੰ ਸਿਖਰ ਦੁਪਹਿਰੇ ਬਾਹਰ ਘੱਲਣ ਦਾ ਵਕਤ ਨਹੀਂ ਰਿਹਾ। ਆਪੇ ਆ ਕੇ ਖਾ ਜੂ ਦੋ ਟੁਕੜ...।' ਰੋਟੀਆਂ ਲਾਹ ਰਹੀ ਸੀਤੋ ਦਾ ਝੁਰੜੀਆਂ ਵਾਲਾ ਮੂੰਹ ਉਦਾਸ ਸੀ ਤੇ ਅੰਦਰ ਧਸੀਆਂ ਅੱਖਾਂ ਵਿਚ ਡਰ।

ਕਰਤਾਰੋ ਨੂੰ ਕੋਈ ਗੱਲ ਨਾ ਔੜੀ। ਉਸ ਦਾ ਦਿਲ ਕੰਬਣ ਲੱਗਿਆ। ਹੋ ਸਕਦੈ ਕੱਲ ਵਾਲੀ ਗੱਲ ਦੀ ਸੂਹ ਅੱਪੜ ਗਈ ਹੋਵੇ। ਪਰ ਝਟ ਹੀ ਉਹ ਸੰਭਲੀ। ਪੋਣੇ ਵਿਚ ਰੋਟੀਆਂ ਬੰਨ੍ਹਦੀ ਬੋਲੀ।

'ਕਿਹੜਾ ਸਾਲਾ ਮੇਰੇ ਕੰਨੀ ਝਾਕ ਜੂ...। ਅੱਖਾਂ ਕੱਢ ਦੂੰ। ਉਹ ਹੋਰ ਨੇ ਜਿਹੜੀਆਂ ਧੱਕੇ ਖਾ ਆਉਂਦੀਆਂ ਨੇ।'

ਸੀਤੋ ਨੇ ਵੇਖਿਆ ਗੁੱਸੇ ਨਾਲ ਲਾਲ ਹੋਈ ਕਰਤਾਰੋ ਦਾ ਚਿਹਰਾ ਗੁੱਸੇ ਨਾਲ ਦਗ ਦਗ ਕਰ ਰਿਹਾ ਸੀ। ਦਬਾ ਦਬ ਕਰਤਾਰੋ ਨੇ ਰੋਟੀਆਂ ਬੰਨ੍ਹੀਆਂ, ਲੱਸੀ ਵਾਲਾ ਤਪਲਾ ਚੁੱਕਿਆ ਤੇ ਤੀਰ ਵਾਂਗ ਖੇਤ ਨੂੰ ਨਿਕਲ ਤੁਰੀ। ਜਿਊਂਦੀ ਰਹੇਂ ਨੀ ਧੀਏ, ਰੱਬ ਤੈਨੂੰ ਚੰਗਾ ਘਰ ਬਾਰ ਬਖਸ਼ੇ। ਰੰਗ ਲਾ ਤਾ....। ਪਤਾ ਨੀ ਅੱਜ ਭੁੱਖਾ ਹੀ ਰਹਿ ਜਾਂਦਾ।' ਦੂਰ ਤੱਕ ਕਰਤਾਰੋ ਨੂੰ ਸੀਤੋ ਦੀਆਂ ਅਸੀਸਾਂ ਸੁਣਾਈ ਦਿੰਦੀਆਂ ਰਹੀਆਂ।

ਲੈ ਸਿਧਰਾ ਆ ਪਿਆ ਸੁੱਤਾ। ਮੇਰਾ ਕਾਲਜਾ ਧਕ ਧਕ ਕਰਦਾ ਸੀ ਪਤਾ ਨਹੀਂ ਕਿਧਰ ਨਿਕਲ ਗਿਆ। ਕਿਧਰੇ ਕੋਈ ਚੌਧਰੀ ਦਾ ਕਪੂਤ ਨਾ ਮਿਲੇ ਜੇ। ਇਥੇ ਕੱਲੀ ਨੂੰ ਕਿਵੇਂ ਛੱਡੂ।'

ਕਰਤਾਰੋ ਦੇ ਖੜਾਕ ਨਾਲ ਬਲਦੇਵ ਤ੍ਰਬਕ ਉੱਠਿਆ।

'ਆ ਜਾ ਬੈ ਜਾ....ਐਡੇ ਵੇਲੇ ਕਿਧਰ ਫਿਰਦੀ ਐਂ ?' ਕਰਤਾਰੋ ਨੂੰ ਖੜੀ ਦੇਖ ਕੇ ਵੀ ਉਸ ਦੀ ਘਬਰਾਹਟ ਘਟੀ ਨਹੀਂ ਸੀ। ਫਟੀਆਂ ਨਿਗਾਹਾਂ ਨਾਲ ਬਰਾਬਰ ਉਹ ਆਲੇ ਦੁਆਲੇ ਦੇਖਦਾ ਰਿਹਾ।

ਮੈਂ ਆਖਿਆ ਆਪ ਤਾਂ ਕੜਮਾ ਨਹੀਂ ਮਿਲਦਾ ਕਦੇ। ਮੈਂ ਹੀ ਮੱਚਾਂ। ਲੈ ਖਾ ਲੈ ਰੋਟੀਆਂ।' ਲੱਸੀ ਵਾਲਾ ਤਪਲਾ ਤੇ ਚਾਰ ਚੱਕੀ ਦੇ ਪੁੜ ਵਰਗੀਆਂ ਰੋਟੀਆਂ ਰੱਖਦੀ ਕਰਤਾਰੋ ਉਸ ਦੇ ਨਾਲ ਲੱਗ ਕੇ ਬੈਠ ਗਈ।

'ਬੇਬੇ ਨੀ ਆਈ ?'

'ਆਉਂਦੀ ਸੀ ਲੰਗ ਮਾਰਦੀ। ਮੁੜਕੋ ਮੁੜਕੀ। ਮੈਂ ਆਖਿਆ ਲਿਆ ਮੈਂ ਲੈ ਜਾਂ। ਨਾਲੇ ਤੈਨੂੰ ਮਿਲਣ ਨੂੰ ਜੀ ਕਰਦਾ ਸੀ। ਹੁਣ ਤਾਂ ਕਦੇ ਗੇੜਾ ਈ ਨੀ ਮਾਰਦਾ ਵੱਡਾ ਕਾਮਾ' ਖੱਬੀ ਅੱਖ ਦਬ ਕੇ ਕਰਤਾਰੋ ਥੋੜਾ ਜਿਹਾ ਮੁਸਕ੍ਰਾਈ ਤੇ ਆਪਣਾ ਭੱਖਦਾ ਚੇਹਰਾ ਉਹਦੇ ਪਸੀਨੇ ਨਾਲ ਭਿਜੇ ਮੋਢੇ 'ਤੇ ਟਿਕਾ ਦਿੱਤਾ।

ਕਰਤਾਰੋ ਨਾਲੋਂ ਜ਼ਿਆਦਾ ਫਿਕਰ ਬਲਦੇਵ ਨੂੰ ਰੋਟੀਆਂ ਦਾ ਸੀ। ਦਬਾ ਦਬ ਉਸ ਨੇ ਇਧਰ ਉਧਰ ਕਰਕੇ ਅੰਦਰ ਸੁੱਟ ਲਈਆਂ।

'ਹੁਣ ਸੁਣਾ ਤੂੰ ਕਿਵੇਂ ਆਈ ਐਂ ?

'ਆ ਗਈ ਸੁਰਤ !'

'ਸਹੁੰ ਗੁਰੂ ਦੀ ਸਵੇਰ ਦਾ ਭੁੱਖਾ ਮਰੀ ਜਾਂਦਾ ਸੀ। ਨਾਲੇ ਹੁਣ ਤਾਂ ਮਹਾਰਾਣੀ ਦੇ ਹੱਥ ਆਈ ਐ।'

'ਛੱਡ ਪਰੇ ਇਹ ਮਿੱਠੀਆਂ ਮਿੱਠੀਆਂ ਜੀਆਂ ਗੱਲਾਂ। ਅੱਜ ਸਾਫ ਸਾਫ ਗੱਲਾਂ ਕਰਨੀਆਂ ਨੇ ਤੇਰੇ ਨਾਲ। ਹਿੰਮਤ ਐ ਤਾਂ ਕਿਧਰੇ ਨਿਕਲ ਚੱਲ। ਨਹੀਂ ਆਖਦੇ ਆਪ ਦੀ ਬੇਬੇ ਨੂੰ ਘਰੇ ਰੱਖ ਲੈ ਚੁੱਪ ਕਰਕੇ। ਫੇਰ ਨਾ ਮੈਨੂੰ ਦੋਸ਼ ਦੇਈਂ।'

ਕਰਤਾਰੋ ਦੇ ਸ਼ਬਦਾਂ ਵਿਚੋਂ ਤਰਲਾ ਤੇ ਮਜਬੂਰੀ ਟਪਕ ਰਹੀ ਸੀ।

ਐਨੀ ਕਾਹਲੀ ਨਾ ਹੋ। ਦੋ ਪੈਸੇ ਤਾਂ ਹੱਥ ਆ ਲੈਣ ਦੇ।' ਕਰਤਾਰੋ ਦੀਆਂ ਗੱਲਾਂ ਨਾਲ ਬਲਦੇਵ ਕੁਝ ਗੰਭੀਰ ਹੋ ਗਿਆ ਸੀ।

ਤੇਰੇ ਨਾ ਪੈਸੇ ਹੱਥ ਆਉਣੇ ਨੇ ਤੇ ਨਾ ਮੈਂ। ਜਿਧਰ ਦੀ ਲੰਘੋ ਲੋਕ ਰਾਹ ਰੋਕ ਕੇ ਖੜ੍ਹੋ ਜਾਂਦੇ ਨੇ। ਅੱਖਾਂ ਪਾੜ ਪਾੜ ਝਾਕਦੇ ਨੇ ਜਿਵੇਂ ਚੰਦਰਿਆਂ ਨੇ ਬੁਰਕ ਭਰਨੇ ਹੋਣ।'

'ਜਦੋਂ ਜਵਾਨੀ ਚੜ੍ਹਦੀ ਐ ਲੋਕ ਮਰਦੇ ਹੀ ਹੁੰਦੇ ਨੀ। ਮਚਦੀ ਕਿਉਂ ਫਿਰਦੀ ਐਂ। ਕੁਸ ਢਿਲਕ ਜੂ ਨਾਲੋਂ ?' ਬਲਦੇਵ ਰੁੱਖਾ ਹੋ ਰਿਹਾ ਮਹੌਲ ਤੋੜਨ ਦਾ ਯਤਨ ਕਰਨ ਲਈ ਬੋਲਿਆ।

'ਤੈਨੂੰ ਤਾਂ ਟਿੱਚਰਾਂ ਸੁਝਦੀਆਂ ਨੇ। ਮੇਰੇ ਕਾਲਜੇ 'ਚ ਧੂਹ ਪੈਂਦੀ ਐ। ਹੋਰਾਂ ਤੋਂ ਡਰਦੀ ਐ ਮੇਰੀ ਜੁੱਤੀ। ਮੇਰਾ ਤਾਂ ਕੱਲ੍ਹ ਦਾ ਦਿਲ ਹਿੱਲ ਗਿਆ ਜਦੋਂ ਤੋਂ....' ਅੱਗੇ ਗੱਲ ਤੋਰਨ ਨੂੰ ਉਸ ਨੂੰ ਡਰ ਆਇਆ। ਸਰਦਾਰ ਨਾਲ ਹੋਈ ਹੱਥਾ ਪਾਈ ਉਸ ਦੀਆਂ ਅੱਖਾਂ ਅੱਗੇ ਨੱਚ ਰਹੀ ਸੀ। ਸਹਿਮ ਕੇ ਉਹ ਬਲਦੇਵ ਦੇ ਹੋਰ ਨੇੜੇ ਹੋ ਗਈ। 'ਕੱਲ੍ਹ ਤਾਂ ਸਰਦਾਰ ਆਪ ਹੀ ਚੰਬੜ ਗਿਆ। ਮੈਂ ਤਾਂ ਹਕੀ ਬਕੀ ਰਹਿ ਗਈ। ਮਸਾਂ ਜਾਨ ਛੁਡਾਈ ਦੈਂਤੜੇ ਤੋਂ। ਪਹਿਲਾਂ ਨਹੀਂ ਸੀ ਦੱਸਿਆ ਤੈਨੂੰ। ਹੋਰ ਸੁਣ ਲੈ। ਇਕ ਦਿਨ ਤੇਰਾ ਇਹ ਚੌਧਰੀ ਵੀ ਲੱਗਿਆ ਸੀ ਟੋਹਨ। ਉਸ ਦਿਨ ਉਸ ਨੇ ਮੂੰਹ ਉਚੇੜ ਦਿੱਤਾ ਸੀ। ਪਰ ਸਰਦਾਰ ਹੋਰ ਸੁਭਾਅ ਦਾ ਬੰਦੈ। ਮੇਰਾ ਤਾਂ ਬਿੰਦ ਨਹੀਂ ਦਿਲ ਲਗਦਾ। ਪਿਓ ਤਾਂ ਔਤਰਾ ਉਈਂ ਪਿਆ ਰਹਿੰਦੈ। ਸਾਰਾ ਦਿਨ। ਕੀ ਵਸਾਹ ਕਦੋਂ ਕੋਈ ਘਰੇ ਆ ਧਮਕੇ। ਚਲ ਕਿਤੇ ਬਸ ਭੱਜ ਚੱਲੀਏ। ਨਹੀਂ ਤਾਂ ਇਹ ਮੇਰੀ ਬੋਟੀ ਬੋਟੀ ਨਚੋੜ ਲੈਣਗੇ। ਅਗੇ ਬੰਤੋ...ਜੀਤੋ....ਹਰਨਾਮੀ...ਕੀਹਦੀ ਕੀਹਦੀ ਗੱਲ ਨੀ ਉੱਡੀ ਹੋਈ।'

ਕਰਤਾਰੋ ਇਗੜ ਦੁਗੜੀਆ ਮਾਰਦੀ ਰਹੀ ਤੇ ਬਲਦੇਵ ਸੁਣਦਾ ਰਿਹਾ। ਬਲਦੇਵ ਦੀਆਂ ਖਾਧੀਆਂ ਰੋਟੀਆਂ ਬਾਹਰ ਨੂੰ ਆ ਰਹੀਆਂ ਸਨ।

ਦੋਨੋਂ ਬੁੱਤ ਬਣ ਗਏ। ਕੋਈ ਕੀ ਗੱਲ ਕਰੇ ਕਿਸੇ ਨੂੰ ਸਮਝ ਨਾ ਆਈ।

'ਲੈ ਹੋਰ ਸੁਣ ਲੈ। ਆਹ ਤੇਰਾ ਬੰਤਾ ਏ ਨੀ ਮਾਣ। ਕੱਲ੍ਹ ਘੋੜੀ ਉਤੇ ਹੀ ਚੜ੍ਹਾ ਦੇਣੀ ਸੀ। ਨਿੱਤ ਰਾਹ ਰੋਕ ਕੇ ਖੜ੍ਹੋ ਜਾਂਦੈ। ਤੂੰ ਬਸ ਇਕ ਟੁੱਕ ਗੱਲ ਕਰ ਲੈ। ਜੇ ਮਰਦ ਐਂ ਤਾਂ ਫੜ ਮੇਰੀ ਬਾਂਹ। ਨਹੀਂ ਫੇਰ ਨਾਂਹ ਆਖਦੇ। ਮੈਂ ਮਰੂੰ ਜਿਥੇ ਮੇਰੀ ਕਿਸਮਤ ਹੋਊ।' ਕਰਤਾਰੋ ਤੋਂ ਆਪਾ ਕਾਬੂ ਨਾ ਹੋਇਆ। ਹਟਕੋਰੇ ਭਰਦੀ ਰੋਣ ਲੱਗ ਪਈ।

'ਬੰਤੇ ਨਾਲ ਤਾਂ ਮੈਂ ਅੱਜ ਨਿੱਬੜ ਲੂੰ। ਸਾਲੇ ਦੀਆਂ ਹੱਡੀਆਂ ਨਾ ਤੋੜ ਦਿਆਂ। ਰਹੀ ਗੱਲ ਸਰਦਾਰਾਂ ਤੇ ਚੌਧਰੀਆਂ ਦੀ। ਇਹ ਸਾਡੀਆਂ ਇੱਜ਼ਤਾਂ ਲੁੱਟਦੇ ਹੀ ਆਏ ਨੇ। ਇਨ੍ਹਾਂ ਤੋਂ ਪਲਾ ਬਚਾਇਆ ਚੰਗਾ। ਤੂੰ ਮੈਂ ਕਰੀਏ ਖੇਤੋਂ ਕੱਢਣ ਨੂੰ ਝੱਟ ਲਾਉਂਦੇ ਨੇ। ਚੌਧਰੀ ਹੋਵੇ ਜਾਂ ਸਰਦਾਰ ਇਕੋ ਗੱਲ ਐ। ਨਿਕਲ ਵੀ ਜਾਈਏ। ਜਾਵਾਂਗੇ ਭਲਾ ਕਿਥੇ ? ਹੈ ਕੋਈ ਠਿਕਾਣਾ ?'

ਬੋਲਦਾ ਬੋਲਦਾ ਬਲਦੇਵ ਰੁਕ ਗਿਆ। ਕਰਤਾਰੋ ਵਾਂਗ ਉਸ ਦਾ ਵੀ ਰੋਣ ਨੂੰ ਦਿਲ ਕਰ ਰਿਹਾ ਸੀ। 'ਰੋਨੀ ਕਿਉਂ ਐਂ ? ਸਰਦਾਰ ਨੇ ਸਦਿਐ ਅੱਜ। ਆਥਨੇ ਮਿਲੂੰ। ਜੇ ਕੰਮ ਬਣ ਗਿਆ ਕਰਲਾਂਗੇ ਰਾੜ੍ਹਾ ਵੀੜ੍ਹਾ।

ਦੇਖੀ ਜਾਊ ਜਿਹੜੀ ਬਣੂ।'

'ਮੈਥੋਂ ਨਹੀਂ ਹੋਰ ਰਿਹਾ ਜਾਂਦਾ। ਬਸ ਮੈਨੂੰ ਫੇਰ ਨਾ ਆਖੀਂ। ਬਈ ਤੂੰ...' ਉਹ ਲਾਟ ਵਾਂਗ ਉਠੀ ਤੇ ਲੰਬੀਆਂ ਪਲੰਘਾਂ ਭਰਦੀ ਪਹੇ ਨੂੰ ਤੁਰ ਪਈ।

'ਓ ਸੁਣ ਤੇ ਸਹੀ....ਭੱਜ ਵੀ ਚਲੀ ਏਂ ? ਦੁਪਹਿਰ ਤਾਂ ਢਾਲ ਜਾ....' ਬਲਦੇਵ ਦਰਵਾਜ਼ੇ ਤੱਕ ਉਹਦੇ ਪਿੱਛੇ ਗਿਆ। ਪਰ ਅੱਗੇ ਵਾਂਗ ਉਹਨੂੰ ਰੋਕਣ ਦੀ ਹਿੰਮਤ ਨਾ ਪਈ।

ਪਰ ਕਰਤਾਰੋ ਨੇ ਇਕ ਵਾਰ ਵੀ ਪਿਛਾਂਹ ਮੁੜ ਕੇ ਨਾ ਦੇਖਿਆ। ਬਲਦੇਵ ਨੂੰ ਕੀ ਪਤਾ ਸੀ ਉਹਦੇ ਹੰਝੂਆਂ ਦਾ ਰੁਕਿਆ ਹੜ੍ਹ ਫੇਰ ਵਹਿ ਤੁਰਿਆ ਸੀ।

'ਬੜੀਆਂ ਅਜੀਬ ਗੱਲਾਂ ਨੇ। ਇਕ ਨਾਲ ਹੋਇਆ, ਦੋ ਨਾਲ ਹੋਇਆ। ਇਨ੍ਹਾਂ ਦਾ ਮਨ ਹੀ ਨੀ ਭਰਦਾ। ਚਲੋ ਖੈਰ ਇਹ ਤਾਂ ਜੋ ਹੋਏ ਹੋਏ। ਬੰਤੇ ਨੂੰ ਵੀ ਇਨ੍ਹਾਂ ਨਾਲ ਹਵਾ ਲੱਗ ਗਈ। ਸ਼ਰਮ ਨਹੀਂ ਆਉਂਦੀ ਸਾਲੇ ਬੂੜੇ ਨੂੰ। ਕਰਤਾਰੋ ਵੀ ਸੱਚੀ ਐ ਵਿਚਾਰੀ। ਇਹਦਾ ਕੋਈ ਇੰਤਜਾਮ ਕਰਨਾ ਪਊ। ਪਹਿਲਾਂ ਸਰਦਾਰ ਨੂੰ ਮਿਲ ਮਨਾਂ। ਕੰਮ ਤਾਂ ਸਹੁਰੇ ਮਰਨ ਤਕ ਨੀ ਮੁਕਦੇ। ਜੇ ਰੱਖ ਲਿਆ ਇਹਦਾ ਵੀ ਕਰ ਦੂੰ ਇਕ ਪਾਸਾ।'

ਥੱਕਿਆ ਥੱਕਿਆ ਬਲਦੇਵ ਉਠਿਆ। ਕੁੜਤਾ ਪਾਇਆ ਤੇ ਸਿਰ 'ਤੇ ਸਾਫਾ ਲਪੇਟਦਾ ਆਪ ਹੀ ਸਰਦਾਰ ਦੇ ਖੇਤਾਂ ਨੂੰ ਤੁਰ ਪਿਆ।

ਭਾਵੇਂ ਸਿਰ ਚੜ੍ਹਿਆ ਚਾਰ ਵੀਹਾਂ ਕਰਜ਼ਾ ਉਹਦੇ ਕਦਮਾਂ ਨੂੰ ਪਿਛਾਂਹ ਧੱਕ ਰਿਹਾ ਸੀ, ਫੇਰ ਵੀ ਉਸ ਨੂੰ ਕੋਈ ਆਸ ਜ਼ਰੂਰ ਸੀ।

6

ਜਿਥੇ ਵੀ ਦੋ ਬੰਦੇ ਜੁੜਦੇ ਬਲਦੇਵ ਦੇ ਚਰਚੇ ਛਿੜਦੇ। ਇਕ ਵਾਰ ਸਰਦਾਰਾਂ ਨੇ ਕਈ ਸਾਲਾਂ ਤੋਂ ਦੱਬੀ ਅੱਗ ਨੂੰ ਹਵਾ ਦਿੱਤੀ ਸੀ। ਉਸ ਨੂੰ ਕੀ ਲੋੜ ਸੀ ਬਲਦੇਵ ਨੂੰ ਇੰਨੀ ਸ਼ਹਿ ਦੇ ਕੇ ਆਪਣੇ ਖੇਤ ਲਿਆਉਣ ਦੀ।

ਬਲਦੇਵ ਨੇ ਵੀ ਲੋਹੜਾ ਮਾਰਿਆ। ਬਿਨਾਂ ਚੌਧਰੀ ਨੂੰ ਦੱਸਿਆ ਤੁਰ ਗਿਆ ਜਿਵੇਂ ਨਵਾਬ ਹੋਵੇ।

ਇਸ ਨਵੀਂ ਛੇੜਖਾਨੀ ਨਾਲ ਸਭ ਦੇ ਸੀਨੇ ਧੜਕਨ ਲੱਗ ਪਏ। ਪਤਾ ਨਹੀਂ ਕਿਸ ਕਿਸ ਨੂੰ ਇਸ ਦੀ ਲਪੇਟ ਵਿਚ ਆ ਕੇ ਹੱਡ ਤੜਾਉਣੇ ਪੈਣਗੇ| ਪਿਛਲੀਆਂ ਝਪਟਾਂ ਵਿਚ ਮੁਜਾਰਿਆਂ ਨੇ ਜੋ ਜੋ ਨੁਕਸਾਨ ਉਠਾਏ ਸਨ ਉਹ ਹਾਲੀਂ ਤਕ ਭੁੱਲੇ ਨਹੀਂ ਸਨ। ਪਾਣੀ ਤੇ ਹੋਈ ਝਪਟ ਵਿਚ ਦੋ ਮੁਜਾਰੇ ਚੌਧਰੀਆਂ ਦੇ ਤੇ ਇਕ ਸਰਦਾਰ ਦਾ ਮਰਿਆ ਸੀ। ਛੀਆਂ ਨੂੰ ਵੀਹ ਵੀਹ ਸਾਲੀ ਹੋਈ ਸੀ। ਉਸ ਸਮੇਂ ਦੇ ਉਜੜੇ ਕਈ ਘਰ ਹਾਲੀਂ ਤਕ ਤਾਬ ਨਹੀਂ ਸੀ ਆਏ, ਭਾਵੇਂ ਕੇਸ ਵੱਡੇ ਘਰਾਂ ਵਲੋਂ ਹੀ ਲੜੇ ਗਏ ਸਨ। ਫੇਰ ਲੋਹੜੀ ਨੂੰ ਸੱਤ ਚੌਧਰੀਆਂ ਦੇ ਅਤੇ ਤਿੰਨ ਸਰਦਾਰਾਂ ਦੇ ਬੰਦਿਆਂ ਦੇ ਚੰਗੇ ਹੱਡ ਸਿਕੇ ਸਨ। ਮਾੜੀ ਮੋਟੀ ਡਾਂਗ ਤਾਂ ਹਰ ਮਹੀਨੇ ਹੀ ਚਲਦੀ ਸੀ। ਕਦੇ ਕਿਸੇ ਦਾ ਡੰਗਰ ਪੱਠੇ ਚਰ ਗਿਆ ਤੇ ਕਦੇ ਕਿਸੇ ਦੇ ਛੱਪੜ 'ਚ ਜਾ ਵੜਿਆ। ਬਿਨਾਂ ਮਤਲਬ ਹੀ ਗਾਲੀ ਗਲੋਚ। ਹੌਲੀ ਹੌਲੀ ਉਪਰੋਂ ਖਿਸਕਦੀ ਨਫ਼ਰਤ ਹੇਠਾਂ ਮੁਜਾਰਿਆਂ ਤਕ ਅੱਪੜ ਗਈ। ਖੇਤਾਂ ਦੀਆਂ ਹੱਦਾਂ ਸਰਹੱਦਾਂ ਬਣ ਗਈਆਂ। ਚੌਧਰੀ ਦਾ ਹਰ ਮੁਜਾਰਾ ਸਰਦਾਰ ਦੇ ਹਰ ਮੁਜਾਰੇ ਨੂੰ ਦੁਸ਼ਮਣੀ ਦੀਆਂ ਨਿਗਾਹਾਂ ਨਾਲ ਦੇਖਣ ਲਗਿਆ। ਜੇ ਕਿਧਰੇ ਕਿਸੇ ਦਾ

ਅਸਰ ਰਸੂਖ ਰਹਿ ਵੀ ਜਾਂਦਾ ਅਗਲੇ ਦਿਨ ਕੰਮੋ ਛੁੱਟੀ ਹੋ ਜਾਂਦੀ। ਡਰਦੇ ਲੋਕ ਅੱਖਾਂ ਫੇਰੀ ਰੱਖਦੇ। ਪਰ ਜਦੋਂ ਤੋਂ ਵੱਡੇ ਸਰਦਾਰ ਨੇ ਮੰਜਾ ਮੱਲਿਆ ਸੀ ਇਹ ਕੰਮ ਮੱਠਾ ਹੋ ਗਿਆ ਸੀ। ਚੌਧਰੀਆਂ ਨੇ ਕੋਈ ਕਸਰ ਨਹੀਂ ਸੀ ਛੱਡੀ। ਪਰ ਸਰਦਾਰ ਨੇ ਚੁੱਪ ਵੱਟ ਲਈ। ਥਾਣੇ ਕਚਹਿਰੀਆਂ ਘੁੰਮਣ ਦੀ ਹਿੰਮਤ ਨਹੀਂ ਸੀ ਰਹੀ। ਇਹ ਕੰਮ ਬਿਨਾਂ ਅਸਰ ਰਸੂਖ ਤੋਂ ਸਿਰੇ ਨਹੀਂ ਚੜ੍ਹਦੇ। ਸਰਦਾਰ ਚੁੱਪ ਕਰਕੇ ਸਹਿ ਲੈਂਦਾ। ਜਦੋਂ ਤੇਜਾ ਸਿੰਘ ਕੰਮ ਸਾਂਭਣ ਜੋਗਾ ਹੋਇਆ ਸਰਦਾਰ ਨੇ ਸੁਖ ਦਾ ਸਾਹ ਲਿਆ। ਜਿਸ ਦਿਨ ਉਸ ਦੇ ਕੰਨ ਵਿਚ ਤੇਜੇ ਦੀ ਪਹਿਲੀ ਸ਼ਿਕਾਇਤ ਪਈ, ਉਸੇ ਦਿਨ ਉਹਨੇ ਸਾਰਾ ਬੋਝ ਤੇਜੇ ਦੇ ਮੋਢਿਆਂ 'ਤੇ ਰੱਖ ਦਿੱਤਾ। ਆਪ ਬੇਫਿਕਰ ਹੋ ਕੇ ਬਾਹਰਲੀ ਹਵੇਲੀ ਵਿਚ ਮੰਜਾ ਡਾਹ ਲਿਆ।

ਜਿਉਂ ਜਿਉਂ ਤੇਜਾ ਵੱਡਾ ਹੁੰਦਾ ਜਾ ਰਿਹਾ ਸੀ, ਚੌਧਰੀਆਂ ਦੀਆਂ ਵਧੀਕੀਆਂ ਉਹਨੂੰ ਵਧੇਰੇ ਸਮਝ ਆਉਂਦੀਆਂ ਜਾ ਰਹੀਆਂ ਸਨ। ਲੋਕਾਂ ਨੂੰ ਡਰਾ ਧਮਕਾ ਅੱਧਾ ਪਿੰਡ ਉਹਨਾਂ ਨੇ ਆਪਣੇ ਕਬਜ਼ੇ ਕਰ ਲਿਆ ਸੀ। ਚੌਧਰੀਆਂ ਨੂੰ ਤਾਂ ਚਾਹੀਦਾ ਸੀ ਉਨ੍ਹਾਂ ਦੇ ਖ਼ਾਨਦਾਨ ਦਾ ਅਹਿਸਾਨ ਮੰਨਣ, ਜਿਨ੍ਹਾਂ ਨੇ ਉਨ੍ਹਾਂ ਦੀਆਂ ਜੜ੍ਹਾਂ ਲਾਈਆਂ ਸਨ। ਦੋ ਤਿੰਨ ਪੀੜ੍ਹੀਆਂ ਪਹਿਲਾਂ ਕੀ ਸੀ ਚੌਧਰੀਆਂ ਕੋਲ ? ਇਨ੍ਹਾਂ ਦਾ ਕੋਈ ਵੱਡਾ ਵਡੇਰਾ ਭੁੱਖਾ ਮਰਦਾ ਪਿੰਡ ਆਇਆ ਸੀ। ਕਰਜ਼ੇ ਦੇ ਭਾਰ ਹੇਠ ਦੱਬਿਆ ਹੋਇਆ। ਸਰਦਾਰਾਂ ਦੀ ਮਿਹਰ ਉਹਨੇ ਪਿੰਡ ਦੁਕਾਨ ਖੋਲ੍ਹ ਲਈ। ਜਿਸ ਤੇ ਸਰਦਾਰ ਦੀ ਮਿਹਰ ਹੋਵੇ ਉਸ ਦਾ ਕੰਮ ਨਾ ਚੱਲੇ ? ਫੇਰ ਉਨ੍ਹਾਂ ਦਿਨਾਂ ਵਿਚ ਤਾਂ ਸਰਦਾਰਾਂ ਦੀ ਦਸਾਂ ਪਿੰਡਾਂ ਵਿਚ ਧਾਂਕ ਸੀ। ਦਿਨਾਂ ਵਿਚ ਘਰ ਟੁੱਕਰ ਪੱਕਣ ਲੱਗਿਆ। ਵਧਦੇ ਵਧਦੇ ਹੁਣ ਸਰਦਾਰਾਂ ਨੂੰ ਹੀ ਹੱਥ ਪਾਉਣ ਲੱਗੇ। ਦਿਨਾਂ ਵਿਚ ਹੀ ਤੇਜੇ ਨੇ ਖ਼ਾਨਦਾਨੀ ਲੀਹਾਂ ਫੜ ਲਈਆਂ। ਕਈਆਂ ਸਾਲਾਂ ਤੋਂ ਬੰਦ ਪਿਆ ਦਿਵਾਨਖ਼ਾਨਾ ਖੁਲਵਾ ਦਿੱਤਾ ਗਿਆ। ਹਰ ਹਫਤੇ ਅਫਸਰਾਂ ਦੀ ਆਵਾਜਾਈ ਰਹਿਣ ਲੱਗੀ। ਨਿੱਤ ਸ਼ਰਾਬਾਂ ਉਡਦੀਆਂ ਤੇ ਕਬਾਬ ਭੁੱਜਦੇ। ਚੌਧਰੀ ਨਿੱਤ ਤਿੜ ਫਿੜ ਕਰਦੇ। ਪਰ ਹੁੰਦਾ ਕੁਝ ਨਾ। ਘੇ ਵੱਟੀ ਉਹ ਕਿਸੇ ਛੇੜਖਾਨੀ ਦੀ ਉਡੀਕ ਕਰ ਰਹੇ ਸਨ। ਅਖੀਰ ਹੁਣ ਇਹ ਛੇੜਖਾਨੀ ਹੋ ਗਈ ਸੀ। ਕੀ ਕੀਤਾ ਜਾਵੇ ? ਕਈ ਦਿਨ ਚੌਧਰੀ ਸੋਚਦੇ ਰਹੇ। ਜਦੋਂ ਉਨ੍ਹਾਂ ਬਲਦੇਵ ਨਾਲ ਥੋੜੀ ਮੋਟੀ ਤੂੰ ਤੂੰ ਮੈਂ ਮੈਂ ਕੀਤੀ। ਸਰਦਾਰ ਨੇ ਉਤੋਂ ਗੱਲ ਇਉਂ ਬੋਚ ਲਈ ਜਿਵੇਂ ਪਿਓ ਲੱਗਦਾ ਹੋਵੇ। ਚੌਧਰੀ ਨੇ ਪੈਸਿਆਂ 'ਚ ਅੜਿਕਾ ਅੜਾਇਆ। ਸਰਦਾਰ ਨੇ ਭਰੀ ਪੰਚਾਇਤ 'ਚ ਰੁਪਏ ਉਹਦੇ ਮੂੰਹ 'ਤੇ ਮਾਰੇ, ਜਿਵੇਂ ਆਪਣਾ ਕਰਜ਼ਾ ਉਤਾਰਨਾ ਹੋਵੇ। ਚੌਧਰੀ ਚੁੱਪ ਹੀ ਰਹੇ। ਖਬਰੇ ਉਹਨੂੰ ਬਲਦੇਵ ਨਾਲ ਇੰਨਾਂ ਤਿਉ ਕਿਉਂ ਜਾਗ ਪਿਆ ਸੀ।

ਸਰਦਾਰ ਦੀ ਇਹ ਵਧੀਕੀ ਉਨ੍ਹਾਂ ਤੋਂ ਬਰਦਾਸ਼ਤ ਨਾ ਹੋਈ। ਉਨ੍ਹਾਂ ਦੇ ਦਿਲ ਧੜਕੇ। ਸਰਦਾਰ ਨਾਲ ਟਕਰਨਾ ਕੋਈ ਸੌਖੀ ਗੱਲ ਨਹੀਂ ਸੀ। ਚੁੱਪ ਕਰਨਾ ਵੀ ਖਤਰੇ ਤੋਂ ਖ਼ਾਲੀ ਨਹੀਂ। ਮੁਜਾਰਿਆਂ ਵਿਚ ਘੁਸਰ ਮੁਸਰ ਸ਼ੁਰੂ ਹੋ ਗਈ ਸੀ।

'ਚੌਧਰੀਆਂ ਨੂੰ ਪੈਸਾ ਪਿਆਰੈ...। ਅਸਰ ਰਸੂਖ ਤਾਂ ਖੂੰਜਾ ਹਿਲਾਏ ਤੋਂ ਬਣਦੈ। ਇਹਨੇ ਧੇਲਾ ਨੀ ਖਰਚਨਾ।' 'ਜੇ ਕਿਧਰੇ ਲੜਾਈ ਝਗੜਾ ਹੋ ਗਿਆ ਨਾਲੇ ਹੱਡ ਟੁੱਟਣਗੇ, ਨਾਲੇ ਜੇਲ੍ਹ ਦੀਆਂ ਰੋਟੀਆਂ। ਇਸ ਨੇ ਜਵਾਨਾਂ ਨੂੰ ਚਾਰ ਸੇਰ ਦਾਣੇ ਵੀ ਨਹੀਂ ਦੇਣੇ।'

ਹਲਾਤ ਨੂੰ ਕਾਬੂ ਕਰਨ ਲਈ ਚੌਧਰੀ ਦੇ ਤਿੰਨਾਂ ਪੁੱਤਾਂ ਨੇ ਹਵੇਲੀ ਦੀ ਛੱਤ 'ਤੇ ਬੈਠਕ ਰੱਖੀ। ਬੁੱਢੇ ਚੌਧਰੀ ਨੂੰ ਵੀ ਸਲਾਹ ਦੇਣ ਲਈ ਬੁਲਾਇਆ ਗਿਆ।

ਲਾਲਟੈਨ ਦੀ ਮਿੱਨੀ ਮਿੱਨੀ ਰੌਸ਼ਨੀ ਵਿਚ ਸਭ ਦੇ ਚੇਹਰੇ ਫਿਕਰਮੰਦ ਦਿਖਾਈ ਦੇ ਰਹੇ ਸਨ। ਮੁੰਡੇ ਕੁਝ ਕਾਹਲੇ ਸਨ ਤੇ ਬੁੱਢਾ ਜਿਹੜਾ ਪੱਖੀ ਝੱਲ ਰਿਹਾ ਸੀ ਕੁਝ ਜ਼ਿਆਦਾ ਹੀ ਸ਼ਾਂਤ ਸੀ।

'ਹੁਣ ਹੋਰ ਚੁੱਪ ਕਰਨਾ ਬੇਵਕੂਫੀ ਹੋਏਗੀ। ਚੰਗਾ ਹੋਵੇ ਕੁਝ ਕਰਿਆ ਜਾਵੇ।' ਕਰਮੂੰ ਨੂੰ ਸਭ ਤੋਂ ਜ਼ਿਆਦਾ ਫਿਕਰ ਸੀ।

ਅੱਜ ਬਲਦੇਵ ਨੂੰ ਹਟਾਇਐ ਕੱਲ੍ਹ ਨੂੰ ਕਿਸੇ ਹੋਰ ਨੂੰ ਲਿਜਾ ਸਕਦੈ। ਇਸ ਤਰ੍ਹਾਂ ਫੇਰ ਟੰਟਾ ਹੋ ਜੂ। ਫਿਕਰ ਸਹੇ ਦਾ ਨਹੀਂ ਪਹੇ ਦਾ ਕਰੋ।'

ਤੁਹਾਡੀ ਗੱਲ ਠੀਕ ਐ। ਪਰ ਅਗਲੀ ਗੱਲ ਨਹੀਂ ਰਹੀ ਹੁਣ। ਇਸ ਮੁੰਡੇ ਦੀ ਗਰਦਨ ਵਿਚ ਕਿੱਲਾ ਅੜਿਆ ਹੋਇਐ। ਬਾਨੀਏ ਦੇ ਪੁੱਤ ਓ। ਸਿਆਣੇ ਬਣੋ।' ਬੁੱਢਾ ਉਨ੍ਹਾਂ ਨੂੰ ਸਮਝਾ ਰਿਹਾ ਸੀ।

'ਫੇਰ ਤੁਸੀਂ ਹੀ ਕੁਝ ਦੱਸੋ। ਚੁੱਪ ਅਸੀਂ ਨਹੀਂ ਕਰਨਾ।'

'ਸੁਣ ਤਾਂ ਸਹੀ। ਦੱਸਣ ਲਗਿਐਂ। ਫ਼ੌਜੀ ਵਾਲੀ ਤਿਕੜੀ ਤਿਆਰ ਕਰੋ। ਦਿਉ ਦੋ ਤੋਲੇ ਅਫੀਮ ਦੇ। ਜਦੋਂ ਮੌਕਾ ਲਗਿਆ ਡਾਂਗ ਡੱਪਾ ਕਰ ਆਉਣਗੇ। ਆਪ ਕਾਹਨੂੰ ਆਪਾਂ ਵਿਚ ਆਉਣੈ।'

'ਹੁਣ ਫੇਰ ਵਧੀਆ ਮੌਕੈ। ਉਹ ਗਿਆ ਹੋਇਐ ਬੁੜੇ ਖੁੰਡ ਨੂੰ ਨਾਲ ਲੈ ਕੇ। ਅਸੀਂ ਤਾਂ ਹੋਰਾਂ ਦੇ ਕੰਨ ਖੜੇ ਕਰਨੇ ਨੇ ਕਿ ਅਸੀਂ ਜਿਊਂਦੇ ਆਂ। ਕੰਮੀਆਂ ਦਾ ਤਾਂ ਨੀ ਘਾਟਾ।'

ਤਿਕੜੀ ਦੇ ਹੱਥ ਮਜ਼ਬੂਤ ਹੋਣ। ਇਹ ਗੱਲ ਚੇਤੇ ਰਹੇ। ਬਹੁਤੀਆਂ ਸੱਟਾਂ ਫੇਟਾਂ ਦੀ ਜ਼ਰੂਰਤ ਨਹੀਂ। ਜਦੋਂ ਉਹ ਵਾਪਸ ਆਊ ਗੱਲ ਆਈ ਗਈ ਹੋ ਜਾਊ।' ਬੁੱਢੇ ਨੇ ਜੱਜਾਂ ਵਾਂਗ ਆਖਰੀ ਫ਼ੈਸਲਾ ਸੁਣਾਇਆ ਤੇ ਖੂੰਡੀ ਖੜਕਾਉਂਦਾ ਹੇਠਾਂ ਉਤਰ ਗਿਆ।

'ਠੀਕ ਹੈ ! ਇਹ ਕੰਮ ਕੱਲ੍ਹ ਹੀ ਹੋ ਜਾਣਾ ਚਾਹੀਦੈ।'

ਚੌਧਰੀ ਦੇ ਮੁੰਡੇ, ਗਈ ਰਾਤ ਤਕ, ਅਗਲੀਆਂ ਗੱਲਾਂ ਤੇ ਬਹਿਸ ਕਰਦੇ ਰਹੇ।

7

ਵੱਡੇ ਸਰਦਾਰ ਦੀ ਬੀਮਾਰੀ ਦਿਨੋਂ ਦਿਨ ਵਧਦੀ ਜਾ ਰਹੀ ਸੀ। ਪਿੰਡ ਦੇ ਵੈਦਾਂ ਤੇ ਸ਼ਹਿਰ ਦੇ ਡਾਕਟਰਾਂ ਨੇ ਕੋਰਾ ਜਵਾਬ ਦੇ ਦਿੱਤਾ। ਕੋਈ ਮਾੜਾ ਮੋਟਾ ਕੰਮੀ ਹੁੰਦਾ ਬੁੱਢੇ ਨੂੰ ਲਿਆ ਕੇ ਅੰਦਰਲੀ ਕੋਠੜੀ ਵਿਚ ਡੱਕ ਦਿੰਦਾ ਤੇ ਉਸ ਦੀਆਂ ਬਾਕੀ ਰਹਿੰਦੀਆਂ ਘੜੀਆਂ ਨੂੰ ਇਕ ਇਕ ਕਰਕੇ ਗਿਣਾ ਰਹਿੰਦਾ। ਪਰ ਸਰਦਾਰ ਇਲਾਜੋਂ ਕਿਵੇਂ ਥੁੜਨ ਦਿੰਦੈ। ਉਸ ਸ਼ਾਮ ਉਹ ਬੁੱਢੇ ਨੂੰ ਵੱਡੇ ਹਸਪਤਾਲ ਲੈ ਗਿਆ।

ਪਰ ਉਥੇ ਵੀ ਬੀਮਾਰੀ ਨੂੰ ਠੱਲ ਨਾ ਪਿਆ। ਆਥਣ ਉਗਨ, ਆਥਛ ਉੱਗਣ ਕਰਦੇ ਬਾਪੂ ਨੇ ਮਹੀਨਾ ਲੰਘਾ ਦਿੱਤਾ। ਬਾਹਰ ਗਏ ਸਰਦਾਰ ਨੂੰ ਆਸ ਨਾਲੋਂ ਕਿਤੇ ਜ਼ਿਆਦਾ ਦਿਨ ਲੱਗ ਗਏ। ਜਿਸ ਤਰ੍ਹਾਂ ਦੀ ਸਰਦਾਰ ਨੂੰ ਆਸ ਸੀ ਉਸ ਦੇ ਬਾਹਰ ਰਹਿਣ ਨਾਲ ਉਹੋ ਕੁਝ ਵਾਪਰ ਗਿਆ। ਗੱਡੀਉਂ ਉਤਰਦੇ ਹੀ ਜੋ ਖ਼ਬਰ ਉਸ ਨੂੰ ਮਿਲੀ ਉਸ ਨੇ ਸਰਦਾਰ ਨੂੰ ਬਹੁਤਾ ਹੈਰਾਨ ਨਾ ਕੀਤਾ। ਬੰਤਾ ਡਰ ਨਾਲ ਕੰਬ ਰਿਹਾ

ਸੀ ਤੇ ਨਾਲੇ ਦੱਸ ਰਿਹਾ ਸੀ। ਚੌਧਰੀ ਦੇ ਮੁਜਾਰੇ ਬਿਨਾਂ ਮਤਲਬ ਹੀ ਬਲਦੇਵ ਦੇ ਡਾਂਗਾ ਮਾਰ ਗਏ ਸਨ। ਬੰਤੇ ਦੇ ਖ਼ਿਆਲ 'ਚ ਇਹ ਕੰਮ ਮਾੜਾ ਸੀ।

ਸਰਦਾਰ ਦਾ ਚਿਹਰਾ ਗੱਲਾਂ ਸੁਣ ਸੁਣ ਸੁਰਖ ਹੁੰਦਾ ਗਿਆ। ਪਿਛਲੀਆਂ ਚੌਧਰੀਆਂ ਦੀਆਂ ਵਧੀਕੀਆਂ ਉਸ ਨੂੰ ਡੱਸਣ ਲੱਗੀਆਂ। ਹਰਖ ਨਾਲ ਭਰਿਆ ਉਹ ਬੋਲਣ ਲੱਗਿਆ।

'ਤਾਂ ਉਸ ਸੂਰ ਦਾ ਦਿਮਾਗ ਹਾਲੀਂ ਸਾਫ ਨਹੀਂ ਹੋਇਆ। ਫਿਕਰ ਕਿਉਂ ਕਰਦੈਂ। ਆਪਾਂ ਕੱਲ ਨੂੰ ਹੀ ਪੱਬ ਚੁਕਾ ਦਿਆਂਗੇ।

ਗੁੱਸੇ ਨਾਲ ਸਰਦਾਰ ਕੰਬਣ ਲੱਗਿਆ। ਬਾਪੂ ਨੂੰ ਹਵੇਲੀ ਪਹੁੰਚਾਣਾ ਉਸ ਨੂੰ ਦੁਬਰ ਹੋ ਗਿਆ। ਨਾ ਪਾਣੀ ਪੀਤਾ ਨਾ ਧਾਣੀ, ਜਾਂਦਿਆਂ ਹੀ ਰਾਇਫਲ ਚੁੱਕੀ, ਘੋੜੀ ਫੜੀ ਤੇ ਖੇਤਾਂ ਨੂੰ ਤੁਰ ਪਿਆ। ਸੋਚਾਂ ਉਸ ਦਾ ਪਿੱਛਾ ਕਰਨ ਲੱਗੀਆਂ।

'ਚੌਧਰੀਆਂ ਨੇ ਇਹ ਠੀਕ ਨਹੀਂ ਕੀਤਾ। ਉਨ੍ਹਾਂ ਨੂੰ ਕੀ ਪਤੈ ਬਲਦੇਵ ਨੂੰ ਮੈਂ ਆਪਣੇ ਖੇਤ ਕਿਉਂ ਲਿਆਦੈਂ। ਹੁਣ ਪਿੱਛੇ ਮੈਂ ਵੀ ਨਹੀਂ ਹਟ ਸਕਦਾ। ਇਹ ਗੱਲ ਮੁਜਾਰਿਆਂ ਨੂੰ ਖਰਾਬ ਕਰ ਸਕਦੀ ਐ। ਤਾਂ ਕੀ ਬਲਦੇਵ ਤੋਂ ਰਿਪੋਰਟ ਕਰਾ ਦਿਆਂ ? ਪਰ ਇਸ ਨਾਲ ਕੀ ਬਣੂ ? ਦੋ ਚਾਰ ਮੁਜਾਰੇ ਹੀ ਫੜੇ ਜਾਣਗੇ। ਚੌਧਰੀਆਂ ਨੂੰ ਕੀ ਫਰਕ ਪੈਂਦੇ ?'

ਪਿੜਾਂ ਕੋਲੋਂ ਲੰਘਦੇ ਸਰਦਾਰ ਨੂੰ ਇਕ ਨਵਾਂ ਖ਼ਿਆਲ ਆਇਆ, ''ਕਿਉਂ ਨਾ ਕਿਸੇ ਪਿੜ ਅੱਗ ਲਾਈ ਜਾਵੇ....ਹਾਂ ਇਹ ਠੀਕ ਐ। ਪਰ ਇਸ ਤਰ੍ਹਾਂ ਮੈਨੂੰ ਵੀ ਵਿਚੋਂ ਉਲਝਣਾ ਪੈਣਾ। ਫੇਰ ਕੀ ਐ ? ਜੇ ਕਰਤਾਰੋ ਵੱਸ ਵਿਚ ਕਰਨੀ ਐ ਤੇ ਆਪਣਾ ਰੋਹਬ ਬਨਾਉਣੈ ਤਾਂ ਬਹੁਤ ਕੁਝ ਕਰਨਾ ਪਊ। ਬਲਦੇਵ ਵੀ ਸਕੰਜੇ ਵਿਚ ਆ ਜਾਊ। ਇਕ ਵਾਰ ਪਿੜਾਂ ਨੂੰ ਫੂਕ ਕੇ ਮੁੜ ਤਾਂ ਨੀ ਚੌਧਰੀ ਦੇ ਭੱਜ ਜੂ। ਨਾਲੇ ਕਿਸੇ ਹੋਰ ਕੰਮ ਆਉਣ ਜੋਗਾ ਹੋ ਜੂ। ਚਲੋ ਠੀਕ ਐ। ਇਕ ਤੀਰ ਨਾਲ ਦੋ ਸ਼ਿਕਾਰ। ਫੇਰ ਇਸ ਕੰਮ ਵਿਚ ਦੇਰ ਵੀ ਕਾਹਦੀ। ਅਜੋ ਰਾਤ ਨੂੰ....। ਚੌਧਰੀਆਂ ਦੇ ਖੇਤਾਂ ਨੂੰ ਚੀਰਦਾ, ਪਿੜਾਂ ਨੂੰ ਪਾਰਖੂ ਨਿਗਾਹਾਂ ਨਾਲ ਦੇਖਦਾ, ਉਹ ਸਿੱਧਾ ਬਲਦੇਵ ਕੋਲ ਗਿਆ।

'ਠੀਕ ਠਾਕ ਐਂ ਬਲਦੇਵ ਸਿਆਂ ?'

'ਆਹੋ ਜੀ।'

'ਕੋਈ ਜਿਆਦਾ ਸੱਟ ਤਾਂ ਨਹੀਂ ਵੱਜੀ ?'

'ਕਿਰਪਾ ਐ ਜੀ ਸੋਡੀ। ਉਹ ਅਮਲੀ ਆਪਣਾ ਕੀ ਵਿਗਾੜ ਸਕਦੈ। ਮੈਂ ਖ਼ਾਲੀ ਹੱਥ ਸੀ ਤਾਂ ਮਾਰ ਗਏ। ਹੁੰਦਾ ਨਾ ਜੇ ਮੇਰੇ ਹੱਥ ਵਿਚ ਵੀ ਕੁਛ ਫੇਰ ਖੜਦੇ।'

'ਭੱਜ ਕੇ ਕਿਥੇ ਜਾਣਗੇ ਭਲਾ ਉਹ ਭੈਣ ਦੇ ਯਾਰ। ਦੇਖਿਆ ਕਿਵੇਂ ਮੌਕਾ ਤਾੜਿਆ ਪਿਛੋਂ ?' 'ਹੋਰ ਜੀ।'

'ਕੋਈ ਨੀ। ਤੂੰ ਫਿਕਰ ਨਾ ਕਰੀਂ...। ਇਹ ਡਾਗਾਂ ਤੇਰੇ ਨਹੀਂ ਮੇਰੇ ਪਈਆਂ ਨੇ। ਜਿਹੀਆਂ ਮੁਜਾਰਿਆਂ ਦੇ ਪੈ ਗਈਆਂ ਤੇਹੀਆਂ ਮਾਲਕਾਂ ਦੇ। ਹੁਣ ਇਹ ਦੱਸ ਹੈਗੇ ਕੌਣ ਕੌਣ ਸਨ ? ਕਿਵੇਂ ਨਿਬੜਨੈ। ਫੇਰ ਨਾ ਕਹੀਂ ਸਰਦਾਰਾਂ ਨੇ ਪਿੱਠ ਦਿਖਾ ਤੀ...।'

'ਬੱਦਲਾ ਤਾਂ ਲੈਣਾ ਜੀ ਜ਼ਰੂਰ। ਜਦੋਂ ਮੌਕਾ ਲੱਗਿਆ ਫ਼ੌਜੀ ਹੋਰਾਂ ਨੂੰ ਤਾਂ ਮੈਂ ਹੀ ਡੁਕ ਦੂੰ। ਚੌਧਰੀਆਂ ਦਾ ਰੱਬ ਬੇੜਾ ਗਰਕ ਕਰੂ।' ਬਲਦੇਵ ਦਾ ਅੰਗ ਅੰਗ ਦਰਦ ਕਰ ਰਿਹਾ ਸੀ। ਗੁੱਸੇ ਅਤੇ ਬਦਲੇ ਦੀ ਅੱਗ ਵਿਚ ਉਹ ਸੜਨ ਲੱਗਿਆ।

'ਇਹੋ ਜਿਹੇ ਕੰਮਾਂ ਵਿਚ ਦੇਰ ਨੀ ਕਰੀਦੀ। ਬਦਲਾ ਲਵੇ ਤਾਂ ਤੁਰਤ ਪੈਰਾਂ ਪਿਛੋਂ ਕੋਈ ਨੀ ਗੱਲ ਬਣਦੀ।' ਨਾ ਆਪਾਂ ਕਦੋਂ ਪਿੱਛੇ ਹਟਦੇ ਆਂ। ਪਰ ਥੋੜ੍ਹਾ ਜਾ ਠੀਕ ਹੋ ਜਾ।'

'ਤੂੰ ਨਹੀਂ ਸਮਝਿਆ। ਆਪਾਂ ਕੀ ਡਾਗਾਂ ਚੁਕਣੀਆਂ ਨੇ। ਇਕ ਢੰਗ ਦੱਸਦੈਂ ਤੈਨੂੰ ?'

'ਦੱਸੋ ਜੀ ?'

'ਫ਼ੌਜੀ ਦੇ ਖੇਤਾਂ ਵਿਚ ਲਾਗਾਂ ਹਾਲੇ ਉਵੇਂ ਜਿਵੇਂ ਪਿਐ....। ਬਸ ਇਕ ਤੀਲੀ।'

'ਫੇਰ ਜੀ ?' ਬਲਦੇਵ ਨੂੰ ਕੁਝ ਸਮਝ ਨਹੀਂ ਸੀ ਆਈ।

'ਫੇਰ ਕੀ। ਸਭ ਕੁਝ ਠੀਕ ਹੋ ਜਾਊ। ਸਭ ਦੇ ਲੱਕ ਟੁੱਟ ਜਾਣਗੇ। ਤੇਰੇ ਫ਼ੌਜੀ ਹੋਰੀਂ ਤਾਂ ਸਮਝ ਉਈਂ ਮਰ ਗਏ। ਜਦੋਂ ਦਾਣੇ ਦਾਣੇ ਨੂੰ ਤਰਸਨ ਲੱਗੇ। ਫੇਰ ਚੌਧਰੀ ਵਿਆਜ ਨਾਲ ਛਿੱਲ ਲਾਹ ਦਿਊ। ਰਹੀ ਗੱਲ ਚੌਧਰੀ ਦੀ। ਅੱਧ ਉਹਦਾ ਗਿਆ। ਹੋ ਜੂ ਨਾ ਸਭ ਦਾ ਭੱਠਾ ਗੁੱਲ।'

'ਕਿਉਂ ?'

'ਠੀਕ ਐ। ਪਰ...'

'ਇਹ ਡਰਪੋਕ ਕਿਸ ਦਿਨ ਤੋਂ ਹੋ ਗਿਆਂ ਓਏ। ਚਾਰ ਡਾਂਗਾਂ ਤੋਂ ਡਰ ਗਿਆ। ਤੇਰੇ ਪਿਓ ਦੀਆਂ ਗੱਲਾਂ ਅੱਜ ਤੱਕ ਸਾਰੇ ਪਿੰਡ 'ਚ ਹੁੰਦੀਆਂ ਨੇ। ਹਰ ਲੜਾਈ 'ਚ ਮੂਹਰੇ ਹੁੰਦਾ ਸੀ। ਤੈਨੂੰ ਕੱਲਾ ਨਹੀਂ ਤੋਰਦਾ। ਨਾਲ ਜਾਊਂ ਨਾਲ। ਜੇ ਕੋਈ ਛਾਕੂ ਫੂਕ ਕੇ ਰੱਖ ਦਿਊਂ। ਆ ਰਫਲ ਅੱਗ ਲਾਉਣੀ ਐ ਸਾਲੀ। ਮੈਂ ਤਾਂ ਇਹੋ ਆਖਦੈਂ ਕੋਈ ਕੱਲ੍ਹ ਨੂੰ ਇਹ ਨਾ ਕਹੇ ਬਈ ਸਰਦਾਰਾਂ ਦਾ ਮੁਜਾਰਾ ਕੁੰਟਿਆ ਗਿਆ। ਫੇਰ ਤੈਨੂੰ ਤਾਂ ਮੈਂ ਆਪਣੀ ਜ਼ੁੰਮੇਵਾਰੀ 'ਤੇ ਲਿਆਇਆਂ। ਪਿੱਛੇ ਕਿਵੇਂ ਹੱਟ ਜਾਂ ਉਏ ?'

'ਲੈ ਮੈਂ ਕਿਤੇ ਡਰਦਾਂ। ਸੋਡਾ ਖ਼ਿਆਲ ਐ ਮੇਰੇ ਡਾਗਾਂ ਮਾਰ ਕੇ ਰਮਾਨ ਨਾਲ ਬਹਿ ਜਾਣਗੇ। ਬਲਦੇਵ ਦੇ ਤੋੜੇ ਹੱਡ ਜੁੜਨੇ ਵੀ ਨਹੀਂ।'

'ਹੱਡ ਵੀ ਭੰਨਾਂਗੇ ਮੌਕੇ ਸਿਰ। ਢਿੱਡ ਤਾਂ ਭੰਨੀਏਂ। ਇਹ ਕੰਮ ਅਜੋ ਰਾਤ ਨੂੰ ਹੋ ਜੇ। ਇਕ ਵਾਰ ਖੁੰਝਿਆ ਮੌਕਾ ਮੁੜ ਹੱਥ ਨਹੀਂ ਆਉਂਦਾ। ਤੇਰੀ ਵਾ ਕੰਨੀਂ ਝਾਕ ਜੇ ਜ਼ਿਮੇਵਾਰ ਆਂ।'

'ਚੰਗਾ ਜੀ।'

'ਬਣੀ ਨਾ ਗੱਲ। ਇਉਂ ਦਿਲ ਚਾਹੀਦੈ। ਮੈਂ ਮਾੜਾ ਜਿਹਾ ਦੂਜੇ ਵੰਨੇ ਗੇੜਾਂ ਮਾਰ ਆਵਾਂ। ਕਈ ਦਿਨ ਹੋ ਗਏ। ਦਿਨ ਛਿਪਦੇ ਨੂੰ ਆਇਆ।'

'ਅੱਛਾ ਜੀ।'

'ਦੇਖੀਂ ਫੇਰ ਜੇ ਦਾਣੇ ਦਾਣੇ ਨੂੰ ਨਾ ਭਟਕਦੇ ਫਿਰਨ।'

'.....'

'ਲੈ ਮੈਂ ਭੁੱਲ ਗਿਆ ਸੀ। ਆਥਣੇ ਆਈਂ। ਦੋ ਸੇਰ ਘਿਉ ਲੈ ਜਾਈਂ। ਕੰਮ ਦੇ ਦਿਨ ਨੇ। ਕਮਜ਼ੋਰੀ ਨਾ ਬਹਿ ਜਾਏ ਕਿਤੇ। ਇਨ੍ਹਾਂ ਹੱਡਾਂ ਦਾ ਕੀ ਭਰੋਸਾ ਕਦੋਂ ਜਵਾਬ ਦੇ ਦੇਣ।'

ਦੂਰ ਤਕ ਬੋਲਦਾ ਸਰਦਾਰ ਘੋੜੀ 'ਤੇ ਚੜ੍ਹਿਆ ਚੜ੍ਹਾਇਆ ਵਾਪਸ ਪਰਤ ਗਿਆ। ਬਲਦੇਵ ਬੈਠਾ ਸੋਚਦਾ ਰਿਹਾ, ਕਿੰਨਾ ਖ਼ਿਆਲ ਰਖਦੈ ਸਰਦਾਰ। ਆਪ ਜਾ ਕੇ ਮੇਰਾ ਬਦਲਾ ਦਵਾਊ। ਨਾਲੇ ਘਿਉ। ਪਤਾ ਨਹੀਂ ਕਿਉਂ ਮੇਰੇ 'ਤੇ ਇੰਨਾ ਮੇਹਰਬਾਨ ਐ। ਲੈ ਆਪਾਂ ਕਿਹੜਾ ਹੱਕ ਰਖਣੈ। ਦੁਗਣਾ ਕੰਮ ਦਿਊਂ।'

ਬਲਦੇਵ ਸ਼ਾਮ ਦੀ ਉਡੀਕ ਕਰਨ ਲੱਗਿਆ। ਕਦੋਂ ਰਾਤ ਪਏ ਤੇ ਕਦੋਂ ਉਹ ਆਪਣੇ ਦੁਸ਼ਮਣਾਂ ਦੇ ਪਿੜ ਸਾੜ ਕੇ ਆਪਣੇ ਮਨ ਦੀ ਅੱਗ ਬੁਝਾ ਸਕੇ।

8

ਰਾਤ ਜੋਬਨ 'ਤੇ ਸੀ ਜਦੋਂ ਪਿੜਾਂ 'ਚੋਂ ਨਿਕਲਦੀਆਂ ਲਾਟਾਂ ਪਿੰਡ 'ਚ ਰੋਸ਼ਨੀ ਕਰਨ ਲੱਗੀਆਂ। ਜਿਉਂ ਜਿਉਂ ਲਾਟਾਂ ਅਸਮਾਨ ਵੱਲ ਬਾਹਾਂ ਉੱਚੀਆਂ ਕਰਨ ਲੱਗੀਆਂ, ਪਿੰਡ ਵਿਚੋਂ ਉਠਦੀਆਂ ਚੀਕਾਂ ਵੀ ਵਧਣ ਲੱਗੀਆਂ। 'ਲੁੱਟੇ ਗਏ', 'ਪੱਟੇ ਗਏ' ਅਤੇ ਖਾ ਲਏ ਦੀਆਂ ਅਵਾਜ਼ਾਂ ਗਲੀ ਗਲੀ ਗੂੰਜਣ ਲੱਗੀਆਂ। ਲੋਕ ਧਾਹਾਂ ਮਾਰਦੇ ਖੇਤਾਂ ਨੂੰ ਦੌੜ ਪਏ।

ਪਿੜ ਕਿਉਂ, ਕਿਵੇਂ ਤੇ ਕਿਸ ਤਰ੍ਹਾਂ ਜਲੇ ਸਨ, ਕਿਸੇ ਤੋਂ ਲੁਕਿਆ ਨਹੀਂ ਸੀ। ਬਲਦੇਵ ਦੇ ਪਈਆਂ ਡਾਂਗਾਂ ਖ਼ਾਲੀ ਨਹੀਂ ਜਾਂਦੀਆਂ, ਸਭ ਨੂੰ ਦਿਖਾਈ ਦਿੰਦਾ ਸੀ। ਪਰ ਕਿਸੇ ਦੀ ਹਿੰਮਤ ਨਹੀਂ ਸੀ ਸਿੱਧਾ ਹੋ ਕੇ ਆਖ ਦੇਵੇ ਇਹ ਕੰਮ ਸਰਦਾਰ ਦੀ ਸ਼ਹਿ ਤੋਂ ਬਿਨਾਂ ਨਹੀਂ ਹੋਇਆ।

ਸਾਰੀ ਰਾਤ ਉਨ੍ਹਾਂ ਮੁਜਾਰਿਆਂ ਦੇ ਘਰ ਚੀਕ ਚਿਆੜਾ ਰਿਹਾ, ਜਿਹੜੇ ਇਸ ਅੱਗ ਦੀ ਲਪੇਟ ਵਿਚ ਆ ਗਏ ਸਨ। ਅੱਗੇ ਕੀ ਹੋਵੇਗਾ, ਸਭ ਨੂੰ ਨਜ਼ਰ ਆ ਰਿਹਾ ਸੀ। ਕਰਜ਼ੇ ਚੁੱਕਣੇ ਪੈਣਗੇ, ਗਾਈਆਂ ਮੱਝਾਂ ਵੇਚਣੀਆਂ ਪੈਣਗੀਆਂ ਤੇ ਹੋਰ ਸੌ ਤਰਲੇ ਹਾੜੇ। ਕਿੰਨਿਆਂ ਦੇ ਵਿਆਹ, ਕਿੰਨਿਆਂ ਦੀਆਂ ਕੁੜਮਾਈਆਂ ਤੇ ਕਿੰਨਿਆਂ ਦੀਆਂ ਹੋਰ ਧਾਰਮਿਕ ਰਸਮਾਂ ਧਰੀਆਂ ਰਹਿ ਜਾਣਗੀਆਂ। ਅਗਲੇ ਕਈ ਸਾਲ ਭੁੱਖ, ਨੰਗ ਤੇ ਕੁਰਲਾਹਟ ਦੇ ਹੋਣਗੇ।

ਚੌਧਰੀ ਚੁੱਪ ਸੀ। ਉਸ ਦਾ ਘਾਟਾ ਗੇੜ ਪਾ ਕੇ ਪੂਰਾ ਹੋ ਜਾਣਾ ਸੀ। ਜਲੇ ਦਾਇਆਂ ਜਿੰਨੇ ਪੈਸੇ ਤਾਂ ਵਿਆਜ ਰਾਹੀਂ ਹੀ ਆ ਜਾਣਗੇ। ਸਗੋਂ ਇਸ ਨਾਲ ਤਾਂ ਉਸ ਦੀ ਪਕੜ ਮਜਬੂਤ ਹੋਏਗੀ।

ਮੂੰਹ ਹਨੇਰੇ ਕਸਿਆ ਕਸਾਇਆ ਚੌਧਰੀ ਦਾ ਵੱਡਾ ਮੁੰਡਾ ਆਇਆ, ਜਲੇ ਪਿੜਾਂ ਨੂੰ ਇਕ ਟਕ ਦੇਖਿਆ ਤੇ ਘੋੜੀ ਦਾ ਮੂੰਹ ਸ਼ਹਿਰ ਵੱਲ ਮੋੜ ਲਿਆ।

ਸ਼ਾਮ ਨੂੰ ਦਗੜ ਦਗੜ ਕਰਦੀ ਪੁਲਿਸ ਪਿੰਡ ਆ ਧਮਕੀ। ਸਰਦਾਰ ਨੇ ਰਸਤੇ ਵਿਚ ਹੀ ਸਗਾਵਤ ਕੀਤਾ। ਦਿਵਾਨਖਾਨਾ ਖੁਲਵਾ ਕੇ ਛਿੜਕਾਅ ਕਰਵਾ ਦਿੱਤਾ ਗਿਆ ਸੀ। ਪੰਜ ਚਾਰ ਗੇੜੇ ਖੇਤਾਂ ਵਿਚ ਮਾਰੇ, ਗਵਾਹੀਆਂ ਸੁਣੀਆਂ ਤੇ ਸਾਰੀ ਪੁਲਿਸ ਦਿਵਾਨਖਾਨੇ ਇਉਂ ਟਿਕ ਗਈ ਜਿਵੇਂ ਸਰਕਾਰੀ ਚੌਕੀ ਹੋਵੇ। ਚੌਧਰੀ ਨੇ ਕਈ ਗੇੜੇ ਮਾਰੇ। ਪਰ ਉਸ ਦਾ ਕਿਸੇ ਪਾਣੀ ਵੀ ਨਾ ਪੀਤਾ।

ਸਾਰੀ ਰਾਤ ਬੋਤਲਾਂ ਦੇ ਡਾਟ ਟੁੱਟਦੇ, ਕਬਾਬ ਭੁਜਦੇ ਤੇ ਹਾਸੇ ਗੂੰਜਦੇ ਰਹੇ।

ਚੌਧਰੀ ਨੇ ਬਲਦੇਵ ਤੇ ਸ਼ੱਕ ਲਿਖਾਇਆ ਸੀ। ਪਰ ਸਰਦਾਰ ਨੇ ਥਾਣੇਦਾਰ ਨਾਲ ਜਿੰਨੀਆਂ ਗੱਲਾਂ ਕੀਤੀਆਂ, ਉਨ੍ਹਾਂ ਸਾਰੇ ਸ਼ੱਕ ਦੂਰ ਕਰ ਦਿੱਤੇ।

ਅਗਲਾ ਦਿਨ ਸੱਥ ਵਿਚ ਬੈਠ ਕੇ ਕਾਗ਼ਜ਼ ਪੱਤਰ ਲਿਖਦਿਆਂ ਬੀਤਿਆ।

'ਜਿੰਨਾ ਚਿਰ ਸਾਰੇ ਸਬੂਤ ਪੱਕੀ ਤਰ੍ਹਾਂ ਨਹੀਂ ਮਿਲ ਜਾਂਦੇ ਕਿਸੇ ਨੂੰ ਕਿਵੇਂ ਫੜਿਆ ਜਾ ਸਕਦੈ....' ਜਾਣ ਲੱਗੇ ਥਾਣੇਦਾਰ ਨੇ ਹੁਕਮ ਸੁਣਾਇਆ।

ਸ਼ਾਮ ਨੂੰ ਬਲਦੇਵ ਤੇ ਸਰਦਾਰ ਥਾਨੇਦਾਰ ਨੂੰ ਘੋੜੀਆਂ 'ਤੇ ਸ਼ਹਿਰ ਤੱਕ ਛੱਡਣ ਗਏ।

'ਸੁਣਿਐ ਇਸ਼ਕ ਚਲਦੈ ਤੇਰਾ ਕਰਤਾਰੋ ਨਾਲ ?' ਵਾਪਸ ਆਉਂਦੇ ਸਰਦਾਰ ਨੇ ਗੱਲ ਤੋਰੀ। 'ਨਹੀਂ ਜੀ....ਬਸ ਐਵੇਂ।'

'ਝਿਜਕਦਾ ਕਿਉਂ ਐ ਤੂੰ ? ਇਹ ਕਿਹੜੀ ਗੱਲ ਐ। ਜਵਾਨੀ 'ਚ ਸਾਰੇ ਕਰਦੇ ਨੇ। ਅਸੀਂ ਕਿਹੜਾ ਨਹੀਂ ਕਰਦੇ। ਨਾਲੇ ਵਿਆਹੇ ਵਰੇ ਆਂ।'

ਬਲਦੇਵ ਸਿਰਫ ਮੁਸਕ੍ਰਾਇਆ।

'ਕਰਾ ਦੇਈਏ ਫੇਰ ਅਮਲੀ ਨਾਲ ਤੇਰੀ ਗੱਲ ?'

'ਅਮਲੀ ਲਾਲਚੀ ਜਾ ਲਗਦੈ। ਅਖੇ ਪੰਜ ਸੌ ਮੰਗਦੈ। ਪਰ ਆਪਾਂ ਤਾਂ ਅਗੇ ਈ ਕਰਜ਼ਾਈ ਆਂ।'

'ਪੰਜ ਸੌ ਪਏ ਢੱਠੇ ਖੂਹ 'ਚ। ਜੇ ਦਿਲ ਐ ਤਾਂ ਦੱਸ। ਇਹ ਮੈਂ ਜਾਣਾ ਮੇਰਾ ਕੰਮ। ਆਪਾਂ ਬਥੇਰਾ ਲੈਣਾ ਉਹਤੋਂ। ਜੇ ਅੜ ਖੜ ਕਰੂ ਆ ਰਫਲ ਹੈ ਗੀ।'

'ਦੇਖ ਲੋ ਜੀ ਜੇ ਮੰਨਦੈ ਫੇਰ। ਆਪਾਂ ਸੋਡਾ ਅਸਾਨ ਨੀ ਭੁੱਲਦੇ ਉਮਰ ਭਰ।'

'ਇਕ ਗੱਲ ਦੱਸ ਕਰਤਾਰੋ ਤਾਂ ਨੀ ਭਜਦੀ ਕਿਤੇ ? ਉਹ ਖਰਾਂਟ ਸੁਣੀਦੀ ਐ। ਕਿਤੇ ਮੈਂ ਮਨਾਉਂਦਾ ਰਹਿ ਜਾਂ ਉਹ ਸਿਰ ਫੇਰ ਦੇ।'

'ਇਹ ਮੇਰਾ ਜ਼ਿਮਾ ਰਿਹਾ। ਉਹ ਤਾਂ ਆਪੇ ਆਖਦੀ ਹੁੰਦੀ ਐ। ਇਕ ਦਿਨ ਆਖੇ ਚੱਲ ਕਿਧਰੇ ਨਿਕਲ ਚੱਲੀਏ। ਉਹ ਨਹੀਂ ਕੁਸਕਦੀ।

'ਲੈ ਫੇਰ ਸਮਝ ਤੇਰੀ ਹੋ ਗਈ ਕਰਤਾਰੋ ਅੱਜ ਤੋਂ।

ਫੇਰ ਕਾਫੀ ਦੇਰ ਉਹ ਆਪਣੇ ਆਪ ਵਿਚ ਖੋਏ ਰਹੇ।

'ਲੈ ਬਈ ਬਲਦੇਵ ਇਕ ਗੱਲ ਆਪਾਂ ਪਹਿਲਾਂ ਹੀ ਖੋਲ੍ਹ ਲਈਏ। ਪਿਛੋਂ ਰਉਲਾ ਪਊ। ਭਰਜਾਈ ਹੋਊ ਮੇਰੀ।

ਫੇਰ ਕਿਤੇ ਪਿੱਛੇ ਨਾ ਪੈ ਜਾਇਆ ਕਰੀਂ।' ਸਰਦਾਰ ਬਲਦੇਵ ਦੀਆਂ ਅੱਖਾਂ ਵਿਚ ਝਾਕਿਆ।

'ਤੁਸੀਂ ਤਾਂ ਸਾਡੇ ਸਭ ਕੁਝ ਓ ਜੀ।'

'ਹੋਰ ਕੁਝ ਨੀ। ਬੱਸ ਕਰਤਾਰੋ ਦਾ ਦਿਉਰ।'

'ਲੈ ਫੇਰ ਅੱਜੇ ਮਿਲਦਾਂ ਅਮਲੀ ਨੂੰ। ਫੇਰ ਈ ਜਾਊਂ ਘਰ। ਆ ਜਾਈਂ ਆਥਨੇ। ਦਸੂੰ ਸਾਰੀ ਗੱਲ।'

'ਚੰਗਾ ਜੀ ਮੈਂ ਖੇਤ 'ਚ ਠਹਿਰਦਾਂ। ਥੋੜਾ ਜਾ ਕੰਮ ਰਹਿੰਦੈ।' ਖੇਤ ਕੋਲ ਅੱਪੜ ਕੇ ਬਲਦੇਵ ਨੇ ਘੋੜੀ ਹੌਲੀ ਕਰ ਲਈ।

'ਚੰਗਾ ਜਾ।'

'ਅੱਛਾ ਜੀ।'

ਬਲਦੇਵ ਨੂੰ ਕੋਈ ਕੰਮ ਨਹੀਂ ਸੀ। ਉਹ ਸਿਰਫ਼ ਇਕਾਂਤ ਚਾਹੁੰਦਾ ਸੀ। ਜਿਥੇ ਬੈਠ ਕੇ ਉਹ ਕਰਤਾਰੋ ਦੇ ਸੁਪਨੇ ਲੈ ਸਕੇ। ਵਾਰ ਵਾਰ ਉਹ ਸੂਰਜ ਵੱਲ ਤਕਦਾ ਜਿਹੜਾ ਹਾਲੀਂ ਤੱਕ ਉਵੇਂ ਜਿਵੇਂ ਖੜ੍ਹਾ ਸੀ। ਕਦੋਂ ਉਹ ਛੁਪੇ ਤੇ ਕਦੋ ਉਹ ਸਰਦਾਰ ਦੇ ਮੂੰਹੋਂ ਆਪਣੀ ਕਰਤਾਰੋ ਦੀ ਗੱਲ ਸੁਣੇ।

ਪਰ ਸੂਰਜ ਸੀ ਕਿ ਛੁਪਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ।

9

ਸਰਦਾਰ ਦਾ ਸੁਨੇਹਾ ਮਿਲਦਿਆਂ ਹੀ ਅਮਲੀ ਭੱਜਿਆ ਆਇਆ। ਜੂਆਂ ਨਾਲ ਭਰਿਆ ਸਿਰ, ਮੈਲ ਭਰੀ ਪੱਗ, ਦਾੜ੍ਹੀ ਵਿਚ ਡਿੱਗੀਆਂ ਰਾਲਾਂ, ਮੂੰਹ 'ਤੇ ਛਾਈ ਘਬਰਾਹਟ, ਅੰਦਰ ਧਸੀਆਂ ਅੱਖਾਂ ਅਤੇ ਉਨ੍ਹਾਂ ਉਤੇ ਜੰਮੀ ਗਿੱਡ, ਸਭ ਮਿਲ ਕੇ ਉਸ ਨੂੰ ਡਰਾਉਣਾ ਬਣਾ ਰਹੀਆਂ ਸਨ। ਉਬਾਸੀਆਂ ਲੈਂਦਾ, ਡੱਕੋ ਡੋਲੇ ਖਾਂਦਾ ਉਹ ਸਰਦਾਰ ਦੇ ਪੈਰੀਂ ਆ ਬੈਠਾ।

'ਅਮਲੀਆ ਕਿਵੇਂ ਭੁਲ ਈ ਗਿਆਂ ਲਗਦੈ...' ਸਰਦਾਰ ਨੇ ਗੇੜੇ ਨਾਲ ਗੱਲ ਸ਼ੁਰੂ ਕੀਤੀ।

'ਲੈ ਜੀ ਐਤਕੀਂ ਮੈਂ ਜ਼ਰੂਰ ਤਾਰ ਦਿਊਂ ਸੋਡੇ ਪੈਸੇ।'

'ਨਾ ਐਤਕੀਂ ਕੀ ਤੇਰੀ ਪੈਨਸ਼ਨ ਆਊ ਬਾਈ ਤਾਰ ਦੇਵੇਂਗਾ।'

'ਤੂੰ ਸਿਰ ਦਾ ਸਾਈਂ ਐਂ। ਤੇਰੇ ਕੋਲ ਕਾਹਦਾ ਲੁਕ। ਕਰਤਾਰੋ ਦੀ ਗੱਲ ਚਲਦੀ ਐ। ਹਰਨਾਮੀ ਵਿਚੋਲੀ ਐ।

ਪੰਜ ਸੌ ਜਿਹੜਾ ਮਿਲੂ ਥੋਨੂੰ ਦੇ ਦੂੰ।'

'ਕਾਹਦੇ ਆਖੇ ਨੇ ਪੰਜ ਸੌ ?' ਸਰਦਾਰ ਦੀ ਅਵਾਜ਼ ਵਿਚ ਬੇ-ਰੁਖੀ ਸੀ।

'ਲਊ ਜੀ ਸੋਥੋਂ ਕਾਹਦੀ ਲੁਕਾ ਮੈਂ ਆਖਿਆ ਨਾਲੇ ਕੁੜੀ ਬਾਰੋਂ ਉਠ ਜੂ ਨਾਲੇ ਸੋਡਾ ਕੰਮ ਹੋ ਜੂ। ਫੇਰ ਆਪਾਂ ਸੁਰੂ ਖਰੂ ਹੋ ਜਾਂ ਗੇ। ਹੋਰ ਆਪਾਂ ਕਿਹੜੀ ਜ਼ਮੀਨ ਦੇ ਵਟਨੇ ਨੇ। ਰੱਬ ਭਲਾ ਕਰੇ ਸੋਡਾ....ਬਥੇਰਾ ਮੇਰੇ ਸਿਰ 'ਤੇ ਹੱਥ ਰਿਹੈ।'

'ਤਾਂ ਫੇਰ ਤੂੰ ਕੁੜੀ ਨੂੰ ਗਾਂ ਮੱਝ ਵਾਂਗ ਵੇਚਣ ਡਿਹੈਂ। ਤੈਨੂੰ ਆਪਣੀ ਸ਼ਰਮ ਤਾਂ ਨਹੀਂ ਸਾਡੀ ਓ ਕਰ ਲਿਆ ਕਰ। ਸਾਡੀ ਕੀ ਰਹੂ। ਸਾਰੇ ਪਿੰਡ ਦੀ ਜੜ੍ਹ ਪਟੇਂਗਾ। ਅਸੀਂ ਨਹੀਂ ਇਹ ਕੁਝ ਹੋਣ ਦੇਣਾ। ਸਮਝ ਗਿਆ...।'

'ਨਾ ਜੀ ਤੁਸੀਂ ਨਾ ਕੋਈ ਗੱਲ ਟੋਕੋ। ਫੇਰ ਮੈਂ ਮਰਜੂੰ।'

'ਓਏ ਕੰਜਰਾ ਅਮਲ ਨੇ ਤੇਰੇ ਹੱਡ ਤਾਂ ਖੋਰੇ ਹੀ ਸੀ ਅਕਲ ਵੀ ਖਾ ਲਈ। ਕਦੇ ਕਰਤਾਰੋ ਵਨੀ ਦੇਖਿਐ। ਉਹਨੇ ਕੋਈ ਨੀ ਨਾਲ ਤੁਰਨਾ। ਜੇ ਮਾੜੀ ਮੋਟੀ ਅਕਲ ਕੰਮ ਕਰਦੀ ਐ ਇੱਜ਼ਤ ਰੱਖ ਲੈ। ਉਹ ਬਲਦੇਵ ਨਾਲ ਫਿਰਦੀ ਐ ਨਿਕਲਣ ਨੂੰ। ਸਮਾਂ ਵਿਚਾਰ ਅਮਲੀਆ।'

'ਹੈਂ ਜੀ ? ਮੈਂ ਉਨ੍ਹਾਂ ਦੀਆਂ ਲੱਤਾਂ ਨੀ ਵੱਢ ਦੂੰ।'

'ਕੀਹਦੀਆਂ ? ਤੇਰੇ ਭੋਰਾ ਅੰਦਰ ਗਈ ਲਗਦੀ ਐ। ਆਪਣੇ ਹੱਡ ਨਾ ਤੁੜਾ ਬਹੀਂ ਕਿਤੇ। ਚੁੱਪ ਕਰਕੇ ਕਰਤਾਰੋ ਉਹਦੇ ਲੜ ਲਾ ਦੇ।'

'ਇਹ ਨਹੀਂ ਹੋ ਸਕਦਾ| ਮੈਂ ਸੋਡੇ ਪੈਸੇ ਤਾਰਨੇ ਨੇ। ਉਹਦਾ ਕੀ ਬਣੂ ?'

'ਉਹ ਮੈਂ ਆਪੇ ਕਰ ਲੂੰ। ਤੇਰਾ ਨਾਮਾ ਉਹਦੇ ਸਿਰ ਲਿਖ ਦੂੰ...।'

'ਅੱਛਾ ਜੀ ? ਫੇਰ ਠੀਕ ਐ। ਇਕ ਬੇਨਤੀ ਹੋਰ। ਥੋੜੇ ਮੋਟੇ ਮੈਨੂੰ। ਆਖਰੀ ਅਮਲ ਕਰਨੇ ਮੈਂ। ਰੱਜ ਕੇ ਖਾਣੀ ਐ। ਸਾਰੀ ਉਮਰ ਨੀ ਖਾਧੀ। ਤੇ ਫੇਰ ਬਸ....' ਅਮਲੀ ਇਉਂ ਤਰਲੇ ਲੈਣ ਲਗਿਆ, ਜਿਵੇਂ ਅਮਲੀ ਦੀ ਜੇਬ ਹੁਣੇ ਨੋਟਾਂ ਨਾਲ ਭਰ ਜਾਏਗੀ।

'ਚੰਗਾ ਦੇਖਾਂਗੇ। ਤੂੰ ਪੱਕਾ ਰਹੀਂ।'

'ਜੇ ਕਰਾ ਦੋ ਫੇਰ ਕੀ ਐ ਜੀ। ਤੁਸੀਂ ਵਿਚ ਓ ਤਾਂ ਮੈਨੂੰ ਕੀ ? ਜਿਵੇਂ ਆਖੋ ਕਰ ਲੂੰ। ਗੰਗਾ ਨਹਾ ਲਊਂ ਫੇਰ ਤਾਂ। ਸੋਡੇ ਕੰਮ ਦਾ ਬੜਾ ਫਿਕਰ ਸੀ।'

'ਕੱਲ੍ਹ ਨੂੰ ਆ ਜੀਂ। ਤੇਰਾ ਵਰਕਾ ਪਾੜਦਾਂ ਗੇ।'

'ਚੰਗਾ ਜੀ ! ਸ਼ਾਬਾਸ਼....। ਤੁਸੀਂ ਬਸ ਰੱਬ ਦੇ ਰੂਪ ਓ...ਮੇਰਾ ਖ਼ਿਆਲ ਰੱਖਿਉ|'

ਅਮਲੀ ਉਠਿਆ, ਸਰਦਾਰ ਦੇ ਪੈਰਾਂ ਕੋਲ ਧਰਤੀ 'ਤੇ ਹੱਥ ਲਾਏ ਤੇ ਇਉਂ ਖ਼ੁਸ਼ੀ ਖ਼ੁਸ਼ੀ ਮੁੜ ਗਿਆ, ਜਿਵੇਂ ਕੁੜਮਾਈ ਹੋਈ ਹੋਵੇ।

10

ਅਗਲੇ ਮਹੀਨੇ ਉਹ ਕਰਤਾਰੋ ਨੂੰ ਹੱਥੀਂ ਵਿਆਹ ਕੇ ਲਿਆਇਆ। ਅਮਲੀ ਦਾ ਕਰਜ਼ਾ ਬਲਦੇਵ ਦੇ ਨਾਂ ਲਿਖ ਦਿੱਤਾ ਗਿਆ ਅਤੇ ਕੁਝ ਨਕਦ ਉਹਦੀ ਝੋਲੀ ਪੈ ਗਿਆ। ਪਿੰਡ ਦੀ ਕੁੜੀ ਪਿੰਡ ਵਿਚ ਵਿਆਹੇ ਜਾਣ ਤੇ ਭਾਵੇਂ ਦੰਦ ਹਿੱਲਿਆ ਸੀ, ਪਰ ਸਰਦਾਰ ਦੀ ਖੁਲ੍ਹ ਦਿਲੀ ਦੀ ਫੇਰ ਵੀ ਚਰਚਾ ਸੀ।

ਸਰਦਾਰ ਦੀ ਰੀਝ, ਜਿਸ ਲਈ ਉਹਨੇ ਡਰਾਮਾ ਰਚਿਆ ਸੀ, ਫੇਰ ਵੀ ਪੂਰੀ ਨਾ ਹੋਈ। ਕਰਤਾਰੋ ਦੀ ਮਟਕ ਨੂੰ ਸਗੋਂ ਹੋਰ ਖੰਭ ਲੱਗ ਗਏ ਸਨ। ਉਹ ਉਸ ਦੀ ਪਹੁੰਚ ਤੋਂ ਹੋਰ ਦੂਰ ਹੁੰਦੀ ਜਾ ਰਹੀ ਸੀ।

'ਆਪੇ ਆਉਣੋ ਇਹ ਰਹੀ। ਇਹ ਤਾਂ ਰੋਹਬ ਨਾਲ ਕਾਬੂ ਕਰਨੀ ਪਊ|' ਇਕ ਵਾਰ ਫੇਰ ਉਹਨੇ ਕਰਤਾਰੋ ਨੂੰ ਟੋਹਨ ਦੀ ਯੋਜਨਾ ਬਣਾਈ। ਸਵੇਰੇ ਹੀ ਉਹਨੇ ਬਲਦੇਵ ਨੂੰ ਸ਼ਹਿਰ ਘਲ ਦਿੱਤਾ ਤੇ ਆਪ ਰੋਟੀ ਲੈ ਕੇ ਆਉਣ ਵਾਲੀ ਕਰਤਾਰੋ ਦੀ ਉਡੀਕ ਵਿਚ ਬੈਠ ਗਿਆ।

ਸਿਖਰ ਦੁਪਹਿਰੇ, ਸੁੰਨ ਸਾਨ ਖੇਤ ਵਿਚ ਇਕੱਲੀ ਅਤੇ ਫੇਰ ਲਾਲ ਸਲਵਾਰ ਤੇ ਨੀਲੀ ਸਾਟਨ ਦੀ ਕੁੜਤੀ ਵਿਚ ਦਗ ਦਗ ਮਘਦੀ ਕਰਤਾਰੋ ਨੂੰ ਦੇਖ ਕੇ ਸਰਦਾਰ ਦੇ ਦਿਲ ਵਿਚ ਰੁੱਗ ਜਿਹਾ ਭਰਿਆ ਗਿਆ।

'ਜੀ ਬਲਦੇਵ ?' ਕਰਤਾਰੋ ਦੇ ਸ਼ਬਦ ਉਹਦੇ ਤੀਰ ਵਾਂਗ ਵੱਜੇ। ਕਈ ਸਕਿੰਟ ਉਹ ਚੁੱਪ ਰਿਹਾ। 'ਪਰਲੇ ਪਾਸੇ ਹੋਊ। ਬਲਦਾਂ ਕੋਲੇ ਦੇਖ ਤਾਂ...ਸਰਦਾਰ ਦੇ ਸ਼ਬਦ ਥਿੜਕ ਰਹੇ ਸਨ। ਕਰਤਾਰੋ ਨੂੰ ਮੱਕੀ ਉਹਲੇ ਨੱਪਣ ਦਾ ਖ਼ਿਆਲ ਉਹਨੂੰ ਹੁਣੇ ਹੁਣੇ ਸੁਝਿਆ ਸੀ।

'ਕਰਤਾਰੋ ਹੁਣ ਤਾਂ ਮੈਂ ਤੇਰੇ ਲਈ ਬਹੁਤ ਕੁਝ ਕਰ ਲਿਐ....' ਕਰਤਾਰੋ ਨੂੰ ਮੱਕੀ ਕੋਲ ਘੇਰ ਕੇ ਬਾਹਾਂ ਵਿਚ ਲੈਣ ਦਾ ਉਹਨੇ ਅਸਫਲ ਜਿਹਾ ਯਤਨ ਕੀਤਾ।

'ਭੈੜਿਆ ਮੈਂ ਇਹੋ ਜੀ ਨੀ...' ਜਦੋਂ ਸਰਦਾਰ ਨੇ ਉਹਨੂੰ ਬਾਹਾਂ ਵਿਚ ਘੁਟਿਆ। ਕਰਤਾਰੋ ਨੇ ਉਹਦੇ ਮੋਢੇ 'ਤੇ ਬੁਰਕ ਭਰਿਆ। ਹੱਥ ਵਿਚਲੀ ਬਲਨੀ ਤੇ ਪੋਣੇ ਨੂੰ ਉਥੇ ਹੀ ਸਿਟ ਕੇ ਮੁੜ ਪਹੇ ਵੱਲ ਨੂੰ ਦੌੜ ਪਈ। 'ਭੱਜ ਕੇ ਕਿਹੜੇ ਭੜੂਏ ਕੋਲੇ ਜਾਵੇਂਗੀ ? ਤੂੰ ਮੈਨੂੰ ਸਮਝਿਆ ਕੀ ਐ ? ਮੈਂ ਆਖਿਆ ਚੱਲ ਕੀ ਲੈਣੇ ? ਦੇਖੀਂ ਜੇ ਆਪ ਆ ਕੇ ਪੈਰੀਂ ਨਾ ਪਈ ਤੂੰ ਵੀ ਕੀ ਸਮਝੇਂਗੀ ਕੁੱਤੀਏ ? ਜਿਸ ਬਲਦੇਵ ਦਾ ਤੂੰ ਹੰਕਾਰ ਕਰਦੀ ਐਂ ਦਿਨਾਂ ਵਿਚ ਖ਼ਤਮ ਕਰ ਦੂੰ।' ਰੋਹ ਵਿਚ ਆਏ ਸਰਦਾਰ ਨੇ ਕਰਤਾਰੋ ਨੂੰ ਦੇਖਣ ਦਾ ਫੈਸਲਾ ਕੀਤਾ। ਇਸ ਲਈ ਉਹਨੂੰ ਕੁਝ ਵੀ ਕਿਉਂ ਨਾ ਕਰਨਾ ਪਏ।

11

ਦੇਖ ਬੇਬੇ ਦਿਨ ਕਿਥੇ ਆ ਗਿਆ ? ਪਰਛਾਵੇਂ ਓ ਚਲੇ ਗਏ...। ਤੂੰ ਹੁਣ ਆਈ ਐਂ ! ਦਸ ਇਹ ਵੇਲਾ ਰੋਟੀ ਖਾਣ ਦਾ ?'

'ਤੁਰੀ ਬਥੇਰਾ ਸੰਦੇਹਾਂ ਸੀ ਚੰਦਰਿਆ। ਨਿਪੁਤੇ ਗੋਡੇ ਵੀ ਤੁਰਨ ਦੇਣ। ਪੰਜਾਹ ਥਾਵੇਂ ਬੈਠ ਬੈਠ ਆਈ ਆਂ। ਹੁਣ ਤਾਂ ਸਾਹ ਵੀ ਚੜ੍ਹਨ ਲੱਗ ਪਿਐ।'

'ਜੇ ਨਹੀਂ ਤੁਰ ਹੁੰਦਾ ਘਰੇ ਬੈਠੀ ਰਿਹਾ ਕਰ। ਪੰਡਤ ਨੇ ਸੁਖ ਕੇ ਦਿਤੈ। ਕਰਤਾਰੋ ਕੀ ਕਰਦੀ ਐ। ਉਹਦਾ ਹੋਰ ਅਚਾਰ ਪੌਣੈ। ਭੇਜ ਦਿਆ ਕਰ ਉਹਨੂੰ।'

'ਤੇਰਾ ਖ਼ਿਆਲ ਐ ਮੈਂ ਨੀ ਭੇਜਦੀ ? ਬਥੇਰਾ ਹਾੜੇ ਕੱਢਦੀ ਆਂ ? ਜੇ ਆਖੇ ਲਗੇ ਫੇਰ ਕੀ ਐ ? ਮੈਨੂੰ ਚੰਦਰੀ ਨੂੰ ਕੀ ਚਾ ਐ ਨਿਤ ਧਕੇ ਖਾਣ ਦਾ।'

'ਉਹਨੂੰ ਹੋ ਕੀ ਗਿਆ ? ਪਹਿਲਾਂ ਬਥੇਰੀ ਭਜੀ ਭਜੀ ਆਉਂਦੀ। ਹੁਣ ਉਈਂ ਦੜ੍ਹ ਵਟ ਗੀ। ਹਰ ਰੋਜ਼ ਪੁਛਦੈਂ ਕੁਝ ਨਹੀਂ ਦਸਦੀ। ਮੈਂ ਤਾਂ ਸਗੋਂ ਅੱਕ ਗਿਆਂ।'

'ਤੂੰ ਨਿਆਣੈ। ਹਾਲੇ ਤੈਨੂੰ ਸਮਝ ਨੀ। ਬਹੂ ਡਰੀ ਹੋਈ ਐ। ਇਕ ਵਾਰ ਜਦੋਂ ਤੂੰ ਸ਼ਹਿਰ ਗਿਆ ਸੀ ਪਿਛੋਂ ਤੇਰੀ ਰੋਟੀ ਲੈ ਕੇ ਜਦੋਂ ਘਰ ਮੁੜੀ ਪੀਲੀ ਭੂਕ ਹੋਈ ਹੋਈ ਸੀ। ਸਾਹ ਨਾਲ ਸਾਹ ਨਾ ਰਲੇ। ਮੇਰਾ ਦੇਖ ਕੇ ਦਿਲ ਧੜਕ ਗਿਆ। ਹੋਵੇ ਨਾ ਤਾਂ ਕੋਈ ਗੱਲ ਐ। ਬਥੇਰਾ ਪੁੱਛਿਆ। ਦੱਸੇ ਨਾ। ਫੇਰ ਆਪੇ ਆਥਨੇ ਆਖਣ ਲੱਗੀ ਆ ਜਿਹੜਾ ਰਸਤੇ 'ਚ ਛੱਪੜ 'ਤੇ ਬੋਹੜ ਐ ਇਥੇ ਮੇਰਾ ਰਾਹ ਘੇਰਿਆ ਕਿਸੇ ਚੜੇਲ ਨੇ। ਮੈਂ ਬਥੇਰਾ ਸਮਝਾਇਆ ਸੀ। ਇਥੇ ਸਾਧਾਂ ਦੀ ਜੀਤੋ ਮਰੀ ਐ ਪੀਂਘ ਛੂਟਦੀ। ਪਰ ਮੰਨੀ। ਅਜਿਹੀ ਡਰੀ ਐ ਹੁਣ ਜੇ ਰੋਟੀ ਦਾ ਨਾਂਅ ਵੀ ਲਉ ਡਰ ਕੇ ਕੰਬਣ ਲੱਗ ਜਾਂਦੀ ਐ। ਪਤਾ ਨਹੀਂ ਚੰਦਰੀ ਨੂੰ ਕੀ ਡਰ ਬੈਠ ਗਿਆ। ਘਰੋਂ ਪੈਰ ਨਹੀਂ ਪੁੱਟ ਕੇ ਰਾਜ਼ੀ ਨਾ।'

'ਮੈਨੂੰ ਵੀ ਇਉਂ ਈ ਆਖਦੀ ਸੀ। ਡਰਨ ਵਾਲੀ ਤਾਂ ਹੈ ਨੀ। ਦੁਪਹਿਰ ਵੇਲੇ ਤਾਂ ਉਥੇ ਕਾਂ ਵੀ ਨਹੀਂ ਟਿਕਦੇ। ਉਹਦੀ ਗੱਲ ਸੱਚੀ ਐ ਬੇਬੇ।'

'ਮੈਂ ਕਿਹੜਾ ਕਹਿੰਦੀ ਆਂ ਝੂਠ ਐ। ਪੁੱਛ ਵਾਲੇ ਨੇ ਵੀ ਇਹੋ ਦੱਸਿਐ।

ਇਕ ਤਬੀਤ ਵੀ ਪਾਇਆ ਗਲ 'ਚ। ਹੁਣ ਤਾਂ ਨਾਲੇ ਮੈਂ ਉਹਨੂੰ ਉਈਂ ਨੀ ਬਾਹਰ ਕੱਢਦੀ। ਕੱਲ੍ਹ ਦੀ ਉਲਟੀ ਜਾਂਦੀ ਐ। ਰੱਬ ਭਲੀ ਕਰੇ।'

'ਉਲਟੀ ਜਾਂਦੀ ਐ ? ਓ ਤੇਰੇ ਰਬੇ ਦੀ। ਹੁਣ ਲਿਆ ਫੇਰ ਵੈਦ ਤੋਂ ਪੁੜੀ। ਹੋਰ ਲੱਗਣ ਨੂੰ ਘਰ ਕਰੂ।'

'ਵੈਦ ਦੀ ਫੂਕਣੈ। ਇਹ ਬੁੜੀਆਂ ਠੇਰੀਆਂ ਦਾ ਕੰਮ ਐ। ਮੈਂ ਆਪੇ ਦੇਖ ਲੂੰ। ਦੋ ਸੇਰ ਘਿਉ ਪੁੱਛ ਕਿਤੋਂ। ਹੁਣ ਲਭੇਂਗਾ ਤਾਂ ਉਦੋਂ ਤਾਈਂ ਮਿਲੂ।'

'ਘਿਉ ਕੀ ਕਰਨੈ ? ਕੁੜੀ ਕਨੀਉਂ ਸੁਨੇਹਾ ਆਇਆ ਕੋਈ ?'

'ਮੂੰਹ 'ਤੇ ਦਾੜ੍ਹੀ ਆ ਗਈ ਰਿਹਾ ਨਿਆਣੇ ਦਾ ਨਿਆਣਾ। ਕਰਤਾਰੋ ਦਾ ਪੈਰ ਭਾਰਾ...'

'ਅੱਛਾ ? ਵਾਹ ਨੀ ਬੇਬੇ। ਹੁਣ ਹੋਊ ਸਾਲਿਆਂ ਦੇ ਢਿੱਡ ਪੀੜ। ਸਵਾਦ ਆ ਗਿਆ...। ਐਂ ਕਰੀਂ ਅੱਜ ਆਥਨੇ ਕੰਬਲੀ ਵਾਲੇ ਸਾਧ ਕੋਲੋਂ ਜ਼ਰੂਰ ਲੈ ਜੀਂ। ਉਥੋਂ ਸਭ ਨੂੰ ਪੁੱਤ ਮਿਲਦੇ ਨੇ।

'ਜਾਈਂ ਮੇਰੀ ਬੇਬੇ ਬਣ ਕੇ...।'

'ਭੋਰਾ ਸਬਰ ਰੱਖਿਆ ਕਰ। ਮਸਤ ਕਿਉਂ ਗਿਆਂ ? ਤੂੰ ਘਰੇ ਵੜੇਂ ਤਾਂ ਕੋਈ ਕੰਮ ਹੋਵੇ। ਦੋ ਚਾਰ ਟੂਣੈ ਟਾਮਨ ਵੀ ਕਰਨੇ ਨੇ। ਅੱਜ ਜ਼ਰੂਰ ਆਈਂ। ਕਰਤਾਰੋ ਦਾ ਦਿਲ ਟਿਕ ਜੂ। ਘਾਬਰੀ ਪਈ ਐ।'

'ਮੈਂ ਨੀ ਆ ਸਕਦਾ। ਅਸੀਂ ਅੱਜ ਫੇਰ ਪਾਣੀ ਲਾਉਣੈ।'

'ਆਖ ਦੀਂ ਸਰਦਾਰ ਨੂੰ। ਹੋਰ ਬਥੇਰੇ ਨੇ ਪਾਣੀ ਲਾ ਲੈਣਗੇ।'

'ਨਹੀਂ ਬੇਬੇ ਮੈਂ ਸਰਦਾਰ ਨਰਾਜ਼ ਨੀ ਕਰਨਾ। ਉਹ ਬੜਾ ਚੰਗਾ ਬੰਦੈ। ਉਹਦਾ ਅਸਾਨ ਅਸੀਂ ਕਿਵੇਂ ਭੁੱਲ ਸਕਦੇ ਆਂ। ਹੁਣ ਫੇਰ ਉਹਦੇ ਤਾਈਂ ਲੋੜ ਪਊ। ਮੈਥੋਂ ਨਹੀਂ ਜਵਾਬ ਦੇ ਹੁੰਦਾ।...ਜਿਸ ਦਿਨ ਦਾ ਉਹ ਅਫੀਮ ਦੇਣ ਲਗਿਐ ਮੈਨੂੰ ਬੜਾ ਚੰਗਾ ਲਗਦੈ। ਰਾਤ ਅੱਧੀ ਰਾਤ ਹੋ ਗੀ ਪਾਣੀ ਲਾਉਂਦਿਆਂ ਨੂੰ। ਹੱਡ ਪੈਰ ਝੜਨ ਵਾਲੇ ਹੋਗੇ। ਜੀ ਕਰੇ ਘੂਕ ਸੌਂ ਜਾਂ। ਪਰ ਬੇਬੇ ਪਾਣੀ ਵਾਲੀ ਰਾਤ ਸੀ। ਜ਼ੋਰ ਕੋਈ ਨਾ ਚੱਲੇ। ਬਾਨੇ ਨੇ ਮੈਨੂੰ ਅਫੀਮ ਦਿੱਤੀ। ਸਰਦਾਰ ਨੇ ਦਿੱਤੀ ਸੀ ਮੇਰੇ ਹਿੱਸੇ ਦੀ ਉਹਨੂੰ। ਸਹੁੰ ਗੁਰੂ ਦੀ ਅਜਿਹਾ ਸਰੂਰ ਆਇਆ, ਅਜਿਹਾ ਸਰੂਰ ਆਇਆ ਤੜਕੇ ਤਕ ਪਤਾ ਹੀ ਨੀ ਲਗਿਆ। ਅਫੀਮ ਬੜੀ ਚੀਜ਼ ਐ ਬੇਬੇ। ਕਿੰਨਾ ਕੰਮ ਕਰ ਲੈ ਭੋਰਾ ਪਤਾ ਨੀ ਲਗਦਾ। ਮੈਂ ਵੀ ਆਖਿਆ ਬਾਨੇ ਵਰਗੇ ਇੰਨਾਂ ਕੰਮ ਕਿਵੇਂ ਕਰਦੇ ਨੇ। ਹੁਣ ਪਤਾ ਲਗਿਐ। ਦੇਖੂੰ ਉਨ੍ਹਾਂ ਨੂੰ ਹੁਣ...'

'ਤੂੰ ਰੋਣ ਕਿਉਂ ਲਗੀ ਐਂ ? ਖ਼ੁਸ਼ ਹੋ। ਤੇਰੇ ਘਰੇ ਪੋਤਾ ਹੋਣ ਵਾਲੈ।'

'ਤੂੰ ਅੱਜ ਪਾਣੀ ਲਾਏਂਗਾ। ਪਾਣੀ ਤੋਂ ਮੈਨੂੰ ਡਰ ਲਗਦੈ। ਪਾਣੀ ਸਾਡਾ ਪੀੜ੍ਹੀਆਂ ਤੋਂ ਵੈਰੀ ਐ। ਮੇਰਾ ਦਿਲ ਧੜਕਦੈ। ਜਿਸ ਦਿਨ ਮੇਰਾ ਦਿਲ ਇਸ ਤਰ੍ਹਾਂ ਧੜਕੇ ਜ਼ਰੂਰ ਕੁਝ ਮਾੜਾ ਹੁੰਦੈ। ਜਿਸ ਦਿਨ ਤੇਰਾ ਬਾਪੂ ਮਰਿਆ ਮੈਨੂੰ ਇਵੇਂ ਡਰ ਲਗਿਆ ਸੀ। ਤੂੰ ਅੱਜ ਪਾਣੀ ਨ ਲਾਈਂ। ਸਾਡੀ ਪੀੜ੍ਹੀ ਨੂੰ ਅੜ ਐ। ਪਾਣੀ ਸਾਥੋਂ ਬਲੀ ਲੈਂਦੈ। ਮੇਰਾ ਪਿਓ, ਮੇਰਾ ਭਰਾ ਸਭ ਪਾਣੀ 'ਚ ਮਰੇ। ਤੂੰ ਘਰ ਚਲ। ਅੱਜ ਪਾਣੀ ਨਾ ਲਾ। ਮੈਂ ਤੈਨੂੰ ਪਾਣੀ ਨਹੀਂ ਲਾਉਣ ਦੇਣਾ।'

ਤੂੰ ਕਿਹੋ ਜੀ ਐਂ ਬੇਬੇ। ਕਦੇ ਕਦੇ ਤੈਨੂੰ ਕੀ ਹੋ ਜਾਂਦੈ ? ਪਾਣੀ ਲਾਉਂਦਾ ਜੇ ਸੱਪ ਨੇ ਡਸ ਲਿਆ, ਫੇਰ ਕੀ ਹੋ ਗਿਆ। ਮੈਂ ਇਉਂ ਨਹੀਂ ਮਰਦਾ। ਦੇਖ ਮੇਰੇ ਹੱਡਾਂ ਵਿਚ ਕਿੰਨੀ ਜਾਨ ਐ। ਮੈਂ ਸੌ ਸਾਲ ਦਾ ਹੋ ਕੇ ਮਰੂੰ। ਚੱਲ ਤੂੰ ਘਰੇ। ਮੈਂ ਆਉਣਾ ਤੇਰੇ ਪਿੱਛੇ ਪਿੱਛੇ। ਸਰਦਾਰ ਨੂੰ ਆਖਦਾਂ। ਮੈਨੂੰ ਪਤਾ ਉਹ ਜਵਾਬ ਨਹੀਂ ਦਿੰਦਾ।'

'ਆ ਜਾਈਂ ਮੇਰਾ ਦਿਲ ਨਹੀਂ ਲਗਦਾ। ਨਹੀਂ ਚੱਲ ਅੱਜ ਮੈਂ ਇਥੇ ਹੀ ਬੈਠਦੀ ਆਂ ਤੇਰੇ ਕੋਲੇ।'

'ਨਹੀਂ ਬੇਬੇ ਕਰਤਾਰੋ ਘਰੇ ਕੱਲੀ ਐ। ਨਾਲੇ ਢਿੱਲੀ ਐ। ਮੈਂ ਹੁਣੇ ਆਉਣਾ। ਤੂੰ ਡਰਿਆ ਨਾ ਕਰ। ਮੇਰਾ ਦਿਲ ਵੀ ਖਰਾਬ ਕਰ ਦਿਨੀ ਐਂ।'

'ਮੇਰਾ ਪੁੱਤ ਬਣ ਕੇ ਆ ਜੀਂ। ਪਤਾ ਨੀ ਚਾਰ ਦਿਨ ਜਿਊਣੈ ਕਿ ਨਹੀਂ।'

'ਅੱਛਾ ! ਅੱਛਾ !! ਮੈਂ ਆਇਆ ਸਮਝ। ਲੈ ਮੈਂ ਤੈਨੂੰ ਵਾੜ ਤਕ ਕਰ ਆਉਣਾ। ਕਰਤਾਰੋ ਦਾ ਖ਼ਿਆਲ ਰੱਖੀਂ। ਆਖੀਂ ਪੁੱਤ ਜੰਮੇ। ਜੇ ਕੁੜੀ ਜੰਮੀ ਘਰੋਂ ਕੱਢ ਦੂੰ...।

12

ਸਾਲੀ ਦੇ ਵਿਆਹ ਤੇ ਤਿੰਨ ਦਿਨ ਆਖ ਕੇ ਗਏ ਸਰਦਾਰ ਨੂੰ ਅੱਜ ਅੱਠਵਾਂ ਦਿਨ ਸੀ। ਮੁਜਾਰੇ ਚਾਰ ਦਿਨਾਂ ਤੋਂ ਉਹਦਾ ਰਾਹ ਦੇਖ ਰਹੇ ਸਨ। ਉਨ੍ਹਾਂ ਨੂੰ ਮਿਲੀ ਅਫੀਮ ਕਈ ਦਿਨ ਤੋਂ ਮੁੱਕ ਚੁੱਕੀ ਸੀ। ਪਿਛਲੇ ਕਈ ਸਾਲਾਂ ਤੋਂ ਅਫ਼ੀਮ ਦਾ ਸਿਲਸਿਲਾ ਚਲਦਾ ਆ ਰਿਹਾ ਸੀ। ਸੁਬ੍ਹਾ ਸ਼ਾਮ ਸਰਦਾਰ ਖੇਤ ਚੱਕਰ ਮਾਰਦਾ। ਜਿਸ ਨੇ ਜਿੰਨਾ ਕੁ ਕੰਮ ਕਰਨਾ ਹੁੰਦਾ ਉਸ ਦੇ ਹਿਸਾਬ ਨਾਲ ਅਫ਼ੀਮ ਦੀਆਂ ਗੋਲੀਆਂ ਮਿਲਦੀਆਂ। ਵੱਧ ਅਫ਼ੀਮ ਦੇ ਝਲ 'ਚ ਮੁਜਾਰੇ ਵੱਧ ਕੰਮ ਕਰਦੇ। ਜ਼ਿਆਦਾ ਕੰਮ ਕਰਨ ਵਾਲੇ ਦਾ ਸਰਦਾਰ ਨੇ ਕਦੇ ਹੱਥ ਨਹੀਂ ਸੀ ਮੋੜਿਆ। ਜੇ ਕਦੇ ਸਰਦਾਰ ਨੇ ਬਾਹਰ ਜਾਣਾ ਹੁੰਦਾ ਉਨੇ ਦਿਨਾਂ ਦੀ ਅਫ਼ੀਮ ਉਸ ਨੂੰ ਪਹਿਲਾਂ ਮਿਲ ਜਾਂਦੀ। ਮੁੱਕਣ ਤੋਂ ਪਹਿਲਾਂ ਸਰਦਾਰ ਆ ਹਾਜ਼ਰ ਹੁੰਦਾ।

ਇਹ ਪਹਿਲੀ ਵਾਰ ਸੀ ਜਦੋਂ ਸਰਦਾਰ ਆਪਣੇ ਵਾਅਦੇ ਤੋਂ ਖੁੰਝ ਗਿਆ ਸੀ। ਇਹ ਵੀ ਪਹਿਲੀ ਵਾਰ ਸੀ ਜਦੋਂ ਮੁਜਾਰਿਆਂ ਨੂੰ ਲਗਿਆ ਉਨ੍ਹਾਂ ਦੇ ਸਰੀਰ ਨਿਰੇ ਅਫ਼ੀਮ ਦੇ ਭਾੜੇ ਚਲਣ ਜੋਗੇ ਰਹਿ ਗਏ ਹਨ। ਅਫ਼ੀਮ ਬਿਨਾਂ ਤਾਂ ਮੰਜੇ ਤੋਂ ਉਠਣਾ ਵੀ ਮੁਸ਼ਕਲ ਸੀ।

ਬਾਨੇ ਕੋਲੇ ਤਿੰਨ ਦਿਨਾਂ ਤੋਂ ਕੋਟਾ ਖ਼ਤਮ ਸੀ। ਬਿਨਾਂ ਖਾਧੇ ਉਸ ਤੋਂ ਕੁਝ ਹੋ ਨਹੀਂ ਸੀ ਰਿਹਾ। ਦੋ ਦਿਨ ਤਾਂ ਔਖੇ ਸੌਖੇ ਇਧਰੋਂ ਉਧਰੋਂ ਫੜ ਫੜਾ ਕੇ ਉਹਨੇ ਕੱਟੇ। ਪਰ ਅੱਜ ਸਵੇਰੇ ਤੋਂ ਉਸ ਦੀ ਭਿਆਂ ਸੀ। ਕਪਾਹ ਦਾ ਕਿਆਰਾ ਜਿਸ ਨੂੰ ਉਹ ਸਵੇਰ ਦਾ ਚੰਬੜਿਆ ਹੋਇਆ ਸੀ, ਉਵੇਂ ਦਾ ਉਵੇਂ ਪਿਆ ਸੀ। ਉਸ ਦਾ ਮਨ ਸਿਰਫ਼ ਪੈਣ ਨੂੰ ਕਰ ਰਿਹਾ ਸੀ। ਪਿਆ ਰਹੇ ਲੰਬੀਆਂ ਤਾਨ ਕੇ। ਉਸ ਦੇ ਹੱਡ ਝਰਦੇ ਜਾ ਰਹੇ ਸਨ। ਸਿਰ ਚਕਰਾ ਰਿਹਾ ਸੀ। ਜਿਵੇਂ ਖਾਧਾ ਪੀਤਾ ਵੀ ਹੁਣੇ ਬਾਹਰ ਆ ਜਾਏਗਾ।

ਜਦੋਂ ਉਸ ਦੇ ਹੱਥਾਂ ਨੇ ਸਾਥ ਨਾ ਹੀ ਦਿੱਤਾ ਉਹ ਉਠਿਆ। ਹੌਲੀ ਹੌਲੀ ਕਦਮ ਪੁੱਟਦਾ ਤੁਰਿਆ। ਉਸ ਨੂੰ ਮਹਿਸੂਸ ਹੋ ਰਿਹਾ ਸੀ ਦੂਸਰਾ ਕਦਮ ਚੁੱਕਣ ਤੋਂ ਪਹਿਲਾਂ ਉਹ ਉਥੇ ਹੀ ਢੇਰ ਹੋ ਜਾਏਗਾ। ਪਰ ਇੰਝ ਨਹੀਂ ਹੋਇਆ। ਉਹ ਬਿੰਦਰ ਤੱਕ ਅੱਪੜ ਗਿਆ ਜਿਹੜਾ ਖ਼ੁਦ ਵੀ ਕੰਮ ਛੱਡੀ ਵੱਟ 'ਤੇ ਨੀਵੀਂ ਪਾਈ ਬੈਠਾ ਸੀ। 'ਠੀਕ ਤਾਂ ਹੈਂ ?' ਬਾਨੇ ਦੇ ਚਿਹਰੇ 'ਤੇ ਛਾਈ ਪਿਲੱਤਨ ਦੇਖ ਕੇ ਬਿੰਦਰ ਨੇ ਅਨੁਮਾਨ ਤਾਂ ਲਾ ਲਿਆ ਸੀ ਫੇਰ ਵੀ ਉਹਨੇ ਪੁੱਛ ਲਿਆ।

ਧੜੱਮ ਕਰਕੇ ਉਹ ਬਿੰਦਰ ਦੇ ਪੈਰਾਂ ਕੋਲ ਡਿੱਗ ਪਿਆ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਰਿਹਾ ਸੀ। ਡਿੱਗੇ ਪਏ ਹੀ ਹੱਥ ਦੇ ਇਸ਼ਾਰੇ ਨਾਲ ਉਹ ਅਫ਼ੀਮ ਦਾ ਭੋਰਾ ਮੰਗਣ ਲਗਿਆ।

'ਜੇ ਸਹੁਰਿਆ ਮੇਰੇ ਕੋਲ ਹੁੰਦੀ ਕਿਆਰਾ ਖ਼ਤਮ ਨਾ ਕੀਤਾ ਹੁੰਦਾ ਹੁਣ ਤੱਕ।' ਬਿੰਦਰ ਦੇ ਚਿਹਰੇ 'ਤੇ ਜਿਹੜੀ ਮੁਸਕ੍ਰਾਹਟ ਬਾਨੇ ਨੂੰ ਦੇਖ ਕੇ ਆਈ ਸੀ ਫੇਰ ਨਿਰਾਸ਼ਾ ਵਿਚ ਵੱਟ ਗਈ।

'ਭੋਰਾ ਤਾਂ ਹੋਊ। ਮੈਂ ਤਾਂ ਬਸ ਗਿਆ ਕਿ ਗਿਆ। ਆਪਾਂ ਤਾਂ ਪੱਕੇ ਅਮਲੀ ਹੋਗੇ।'

'ਮੈਂ ਤਾਂ ਤੇਰੇ ਕਨੀ ਆਉਂਦਾ ਸੀ। ਆਪਣੀ ਮੁਕਾ ਲੀ ਤੂੰ ?'

'ਆਹੋ। ਬਹੁਤੀਆਂ ਗੱਲਾਂ ਜੀਆਂ ਨਾ ਮਾਰ। ਹੈ ਤਾਂ ਦੇ...।' ਬਾਨੇ ਦੀਆਂ ਅੱਖਾਂ ਵਿਚ ਪਾਣੀ ਭਰਿਆ ਹੋਇਆ ਸੀ।

ਬਿੰਦਰ ਵੱਲ ਇਉਂ ਤੱਕ ਰਿਹਾ ਸੀ ਜਿਵੇਂ ਜੇ ਉਹਨੇ ਨਾਂਹ ਕਰ ਦਿੱਤੀ ਉਹ ਹੁਣੇ ਰੋ ਪਏਗਾ। 'ਨਹੀਂ ਭੋਰਾ ਭੋਰਾ ਤਾਂ ਦੇ ਕੇ ਗਿਆ ਸੀ। ਫੇਰ ਤਿੰਨ ਦਿਨ ਆਖ ਕੇ ਗਿਆ ਹੁਣ ਆਉਂਦੈ।' 'ਬਲਦੇਵ ਨੂੰ ਮਾਰ ਹਾਕ ਉਹਦੇ ਕੋਲ ॥ਰੂਰ ਹੋਊ। ਉਹਨੂੰ ਮਿਲਦੇ ਨੇ ਗੱਫੇ। ਮਾਰੀਂ ਹਾਕ ਬਾਈ ਬਣ ਕੇ।' 'ਛੋਟਿਆਂ ਦੇ ਘਰੋਂ ਭਾਲਦੇ ਲੱਸੀਆਂ। ਉਹ ਖਾਂਦਾ ਕਿਹੜੀ ਥੋੜ੍ਹੀ ਐ। ਗੁੜ ਵਾਂਗੂ ਚਰਦੈ। 'ਇਕ ਗੱਲ ਆਖਾਂ। ਛੱਜੂ ਬਾਨੀਏ ਨੂੰ ਆਖੋ। ਲਿਆ ਕੇ ਰੱਖਿਆ ਕਰੇ। ਆਪਾਂ ਨੂੰ ਇਹਦੀ ਦਿੱਤੀ ਨਾਲ ਨੀ ਸਰਦਾ।'

'ਗੱਲ ਪੱਕੀ ਐ।'

'ਛੱਡ ਇਹ ਗੱਲ ਵੀ। ਦੇਖੀ ਜਾਊ ਜਦੋਂ ਲਿਆਊ। ਮੈਂ ਤਾਂ ਹੁਣੇ ਮਰਦਾਂ। ਕਰ ਕੋਈ ਇੰਤਜ਼ਾਮ ਮੇਰਾ।

'ਚੱਲ ਹੋ ਖੜ੍ਹਾ ਬਲਦੇਵ ਕੋਲੇ ਚੱਲੀਏ। ਮਰਿਆ ਕਿਉਂ ਪਿਐਂ ? ਕੰਮ ਮੈਥੋਂ ਵੀ ਨੀ ਹੁੰਦਾ। ਜੀ ਕੱਚਾ ਕੱਚਾ ਜਾ ਹੋਈ ਜਾਂਦੈ।'

'ਇਥੇ ਹੀ ਮਾਰ ਲੈ ਹਾਕ। ਪੁਲਾਂਘ ਨੀ ਪੁਟੀਦੀ। ਬਾਈ ਬਣ ਕੇ ਮਨਾ ਲੈ ਜੇ ਦਿੰਦੈ।'

ਟੁੱਟਿਆ ਹਾਰਿਆ ਬਿੰਦਰ ਉਠਿਆ ਤੇ ਭੜੀਂ 'ਤੇ ਚੜ੍ਹ ਗਿਆ। ਬਲਦੇਵ ਪਰਲੇ ਕੋਠੇ 'ਤੇ ਕੱਖ ਕੁਤਰ ਰਿਹਾ ਸੀ। ਬਿੰਦਰ ਦੀ ਹਾਕ ਸਾਰੇ ਇਕਾਂਤ ਵਿਚ ਗੂੰਜੀ।

'ਲੈ ਬਈ ਉਹਦੇ ਕੋਲੇ ਹੋਊ ॥ਰੂਰ। ਕੱਖ ਇਉਂ ਕਤਰਦਾ। ਜਿਵੇਂ ਜਿੰਨ ਹੋਵੇ।'

ਕੱਖਾਂ ਨਾਲ ਲਿੱਬੜੇ ਸਰੀਰ ਨੂੰ ਝਾੜਦਾ ਬਲਦੇਵ ਉਨ੍ਹਾਂ ਵਿਚ ਆ ਬੈਠਾ।

'ਕਿਵੇਂ ਬੈਠੇ ਨੇ। ਸਾਲਿਉ ਮਰ ਗਿਆ ਕੋਈ ?'

'ਸਾਨੂੰ ਦੇਹ ਭੋਰਾ। ਨਹੀਂ ਮਰੇ ਸਮਝ। ਜਾਨ ਜਾਂਦੀ ਐ ਸਾਡੀ।' ਧਰਤੀ 'ਤੇ ਪਏ ਬਾਨੇ ਦਾ ਹਾਲੀਂ ਵੀ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ।

'ਸਹੁੰ ਗੁਰੂ ਦੀ ਹੁਣੇ ਮੁਕਾਈ ਐ। ਆਖਰੀ ਗੋਲੀ ਖਾ ਕੇ ਲਗਿਆ ਸੀ ਕੱਖਾਂ ਨੂੰ।'

'ਮੇਰੇ ਪਿਓ ਦੇ ਸਾਲਿਆ ਐਨੀ ਖਾ ਗਿਆ ਤੂੰ। ਹੁਣ ਨੀਂ ਕੰਜਰ ਦਿਆ ਬਚਦਾ ਤੂੰ।'

'ਕੁੜੀ ਦਿਉ ਯਾਰੋ ਸੋਨੂੰ ਨੀ ਮਿਲਦੀ। ਉਦੋਂ ਤਾਂ ਆਥਣ ਨੂੰ ਝੂਲਸ ਦਿਨੇ ਓਂ।'

'ਤੈਨੂੰ ਆਉਂਦੀਆਂ ਨੇ ਗੱਲਾਂ। ਠੀਕ ਐ ਬਈ ਠੀਕ ਐ।'

ਕਾਫੀ ਦੇਰ ਬੈਠੇ ਉਹ ਬੁੜਬੁੜ ਕਰਦੇ ਰਹੇ। ਕਿਸੇ ਨੂੰ ਇਕ ਦੂਜੇ ਤੋਂ ਕੁਝ ਮਿਲਣ ਦੀ ਆਸ ਨਹੀਂ ਸੀ।

'ਰਾਤ ਨਚਾਰ ਦੇਖੇ ਸੀ ?' ਬਲਦੇਵ ਨੇ ਚਿਰਾਂ ਤੋਂ ਛਾਈ ਖ਼ਮੋਸ਼ੀ ਤੋੜੀ।

'ਆਹੋ।'

'ਅਖੇ ਖਾਸਾ ਰੌਲਾ ਪਿਆ ਸੀ ?'

'ਪੁੱਛ ਨਾ। ਚੌਧਰੀਆਂ ਦਾ ਕੋਈ ਰਿਸ਼ਤੇਦਾਰ ਆਇਆ ਪਿਆ ਸੀ। ਜਿਹੜਾ ਨਚਾਰ ਕੁੜੀ ਬਣਿਆ ਹੋਇਆ ਸੀ।ਬੜਾ ਸੋਹਣਾ ਸੀ। ਸ਼ਰਾਬ ਦੇ ਨਸ਼ੇ 'ਚ ਸੌਹਰੇ ਚੌਧਰੀਆਂ ਦੇ ਰਿਸ਼ਤੇਦਾਰ ਨੂੰ ਸੁਰਤ ਈ ਨਾ ਰਹੀ। ਮੁੰਡੇ ਨੂੰ ਕੁਆਰੀਆਂ ਕੁੜੀਆਂ ਵਾਂਗ ਚੰਬੜ ਗਿਆ। ਬੁੜੀਆਂ ਵਿਚਾਰੀਆਂ ਨੂੰ ਕਿਤੇ ਸਿਰ ਲਕੋਣ ਨੂੰ ਥਾਂ ਨਾ ਮਿਲੇ। ਕੁੱਤਿਆਂ ਵਾਂਗੂੰ ਮੂੰਹ ਚੱਟੇ। ਜਫੀ ਪਾ ਲਈ, ਉਹ ਨਾ ਛੱਡੇ। ਉਹ ਵਿਚਾਰਾ ਚੀਕਾਂ ਮਾਰੇ। ਕਿਸੇ ਦੀ ਛੁਡਾਉਣ ਦੀ ਹਿੰਮਤ ਨਾ। ਦੰਦੀਆਂ ਨਾਲ ਖਾ ਲਿਆ। ਆਖਰ ਵਿਚਾਰਾ ਬੇਸੁਰਤ ਹੋ ਗਿਆ। ਤਾਂ ਜਾਨ ਛੁੱਟੀ।'

'ਛੱਡੋ ਉਏ ਕੰਜਰ ਦਿਉ ਬਕਵਾਸ। ਸੋਡਾ ਬਾਈ ਬਾਨਾ ਤਾਂ ਚਲਿਆ ਬਸ ਹੁਣ...। ਮਰ ਗਿਆ...'

'ਫੇਰ ਅਸੀਂ ਕੀ ਫਾਹੇ ਲੱਗੀਏ ?'

'ਬਲਦੇਵ ਤੇਰੇ ਮੁੰਡਾ ਹੋਇਆ ਉਏ। ਉਹਦੀ ਖ਼ੁਸ਼ੀ 'ਚ ਲਿਆ ਦੇ ਭੋਰਾ। ਜਦੋਂ ਤੇਰੇ ਕੁੜੀ ਹੋਈ ਸੀ ਉਦੋਂ ਤਾਂ ਮੁੱਕਰ ਗਿਆ ਸੀ। ਹੁਣ ਨਾ ਭੱਜ। ਹਾਲੇ ਤੱਕ ਨਹੀਂ ਤੂੰ ਪਿਆਈ। ਮਸਾਂ ਮੁੰਡਾ ਹੋਇਆ ਤੇਰੇ....ਲਿਆ ਇਹਦੀ ਖ਼ੁਸ਼ੀ 'ਚ....'

'ਲਿਆਵਾਂ ਕਿਥੋਂ ? ਸਿਆਪਾ ਤਾਂ ਇਹੋ ਐ।'

'ਕਿਤੋਂ ਮਰਜ਼ੀ ਲਿਆ। ਅਸੀਂ ਅੱਜ ਤੇਰੇ ਮੁੰਡੇ ਦੀ ਖ਼ੁਸ਼ੀ 'ਚ ਖਾਣੀ ਐ।'

'ਚਲੋ ਉਠੋ ਫੇਰ। ਛੱਜੂ ਨੂੰ ਪੁੱਛਦੇ ਆਂ। ਕਦੇ ਕਦੇ ਲਿਆ ਰਖਦੈ। ਫੇਰ ਸੋਡੀ ਕਿਸਮਤ !'

'ਬਾਹ ਉਏ ਬਾਹ ਬਾਈ ਤੇਰੇ। ਲਾ ਤੇ ਰੰਗ। ਕੀ ਕਰਾਉਣੈ ਸਾਲੀਆਂ ਕੁੜੀਆਂ ਤੋਂ। ਹਰ ਸਾਲ ਮੁੰਡਾ ਹੋਇਆ ਕਰੇ। ਤੂੰ ਸਾਨੂੰ ਹਰ ਵਾਰ ਛਕਾਇਆ ਕਰੇਂ।'

ਉਹ ਉਠੇ। ਕਦੇ ਖ਼ੁਸ਼, ਕਦੇ ਨਿਰਾਸ਼। ਕਦੇ ਹੱਸਦੇ ਤੇ ਕਦੇ ਚਿੰਘਾੜਦੇ ਛੱਜੂ ਦੀ ਹੱਟ ਵੱਲ ਤੁਰ ਪਏ।

13

ਸਮਾਂ ਕਦੇ ਕਿਸੇ ਨੂੰ ਮੁਆਫ ਨਹੀਂ ਕਰਦਾ। ਇਨ੍ਹਾਂ ਚੰਦ ਕੁ ਵਰ੍ਹਿਆਂ ਵਿਚ ਹੀ ਸਮੇਂ ਦੀ ਧੂੜ ਨੇ ਕਈਆਂ ਦੇ ਚਿਹਰੇ ਧੁੰਦਲੇ ਕਰ ਦਿੱਤੇ। ਸਰਦਾਰ ਦੇ ਅਫ਼ੀਮ ਦੀ ਚਾਟ ਤੇ ਲਾਏ ਕਈ ਮੁਜਾਰੇ ਕੰਮੋ ਨਿਕਾਰੇ ਹੋ ਕੇ ਛੱਪੜ 'ਤੇ ਬੈਠਣ ਜੋਗੇ ਹੀ ਰਹਿ ਗਏ। ਸਾਰਾ ਦਿਨ ਕੰਮ ਕਰਨ ਵਾਲੇ ਬਾਨੇ, ਬਲਦੇਵ ਤੇ ਬਿੰਦਰ ਦੇ ਚਿਹਰਿਆਂ 'ਤੇ ਪਿਲੱਤਨ ਛਾ ਗਈ। ਸਿਰ ਜੂੰਆਂ ਦੇ ਅਖਾੜੇ ਬਣ ਗਏ। ਹੱਡ ਹਰਾਮੀ। ਨਿੱਤ ਦਿਹਾੜੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਚੋਰੀਆਂ ਨੇ ਉਨ੍ਹਾਂ ਦਾ ਪਿੰਡੋਂ ਸਾਰਾ ਅਸਰ ਰਸੂਖ ਚੱਕ ਦਿੱਤਾ। ਪਿੰਡ ਵਿਚ ਕਿਸੇ ਦਾ ਭਾਂਡਾ ਠੀਕਰ ਚੁੱਕਿਆ ਜਾਂਦਾ ਜਾਂ ਨਿੱਕੀ ਮੋਟੀ ਚੋਰੀ ਹੋ ਜਾਂਦੀ ਸਭ ਦੀਆਂ ਨਿਗਾਹਾਂ ਇਸ ਬੇਹਲੜ ਹੋਈ ਤਿਕੜੀ 'ਤੇ ਆ ਟਿਕਦੀਆਂ। ਲਗਦੇ ਹੱਥ ਉਹ ਕਿਸੇ ਨੂੰ ਮੁਆਫ ਨਹੀਂ ਸੀ ਕਰਦੇ। ਜਿਥੋਂ ਕੁਝ ਮਿਲਿਆ ਚੁੱਕਿਆ ਤੇ ਵੇਚ ਛੱਡਿਆ।

ਇਥੋਂ ਤੱਕ ਕਿ ਸਰਦਾਰ ਵੀ ਉਨ੍ਹਾਂ ਦੀ ਮਾਰ ਤੋਂ ਬਚ ਨਾ ਸਕਿਆ। ਨਿੱਕੜ ਸੁੱਕੜ ਤਾਂ ਪਤਾ ਨਹੀਂ ਕਦੋਂ ਦੇ ਚੁੱਕਦੇ ਹੋਣਗੇ ਸਰਦਾਰ ਨੂੰ ਉਸ ਸਮੇਂ ਹੀ ਪਤਾ ਲਗਿਆ ਜਦੋਂ ਕਪਾਹ ਦੀਆਂ ਪੰਡਾਂ ਚੁੱਕੀ ਫੜੇ ਗਏ। ਉਸੇ ਦਿਨ ਉਨ੍ਹਾਂ ਨੂੰ ਖੇਤੋਂ ਛੁੱਟੀ ਹੋ ਗਈ।

ਪਹਿਲਾਂ ਉਹਨਾਂ ਨੂੰ ਇਕੱਲੀ ਅਫ਼ੀਮ ਦਾ ਝੱਲ ਸੀ। ਪਰ ਜਦੋਂ ਸਰਦਾਰ ਵੱਲੋਂ ਅਫ਼ੀਮ ਬੰਦ ਹੋ ਗਈ ਵਿਹਲੀ ਫਿਰਦੀ ਤਿਕੜੀ ਨੇ ਭੰਗਾਂ ਰਗੜਨੀਆਂ ਤੇ ਤੰਬਾਕੂ ਫੂਕਣੇ ਵੀ ਸ਼ੁਰੂ ਕਰ ਦਿੱਤੇ।

ਜਿਉਂ ਜਿਉਂ ਨਸ਼ਾ ਉਹਨਾਂ 'ਤੇ ਹਾਵੀ ਹੁੰਦਾ ਗਿਆ। ਤਿਉਂ ਤਿਉਂ ਉਹਨਾਂ ਦੀ ਹਾਲਤ ਨਿਘਰਦੀ ਗਈ। ਘਰੋਂ ਵੀ ਧੱਕੇ ਪੈਣ ਲੱਗੇ। ਬਿੰਦਰ ਤੇ ਬਾਨੇ ਦੇ ਘਰੀਂ ਭਰਾਵਾਂ ਦਾ ਰਾਜ ਸੀ। ਉਨ੍ਹਾਂ ਦੀ ਆਪਣੀ ਰੋਟੀ ਮਸਾਂ ਚਲਦੀ

ਸੀ। ਜਿਥੇ ਦੋ ਡੰਗ ਦੀ ਰੋਟੀ ਦਾ ਫਿਕਰ ਹੋਵੇ ਉਥੇ ਨਸ਼ਿਆਂ ਦੀ ਕਿਵੇਂ ਸੋਚੀ ਜਾ ਸਕਦੀ ਸੀ। ਜਿੰਨਾਂ ਚਿਰ ਹੋਇਆ ਉਨ੍ਹਾਂ ਸਮਝਾਏ ਬੁਝਾਏ, ਪਰ ਪਾਣੀ ਜਦੋਂ ਨੱਕ ਤੱਕ ਅੱਪੜ ਗਿਆ ਉਨ੍ਹਾਂ ਘਰੋਂ ਕੱਢ ਦਿੱਤੇ।

ਬਲਦੇਵ ਦੇ ਖੇਤੋਂ ਨਿਕਲਦੇ ਹੀ ਕਰਤਾਰੋ ਦੇ ਨੱਕ ਵਿਚ ਦਮ ਆ ਗਿਆ। ਆਪਣੇ ਦੋਵਾਂ ਜਵਾਕਾਂ ਨੂੰ ਪਾਲੇ ਜਾਂ ਬਲਦੇਵ ਦੀ ਆਥਨ ਉਸ ਦੀ ਅਫ਼ੀਮ ਦਾ ਖਰਚ ਕਢੇ। ਪਹਿਲਾਂ ਚੁੱਪ ਕਰਕੇ ਸਭ ਕੁਝ ਜਰਦੀ ਰਹੀ। ਉਹ ਕਦੇ ਬਾਟੀ ਚੁੱਕਦਾ ਤੇ ਕਦੇ ਗਲਾਸ। ਪਿਟਦੀ ਰੋਂਦੀ ਪਰ ਉਸ ਤੇ ਭੋਰਾ ਅਸਰ ਨਾ ਹੁੰਦਾ। ਬਹੁਤਾ ਬੋਲਦੀ ਦੋ ਚਾਰ ਟਿਕਾ ਜਾਂਦਾ। ਕਰਤਾਰੋ ਨੂੰ ਜਦੋਂ ਉਸ ਤੋਂ ਕੋਈ ਆਸ ਨਾ ਰਹੀ ਉਹਨੇ ਆਪ ਲਿਪਨਾ ਪੋਚਨਾ ਸ਼ੁਰੂ ਕਰ ਦਿੱਤਾ। ਸਵੇਰੇ ਕੁੜੀ ਨੂੰ ਉਂਗਲ ਲਾ ਕੇ ਮੁੰਡੇ ਨੂੰ ਕੁੱਛੜ ਚੁੱਕ ਕੇ ਨਿਕਲਦੀ। ਸਾਰਾ ਦਿਨ ਮਰ ਮਿਟ ਕੇ ਆਥਨ ਨੂੰ ਘਰੇ ਵੜਦੀ। ਉਹ ਦਿਨ ਵੀ ਆ ਗਿਆ ਜਦੋਂ ਮਜਬੂਰ ਹੋ ਕੇ ਉਹਨੂੰ ਬਲਦੇਵ ਤੋਂ ਮੂੰਹ ਮੋੜਨਾ ਪਿਆ। ਉਹ ਕਰਤਾਰੋ ਨੂੰ ਵੇਚਣ ਤੱਕ ਤੇ ਤੁਲ ਗਿਆ ਸੀ। ਧੱਕੇ ਮਾਰ ਕੇ ਇਕ ਵਾਰ ਅਜਿਹਾ ਕੱਢਿਆ ਮੁੜ ਦਰਸ਼ਨ ਨਾ ਕੀਤੇ। ਸ਼ਰੀਕਾਂ ਨੇ ਬਥੇਰੇ ਮੇਹਣੇ ਮਾਰੇ। ਕੰਨਾਂ ਵਿਚ ਤੇਲ ਪਾਈ ਸਭ ਸੁਣਦੀ ਰਹੀ। ਜਾਂ ਜਵਾਕ ਪਾਲੇ ਜਾ ਸਕਦੇ ਸਨ ਤੇ ਜਾਂ ਫੇਰ ਬਲਦੇਵ ਘਰੇ ਰੱਖਿਆ ਜਾ ਸਕਦਾ ਸੀ।

ਘਰੋਂ ਕੱਢਿਆ ਬਲਦੇਵ ਵੀ ਛੱਪੜ 'ਤੇ ਬੈਠਣ ਜੋਗਰਾ ਰਹਿ ਗਿਆ।

ਤਿੰਨੇ ਜਦੋਂ ਪੂਰੇ ਤੌਰ 'ਤੇ ਘਰੋਂ ਕੱਢ ਦਿੱਤੇ ਗਏ ਉਨ੍ਹਾਂ ਪਿੰਡੋਂ ਬਾਹਰਲੇ ਛੱਪੜ 'ਤੇ ਆਪਣੇ ਅੱਡੇ ਜਮਾ ਲਏ। ਜੇ ਕਦੇ ਕਦਾਈਂ ਉਹ ਅਫ਼ੀਮ ਖਾਂਦੇ ਤਾਂ ਕਿਸੇ ਦਾ ਕੁਝ ਚਰਾ ਕੇ। ਸਾਰਾ ਦਿਨ ਉਹ ਪਿੰਡ 'ਚ ਚੱਕਰ ਕੱਟਦੇ। ਜਿਸ ਥਾਂ ਦਾਅ ਲਗਦਾ ਮਾਰਦੇ। ਕਦੇ ਫੜੇ ਜਾਂਦੇ, ਖ਼ੂਬ ਮੁਰੰਮਤ ਹੁੰਦੀ। ਕੰਨਾਂ ਨੂੰ ਹੱਥ ਲਾਉਂਦੇ। ਪਰ ਦੋ ਦਿਨਾਂ ਬਾਅਦ ਫੇਰ ਪਿੰਡ ਵਿਚ ਗੇੜੇ ਦੇਣ ਲੱਗਦੇ।

ਘਰੋਂ ਤਾਂ ਛਿੱਤਰ ਵਜਦੇ ਹੀ ਸੀ, ਲੋਕਾਂ ਨੇ ਵੀ ਦੇਖ ਕੇ ਦਰਵਾਜ਼ੇ ਬੰਦ ਕਰਨੇ ਸ਼ੁਰੂ ਕਰ ਦਿੱਤੇ। ਕੋਈ ਵਸਾਹ ਨਹੀਂ ਅੱਗ ਲੈਣ ਆਏ ਉਥੇ ਹੀ ਬੈਠ ਕੇ ਸੂਟੇ ਮਾਰਨ ਬੈਠ ਜਾਣ। ਜਿੰਨਾਂ ਚਿਰ ਧੱਕੇ ਨਾ ਪੈਣ ਬੈਠੇ ਹੀ ਰਹਿਣ। ਇਹ ਵੀ ਵਸਾਹ ਨਹੀਂ, ਜਾਂਦੇ ਹੋਏ ਭਾਂਡਾ ਠੀਕਰ ਹੀ ਲੈ ਤੁਰਨ। ਕਈ ਵਾਰ ਇਸੇ ਤਰ੍ਹਾਂ ਹੋਇਆ ਸੀ। ਕਦੇ ਕਦੇ ਕਿਸੇ ਨੂੰ ਰਾਹ ਵਿਚ ਖੜਾ ਲੈਂਦੇ। ਉਨਾ ਚਿਰ ਪੈਰਾਂ 'ਚੋਂ ਨਾ ਹਿਲਦੇ, ਜਿੰਨਾਂ ਚਿਰ ਦੋ ਟਕੇ ਹੱਥ 'ਤੇ ਨਾ ਟਿਕਦੇ।

ਦੇਖਦੇ ਹੀ ਦੇਖਦੇ ਪਿੰਡ ਦੇ ਬਾਨੀਏ ਨੇ ਵੀ ਮੂੰਹ ਮੋੜ ਲਿਆ। ਸਰਦਾਰਾਂ ਵੱਲੋਂ ਵੀ ਤੇ ਕਈ ਹੋਰਾਂ ਤੋਂ ਵੀ ਉਸ ਨੂੰ ਤਾੜਨਾ ਹੋ ਗਈ ਸੀ। ਚੋਰੀ ਹੋਈਆਂ ਚੀਜ਼ਾਂ ਅਕਸਰ ਉਸੇ ਕੋਲੇ ਵਿਕਦੀਆਂ ਸਨ।

ਜੇ ਕੋਈ ਪਾਲੀ ਜਾਂ ਮੱਛਰਿਆ ਕੰਮੀਂ ਉਨ੍ਹਾਂ ਦੇ ਹੱਥ 'ਤੇ ਭੋਰਾ ਮਾਸਾ ਧਰ ਦਿੰਦਾ ਉਹ ਸ਼ੇਰਾਂ ਵਾਂਗ ਬੁੱਕਦੇ, ਕਲੀਆਂ ਲਾਉਂਦੇ ਤੇ ਹੇਕਾਂ ਲਾ ਲਾ ਗਾਉਂਦੇ। ਇਹੋ ਜਿਹਾ ਦਿਨ ਉਨ੍ਹਾਂ ਲਈ ਵਿਆਹ ਵਰਗਾ ਹੁੰਦਾ।

ਹੋਰ ਕੁਝ ਵੀ ਸੀ ਪਿੰਡ 'ਚ ਤਿਕੜੀ ਦਾ ਏਕਾ ਮਸ਼ਹੂਰ ਸੀ। ਘਰੋਂ ਗਲਾਸ ਭਾਂਡਾ ਚੁੱਕ ਕੇ ਲਿਆਵੇ ਜਾਂ ਬਲਦੇਵ ਪਿੰਡੋਂ ਕਿਸੇ ਦੀ ਕਣਕ। ਭਾਵੇਂ ਬਿੰਦਰ ਦੀ ਮਾਂ ਉਨ੍ਹਾਂ ਨੂੰ ਭੋਰਾ ਅਫ਼ੀਮ ਦਾ ਦੇ ਕੇ ਜਾਵੇ ਤੇ ਭਾਵੇਂ ਕੁਝ ਕਿਤੋਂ ਹੋਰ ਮਿਲੇ। ਉਨ੍ਹਾਂ ਇਕੱਠੇ ਖਾਣੈ ਤੇ ਬਰਾਬਰ ਵੰਡ ਕੇ। ਜੇ ਕਦੇ ਅਫ਼ੀਮ ਨਾ ਮਿਲਦੀ, ਥੱਕੇ ਹਾਰੇ, ਟੁੱਟੇ ਹੱਡਾਂ ਨਾਲ ਘੰਟੇ ਘੰਟੇ 'ਚ ਕਦਮ ਪੁੱਟਦੇ ਖੇਤਾਂ ਨੂੰ ਤੁਰ ਪੈਂਦੇ। ਸ਼ਾਮ ਤਕ ਘੁਮ ਘੁਮਾ ਕੇ ਕੋਈ ਭੰਗ ਦਾ ਬੂਟਾ ਲੱਭਦੇ। ਹਥੇਲੀਆਂ 'ਤੇ ਮਸਲ ਮਸਲ ਫਕੇ ਮਾਰਦੇ। ਕਦੇ ਜੇਬਾਂ ਭਰ ਲਿਆਉਂਦੇ। ਨਿੰਮ ਹੇਠਾਂ ਪਏ ਆਪਣੇ ਕੂੰਡੇ ਨੂੰ, ਜਿਸ ਦੇ ਸਾਰੇ ਕੰਡੇ

ਉਨ੍ਹਾਂ ਨੇ ਨਸ਼ੇ ਦੇ ਲੋਰ 'ਚ ਭੰਟ ਸੁਟੇ ਸਨ, ਖਿੱਚ ਕੇ ਭੰਗ ਰਗੜਨ ਬੈਠ ਜਾਂਦੇ। ਕਦੇ ਘੋਟ ਘੋਟ ਸੁਰਮਾ ਬਣਾ ਦਿੰਦੈ ਤੇ ਕਦੇ ਦੋ ਸੱਟਾਂ ਵੀ ਨਾ ਵੱਜਦੀਆਂ। ਵਾਰੀ ਵਾਰੀ ਕੂੰਡੇ ਨੂੰ ਡੀਕਾਂ ਲਾਉਂਦੇ। ਕਦੇ ਕੋਈ ਸਾਰੀ ੳ ਚਾੜਨ ਦਾ ਯਤਨ ਕਰਦਾ। ਦੂਜੇ ਮਸਾਂ ਉਹਦੇ ਮੂੰਹ ਨਾਲੋਂ ਕੂੰਡੇ ਨੂੰ ਤੋੜਦੇ। ਲੜਦੇ ਝਗੜਦੇ ਪਰ ਜਦੋਂ ਵੀ ਭੋਰਾ ਨਸ਼ਾ ਚੜ੍ਹਦਾ ਉਨ੍ਹਾਂ ਦੇ ਗੁੱਸੇ ਗਿਲੇ ਦੂਰ ਹੋ ਜਾਂਦੇ। ਸ਼ਹਿਨਸ਼ਾਹਾਂ ਵਾਂਗ ਮਸਤੇ ਉਹ ਹਵਾਈ ਕਿਲ੍ਹੇ ਉਸਾਰਦੇ। ਅਮਲੀਆਂ ਦੀ ਟੋਲੀ ਦੂਰ ਦੇ ਪਿੰਡਾਂ ਤਕ ਮਸ਼ਹੂਰ ਹੋ ਗਈ। ਕਦੇ ਕੋਈ ਪਿੰਡ ਆਉਂਦਾ ਛੱਪੜ ਵੱਲ ਗੇੜਾ ਜ਼ਰੂਰ ਮਾਰਦਾ। ਕੋਈ ਨਿਰਾਸ਼ ਵੀ ਨਾ ਪਰਤਦਾ। ਤਿੰਨਾਂ 'ਚੋਂ ਦੋ ਤਾਂ ਬੈਠੇ ਹੀ ਰਹਿੰਦੇ। ਤੀਜਾ ਜਾਂ ਤਾਂ ਅਫ਼ੀਮ ਲੈਣ ਗਿਆ ਹੁੰਦਾ ਜਾਂ ਫੇਰ ਘਰੋਂ ਛਿੱਤਰ ਖਾਣ। ਉਹ ਹਾਲੀਂ ਉਠ ਕੇ ਦੋ ਤਿੰਨ ਕਦਮ ਵੀ ਨਾ ਗਿਆ ਹੁੰਦਾ ਕਿ ਪਹਿਲੇ ਉਹਨੂੰ ਗਾਲ੍ਹਾਂ ਵੀ ਕੱਢਣ ਲੱਗ ਪੈਂਦੇ। ਕਈ ਵਾਰ ਲਿਟ ਜਾਂਦੇ ਤੇ ਲਿਟੇ ਰਹਿੰਦੇ। ਇਹ ਗੱਲ ਮਸ਼ਹੂਰ ਸੀ ਕਿ ਕਈ ਵਾਰ ਤਾਂ ਪਿੰਡ ਗਿਆ ਅਮਲੀ ਕਈ ਕਈ ਦਿਨ ਨਾ ਪਰਤਦਾ। ਜਦੋਂ ਉਹ ਖ਼ਾਲੀ ਹੱਥ ਆਉਂਦਾ ਦੂਜੇ ਉਸ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਦੇ। ਤੀਜਾ ਅਪਰਾਧੀਆਂ ਵਾਂਗੂੰ ਨੀਵੀਂ ਪਾ ਲੈਂਦਾ। ਕਿੰਨਾ ਚਿਰ ਮਾਤਮ ਛਾਇਆ ਰਹਿੰਦਾ। ਆਪਣੇ ਜੂੰਆਂ ਨਾਲ ਭਰੇ ਸਿਰਾਂ ਨੂੰ ਖੁਰਕਦੇ, ਬੋਹੜ ਹੇਠ ਪਏ ਕੂੰਡੇ ਵੱਲ ਤਕਦੇ ਰਹਿੰਦੇ ਤੇ ਕਦੇ ਪਰਾਂ ਪਈਆਂ ਚਿਲਮਾਂ ਵੱਲ। ਜਦੋਂ ਪਿੰਡੋਂ ਕੋਈ ਨਿਰਾਸ ਮੁੜਦਾ ਉਹ ਚਿਲਮਾਂ ਪੀਂਦੇ। ਕਈ ਵਾਰ ਅੱਗ ਤੇ ਝਗੜ ਪੈਂਦੇ। ਬਿਨਾਂ ਚਿਲਮ ਪੀਤਿਆਂ ਹੀ ਬੈਠ ਜਾਂਦੇ।

ਹੁਣ ਅਫ਼ੀਮ ਖਾਧਿਆਂ ਨੂੰ ਉਨ੍ਹਾਂ ਨੂੰ ਦੋ ਦਿਨ ਬੀਤ ਗਏ ਸਨ। ਇਕ ਇਕ ਪਲ ਇਕ ਯੁੱਗ ਵਰਗਾ ਬੀਤ ਰਿਹਾ ਸੀ। ਬਿੰਦਰ ਦੀ ਨੱਤੀ ਵੇਚ ਕੇ ਵੱਟੇ ਪੈਸਿਆਂ ਵਿਚੋਂ ਬਚਦੀ ਚੁਆਨੀ ਦਾ ਲਿਆਂਦਾ ਸਾਰਾ ਤਮਾਖੂ ਵੀ ਉਨ੍ਹਾਂ ਸਾੜ ਲਿਆ ਸੀ। ਭੰਗ ਲੈਣ ਕੋਹਾਂ ਮੀਲ ਕੌਣ ਤੁਰੇ ? ਭੋਰਾ ਕਿਧਰੋਂ ਮਿਲੇ ਤਾਂ ਉਹ ਖੇਤ ਅਪੜਨ ਜਿੰਨੇ ਹੋਣ। ਬਈ ਬਾਨਿਆ ਮੇਰੇ ਭੋਰਾ ਖੁਰਕ ਕਰੀਂ। ਪਿੰਡਾ ਮਚੀ ਜਾਂਦੈ।'

'ਛਾਵੇਂ ਹੋ ਜਾ ਮੁਕਲਾਵਾ ਧਰਿਐ।'

'ਮੈਂ ਰਮਾਨ 'ਚ ਪਿਐਂ। ਭੋਰਾ ਹੋਈ ਲਵੇ ਬਾਈ ਬਣਕੇ।'

'ਮੈਥੋਂ ਨੀ ਕੁਝ ਹੁੰਦਾ। ਓ...ਓ।' ਬਾਨੇ ਨੇ ਉਬਾਸੀ ਲਈ।

'ਬਲਦੇਵ ਨੇ ਆਪਣੀ ਜੇਬ ਵਿਚ ਹੱਥ ਪਾਇਆ। ਪੋਟਲੀ ਕੱਢੀ ਤੇ ਪੋਟਲੀ ਚੋਂ ਡੱਬੀ। ਨਸਵਾਰ ਦੀ ਚੁਟਕੀ ਭਰ ਕੇ ਨੱਕ ਵਿਚ ਥੁਨਦਾ ਉਹ ਉਠ ਕੇ ਬੈਠ ਗਿਆ।

'ਸਾਲੇ ਮਰੇ ਪਏ ਨੇ। ਕਿਤੋਂ ਲਿਆ ਨਹੀਂ ਹੁੰਦੀ ਭੋਰਾ ?' ਬਲਦੇਵ ਨਾਲੇ ਕੁੜਨ ਲਗਿਆ ਤੇ ਨਾਲੇ ਦੂਜਿਆਂ ਨੂੰ ਧੂਹਣ ਲਗਿਆ।

'ਲਉ ਨਸਵਾਰ ਦੇਵਾਂ, ਮੇਰੀ ਮਾਂ ਦੇ ਗਈ ਸੀ।'

'ਨਸਵਾਰ ਦੇ ਨਾਂਅ ਨਾਲ ਹੀ ਉਨ੍ਹਾਂ ਵਿਚ ਕਰੰਟ ਜਿਹਾ ਆ ਗਿਆ। ਬਿੰਦਰ ਨੇ ਪਏ ਪਏ ਹੀ ਚੁਟਕੀ ਭਰੀ। 'ਬਾਨਿਆ ਲਿਆ ਫੇਰ ਭਾਂਡਾ ਠੀਕਰ ਭਾਲ ਕੇ ਤੂੰ ਹਰਾਮ ਦੀਆਂ ਖਾਨੈ।'

'ਸਾਥੋਂ ਨਹੀਂ ਭਰਾਵਾ ਹੱਡ ਤੁੜਾਏ ਜਾਂਦੇ। ਹਾਏ ਮੇਰੇ ਪੁੜੇ...।'

'ਰੋਣਾ ਕਿਉਂ ਐਂ ਕੰਜਰਾ। ਬੈਠ ਚੁੱਪ ਕਰਕੇ।'

'ਤੇਰੀ ਬਿੰਦਰਾ ਬੁੜੀ ਨੂੰ ਕੀ ਹੋ ਗਿਆ ਉਏ। ਹੁਣ ਨੀ ਕਦੇ ਡੱਬੀ ਲੈ ਕੇ ਆਈ।

'ਕੰਜਰ ਦਾ ਕੋਈ ਗਲ ਪੈ ਗਿਆ ਹੋਊ....। ਖਾਲੀ ਡੱਬੀ ਤਾਂ ਲੈ ਗਈ ਸੀ।'

'ਅੱਗੇ ਸਾਡੀ ਬੁੜੀ ਦੇ ਜਾਂਦੀ ਸੀ। ਹੁਣ ਉਹਨੂੰ ਵੀ ਪਤਾ ਨੀ ਕੀ ਸੱਪ ਸੁੰਘ ਗਿਆ।'

'ਛੱਜੂ ਦੀ ਚੱਕੋ ਕਦੇ ਡੱਬੀ। ਬੜੇ ਵਧੀਆ ਦਿਨ ਲੰਘਣਗੇ।'

'ਕੀ ਪਤੈ ਸਾਲਾ ਕਿਥੇ ਰਖਦੈ।' ਬਲਦੇਵ ਦੀ ਕਮਰ ਵਿਚ ਦਰਦ ਉਠਿਆ ਤੇ ਉਹ ਲੰਬਾ ਪੈ ਗਿਆ।

ਬਲਦੇਵ ਹੁਣ ਤਾਂ ਤੂੰ ਹੀ ਕੰਮ ਆਏਂਗਾ ਬਈ। ਮਨਾ ਲੈ ਕਰਤਾਰੋ ਨੂੰ ਕਾਸੇ ਨੂੰ। ਤੇਰੀ ਤੀਵੀਂ ਵੀ ਨੀ ਤੇਰਾ ਕਹਿਣਾ ਮੰਨਦੀ ?'

'ਨਾ ਬਾਬਾ। ਹੁਣ ਤਾਂ ਡਰ ਲਗਦੈ। ਉਹ ਤਾਂ ਬਿਘਾੜੀ ਬਣੀ ਫਿਰਦੀ ਐ। ਹੋਰ ਤਾਂ ਕੀ ਮੇਰਾ ਮੁੰਡਾ ਸਹੁਰਾ ਕੋਹੜ ਕਿਰਲਾ ਜਾ ਉਹੀ ਨੀ ਮਾਨ। ਡਾਂਗ ਲੈ ਕੇ ਆਉਂਦੈ। ਕੋਈ ਹੋਰ ਗੱਲ ਕਰੋ।'

'ਚਲੋ ਫੇਰ ਛੱਜੂ ਕੋਲੇ ਚਲੋ। ਦਾਣਿਆਂ ਵੇਲੇ ਦੇ ਦਿਆਂਗੇ ਪੈਸੇ।'

'ਪਿੰਡ ਨੂੰ ਚਲੋ ਪਿੰਡ ਨੂੰ। ਕੀ ਐ ਕੁਸ ਹੱਥ ਲਗ ਜੇ। ਮੌਜਾਂ ਹੋ ਜਾਣਗੀਆਂ।'

'ਪਿੰਡ ਜਾਣ ਜਾਂ ਨਾ ਜਾਣ ਇਸ ਫੈਸਲੇ ਲਈ ਉਨ੍ਹਾਂ ਵਿਚ ਬਹਿਸ ਛਿੜ ਪਈ।

ਇਸ ਤਰ੍ਹਾਂ ਦੇ ਰਾਏ ਮਸ਼ਵਰੇ ਕਰਦੇ ਘੰਟਾ ਲੰਘਾ ਦਿੰਦੇ। ਜੇ ਕਦੇ ਤਿੰਨਾਂ ਦੀ ਸਹਿਮਤੀ ਹੋ ਜਾਂਦੀ 'ਚਲੋ' 'ਚਲੋ' ਕਰਦੇ ਤੁਰ ਪੈਂਦੇ। ਨਹੀਂ ਫੇਰ ਲੰਮੀਆਂ ਤਨ ਜਾਂਦੀਆਂ। ਜਦੋਂ ਜਾਣ ਲਗਦੇ ਕੋਈ ਆਪਣੇ ਲਿਬੜੇ ਚਾਦਰੇ ਦੀ ਬੁਕਲ ਮਾਰਦਾ, ਕੋਈ ਰਾਲਾਂ ਨਾਲ ਭਰੀ ਪੱਗ ਨੂੰ ਮੱਥੇ 'ਤੇ ਲਪੇਟਦਾ ਤੇ ਕੋਈ ਚਿਲਮ ਚੁੱਕ ਕੇ ਨੇਫੇ ਵਿਚ ਤੁਨ ਲੈਂਦਾ।

ਪਿੰਡ ਵੜਦਿਆਂ ਹੀ ਜਵਾਕ ਪਿੱਛੇ ਲੱਗ ਤੁਰਦੇ। 'ਅਮਲੀ' 'ਅਮਲੀ' ਕਰਦੇ ਉਨ੍ਹਾਂ ਦੇ ਅੱਗੇ ਪਿੱਛੇ ਤੁਰਦੇ ਰਹਿੰਦੇ। ਕੋਈ ਮੁੰਡਾ ਖੁੰਡਾ ਹੁੰਦਾ ਮਖੌਲ ਅਰੰਭ ਦਿੰਦਾ। ਕੋਈ ਬਜ਼ੁਰਗ ਜਾਂ ਹਾਣੀ ਹੁੰਦਾ ਉਨ੍ਹਾਂ 'ਤੇ ਝੁਰਦਾ। ਉਨ੍ਹਾਂ ਦੇ ਫੌਲਾਦੀ ਸਰੀਰ ਇਉਂ ਖੁਰ ਜਾਣ ਤੇ ਉਹ ਰੀਂ ਰੀਂ ਕਰਦੇ ਤੇ ਮੱਥੇ ਉਤੇ ਹੱਥ ਮਾਰਦੇ ਅੱਗੇ ਲੰਘ ਜਾਂਦੇ।

14

ਸੂਰਜ ਹਾਲੀਂ ਪੂਰੀ ਤਰ੍ਹਾਂ ਛਿਪਿਆ ਨਹੀਂ ਸੀ ਕਿ ਪੁਲਿਸ ਨਾਲ ਭਰੀ ਜੀਪ ਪਾਂ ਪਾਂ ਕਰਦੀ ਪਿੰਡ ਵਿਚ ਆ ਧਮਕੀ। ਚਾਰੋਂ ਪਾਸੇ ਸਨਾਟਾ ਛਾ ਗਿਆ। ਇਕ ਇਕ ਕਰਕੇ ਲੋਕ ਘਰੋਂ ਨਿਕਲਦੇ, ਉਦਾਸ ਉਦਾਸ ਕਦਮ ਪੁੱਟਦੇ ਅਮਲੀਆਂ ਦੇ ਛੱਪੜ ਵੱਲ ਤੁਰ ਪੈਂਦੇ।

ਪੁਲੀਸ ਪਿੰਡ ਨੇ ਬੁਲਾਈ ਸੀ, ਫੇਰ ਵੀ ਪਿੰਡ ਵਿਚ ਉਦਾਸੀ ਸੀ। ਅਮਲੀਆਂ ਦੀਆਂ ਨਿੱਤ ਦੀਆਂ ਚੋਰੀਆਂ ਤੋਂ ਲੋਕ ਤੰਗ ਆ ਗਏ ਸਨ। ਉਨ੍ਹਾਂ ਬਥੇਰਾ ਕੁੱਟ ਮਾਰ ਕਰਕੇ ਤੇ ਸਮਝਾ ਬੁਝਾ ਕੇ ਦੇਖ ਲਿਆ ਸੀ। ਪਰ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ। ਨਿੱਤ ਦਿਹਾੜੇ ਉਹ ਸਰਦਾਰ ਕੋਲ ਸ਼ਕਾਇਤਾਂ ਲੈ ਲੈ ਜਾਂਦੇ। ਉਸ ਦਾ ਥਾਨੇ

ਕਚਹਿਰੀਆਂ ਤਕ ਅਸਰ ਰਸੂਖ ਸੀ। ਜੇ ਕਿਧਰੇ ਚਾਰ ਦਿਨ ਹਵਾਲਾਤਾਂ ਦਿਖਾ ਲਿਆਵੇ ਤਾਂ ਸ਼ਾਇਦ ਉਹ ਸੁਧਰ ਜਾਣ।

ਸਰਦਾਰ ਨੂੰ ਵੀ ਪਿੰਡ ਫਿਰਦਾ ਬਲਦੇਵ ਚੁਭਦਾ ਸੀ। ਇਕ ਦਿਨ ਸਰਦੇ ਤੁਰਦੇ ਘਰਾਂ ਨੂੰ ਉਹਨੇ ਸੱਦਿਆ। ਘੰਟਿਆਂ ਦੀ ਬਹਿਸ ਬਾਅਦ ਉਨ੍ਹਾਂ ਫੈਸਲਾ ਕੀਤਾ, ਜਦੋਂ ਵੀ ਚੋਰੀ ਕਰਦੇ ਫੜੇ ਜਾਣ ਪਹਿਲਾਂ ਖ਼ੂਬ ਮੁਰੰਮਤ ਹੋਵੇ। ਬੰਨ੍ਹ ਕੇ ਬਿਠਾ ਲਏ ਜਾਣ ਤੇ ਪਿਛੋਂ ਸਰਦਾਰ ਜਾਣੇ ਤੇ ਉਹਦਾ ਕੰਮ।

ਇਸ ਫੈਸਲੇ ਤੋਂ ਅਗਲੇ ਦਿਨ ਹੀ ਉਹ ਮੇਵੇ ਦੀ ਬਾਲਟੀ ਚੁੱਕਦੇ ਫੜੇ ਗਏ। ਦੁਖੀ ਹੋਏ ਲੋਕਾਂ ਨੇ ਚੰਗੇ ਹੱਡ ਸੇਕੇ। ਸਰਦਾਰ ਦੀ ਚਿੱਠੀ ਲੈ ਕੇ ਮੇਵਾ ਫੇਰ ਸ਼ਹਿਰ ਤੁਰ ਗਿਆ।

ਹੱਡ ਤੁੜਾਈ ਕੁਰਾਹ ਰਹੇ ਅਮਲੀਆਂ ਦੁਆਲੇ ਲੋਕਾਂ ਦਾ ਇਕੱਠ ਬੱਝ ਗਿਆ। ਅੱਧ-ਬੇਹੋਸ਼ੀ ਵਿਚ ਅਮਲੀਆਂ ਦੀਆਂ ਅੱਖਾਂ ਕਦੇ ਖੁੱਲ੍ਹਦੀਆਂ ਤੇ ਕਦੇ ਮਿਚ ਜਾਂਦੀਆਂ। ਕੀ ਹੋ ਰਿਹੈ ਉਨ੍ਹਾਂ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

ਸਰਦਾਰ ਨੂੰ ਮੂਹਲੀ ਸੀਟ 'ਤੇ ਬਿਠਾਈ ਜੀਪ ਅਮਲੀਆਂ ਕੋਲੇ ਆ ਖੜੀ। ਜਫੇ ਭਰ ਭਰ ਸਰਦਾਰ ਦੇ ਮੁਜਾਰਿਆਂ ਨੇ ਉਹਨਾਂ ਨੂੰ ਜੀਪ ਵਿਚ ਸੁੱਟ ਦਿੱਤਾ।

'ਕਿਧਰ ਲਿਜਾਂਦੇ ਨੇ ਸਾਨੂੰ? ਅਸੀਂ ਕੀ ਕਸੂਰ ਕੀਤੇ ਸਰਦਾਰਾ ?' ਬਿੰਦਰ ਨੇ ਆਪਣਾ ਸਿਰ ਥੋੜਾ ਜਿਹਾ ਉਤਾਂਹ ਚੁੱਕ ਕੇ ਪੁੱਛਿਆ।

'ਅਫੀਮ ਦੇ ਘਰੇ। ਬੜੇ ਗੱਫੇ ਮਿਲਣਗੇ। ਚੋਰੀ ਕਰਨ ਦੀ ਲੋੜ ਨਹੀਂ ਪੈਣੀ।' ਸਰਦਾਰ ਮੁਸਕ੍ਰਾਇਆ।

'ਭੀੜ ਨੂੰ ਧੱਕੇ ਮਾਰਦੀ ਬਿੰਦਰ ਦੀ ਮਾਂ ਜੀਪ ਅੱਗੇ ਆ ਖੜੀ ਤੇ ਉੱਚੀ ਉੱਚੀ ਧਾਹਾਂ ਮਾਰਦੀ ਪਿੱਟਣ ਲੱਗ ਪਈ।

'ਆ ਜਾਣਗੇ ਦੋ ਦਿਨਾਂ ਨੂੰ। ਮੌਤ ਤਾਂ ਨੀ ਪੈਂਦੀ। ਅਗੋਂ ਤੋਂ ਸੁਧਰ ਜਾਣਗੇ ਤੇਰੇ ਲਾਡਲੇ।' ਜੰਗੀਰ ਨੇ ਬਾਂਹ ਫੜ ਕੇ ਬੁੱਢੀ ਨੂੰ ਪਰੇ ਘੜੀਸਨ ਦਾ ਯਤਨ ਕੀਤਾ।

'ਇਹ ਤਾਂ ਪਹਿਲਾਂ ਹੀ ਮਰੇ ਪਏ ਨੇ। ਇਨ੍ਹਾਂ ਵਿਚ ਕਿਥੇ ਦਮ ਐ। ਛਡਾ ਦੇ ਸਰਦਾਰਾ....' ਸਟਾਰਟ ਹੋਈ ਜੀਪ ਨੂੰ ਦੇਖ ਕੇ ਬਾਨੇ ਦੇ ਪਿਓ ਦੀ ਭੁੱਬ ਨਿਕਲ ਗਈ। ਆਪਣੀ ਮੈਲੀ ਪੱਗ ਲਾਹ ਕੇ ਉਹਨੇ ਸਰਦਾਰ ਦੇ ਪੈਰੀਂ ਰੱਖ ਦਿੱਤੀ।

'ਫ਼ਿਕਰ ਨਾ ਕਰ ਛਡਾ ਲਿਆਊਂ।' ਸਰਦਾਰ ਨੇ ਉਹਦੀ ਪਿੱਠ ਥਾਪੜੀ।

ਸਰਦਾਰ ਜਿਸ ਲਈ ਵਿਆਕੁਲ ਸੀ, ਉਹ ਚਿਹਰਾ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਿਹਾ। ਉਸ ਦਾ ਖਿਆਲ ਸੀ ਕਰਤਾਰੋ ਉਹਦੇ ਪੈਰੀਂ ਚੁੰਨੀ ਧਰੇਗੀ ਤੇ ਉਹ ਇਕੋ ਠੇਡੇ ਨਾਲ ਹਵਾ ਵਿਚ ਉਡਾ ਦੇਵੇਗਾ। ਪਰ ਇੰਜ ਨਹੀਂ ਹੋਇਆ। ਉਹਦੀਆਂ ਨਿਗਾਹਾਂ ਘੁੰਮ ਰਹੀਆਂ ਸਨ। ਪਰ੍ਹਾਂ ਤਕ ਜਿਥੇ ਬਲਦੇਵ ਦੀ ਮਾਂ ਨੂੰ ਉਹਦਾ ਅੱਠਾਂ ਦਸਾਂ ਸਾਲਾਂ ਦਾ ਪੋਤਾ ਧੂਹੀ ਆਉਂਦਾ ਸੀ। ਸਰਦਾਰ ਨੂੰ ਚਿੜ ਚੜੀ ਤੇ ਉਹਨੇ ਜੀਪ ਸਟਾਰਟ ਕਰਨ ਦਾ ਇਸ਼ਾਰਾ ਕੀਤਾ। ਭੀੜ ਚੀਰਦੀ ਜੀਪ ਥੋੜਾ ਥੋੜਾ ਖਿਸਕਨ ਲੱਗੀ। ਤੁਰਦੀ ਜੀਪ ਦੇਖ ਕੇ ਮੁੰਡੇ ਨੇ ਬੁੱਢੀ ਦਾ ਹੱਥ ਛੱਡਿਆ ਤੇ ਸਿੱਧਾ ਜੀਪ 'ਚ ਜਾ ਚੜ੍ਹਿਆ

'ਕਿਥੇ ਜਾਨੈ ਬਾਪੂ ?' ਬਲਦੇਵ ਨੂੰ ਉਹ ਧੂਹ ਕੇ ਜੀਪ ਵਿਚੋਂ ਲਾਹੁਣ ਦਾ ਯਤਨ ਕਰ ਰਿਹਾ ਸੀ। ਇਸ ਤੋਂ ਪਹਿਲਾਂ ਕੁਝ ਹੁੰਦਾ, ਇਕ ਸਿਪਾਹੀ ਨੇ ਬਾਂਹੋ ਫੜ ਕੇ ਉਹਨੂੰ ਹੇਠਾਂ ਲਾਹ ਦਿੱਤਾ।

'ਚਲਿਐ ਸੌਹਰਿਆਂ ਨੂੰ।'

ਲੱਤਾਂ ਬਾਹਾਂ ਮਾਰਦਾ ਮੁੰਡਾ ਫੇਰ ਜੀਪ ਵਿਚ ਚੜ੍ਹਨ ਲਗਿਆ। ਪਰ ਇਸ ਵਾਰ ਉਹਦੇ ਕਰਾਰਾ ਥੱਪੜ ਪਿਆ ਤੇ ਉਹ ਮੂੰਹ ਸੇਕਦਾ ਪਿਛਾਂਹ ਹਟ ਗਿਆ।

ਬਾਨੇ ਦਾ ਪਿਓ ਜਿਥੋਂ ਤਕ ਜੀਪ ਨਾਲ ਜਾ ਸਕਦਾ ਸੀ, ਗਿਆ।

'ਤੂੰ ਮੁੜ ਜਾ ਜਰਨੈਲ ਸਿਆਂ। ਮੈਂ ਲਿਆਊਂ ਦੋ ਦਿਨਾਂ ਨੂੰ।' ਜੀਪ ਫੁਰਨ ਦੇ ਕੇ ਅਗਾਂਹ ਲੰਘ ਗਈ। ਕਈ ਦਿਨ ਲੋਕ ਅਮਲੀਆਂ ਨੂੰ ਉਡੀਕਦੇ ਰਹੇ। ਇਕ ਦੋ ਵਾਰ ਥਾਨੇ ਵੀ ਗਏ, ਪਰ ਕੋਈ ਉਘ ਸੁਘ ਨਾ ਮਿਲੀ। ਕਰਤਾਰੋ ਵੀ ਇਕ ਦੋ ਵਾਰ ਸ਼ਹਿਰ ਗਈ। ਪਰ ਜਿਹੜੀ ਥਾਨੇ ਵਾਲਿਆਂ ਉਹਦੇ ਨਾਲ ਕੀਤੀ ਮੁੜ ਉਧਰ ਜਾਣ ਨੂੰ ਉਹਦਾ ਦਿਲ ਨਾ ਕੀਤਾ।

ਜਿਉਂ-ਜਿਉਂ ਦਿਨ ਲੰਘਦੇ ਗਏ ਉਹਦਾ ਮਨ ਉਖੜਦਾ ਗਿਆ। ਬੁੱਢੀ ਦਾ ਵਰਲਾਪ ਉਹਨੂੰ ਹੋਰ ਵੀ ਉਦਾਸ ਕਰ ਦਿੰਦਾ।

'ਕਰਤਾਰੋ ਸਰਦਾਰ ਤੋਂ ਲਿਆ ਪਤਾ। ਉਹਦੀ ਮਿੰਨਤ ਕਰ ਜਾ ਕੇ।' ਆਥਨ ਉਗਨ ਬੁੱਢੀ ਉਹਦੇ ਹਾੜੇ ਕੱਢਦੀ। ਪਰ ਉਹ ਸਰਦਾਰ ਕੋਲੇ ਜਾਵੇ ਤਾਂ ਕਿਹੜੇ ਮੂੰਹ। ਜਦੋਂ ਉਹ ਬਹੁਤ ਉਦਾਸ ਹੁੰਦੀ ਜੈਲੇ ਦੀ ਬਾਂਹ ਫੜਦੀ ਤੇ ਸਰਦਾਰ ਵੱਲ ਘਲ ਦਿੰਦੀ।

ਉਹ ਹਰ ਵਾਰ ਇਕੋ ਜਵਾਬ ਲਿਆ ਕੇ ਦਿੰਦਾ :

'ਸਰਦਾਰ ਆਖਦੇ ਜਾਊਂ ਸ਼ਹਿਰ। ਆਪਣੀ ਬੇਬੇ ਨੂੰ ਭੇਜੀਂ।'

ਪਰ ਕਰਤਾਰੋ ਕਦੇ ਵੀ ਨਾ ਗਈ। ਕਦੇ ਬਿੰਦਰ ਜਾਂ ਬਾਨੇ ਦੇ ਘਰੇ ਜਾਂਦੀ। ਬੁੱਢੀਆਂ ਕੋਲੇ ਬੈਠ ਕੇ ਰੋਂਦੀ ਤੇ ਹੌਲੀ ਹੋ ਕੇ ਮੁੜ ਆਉਂਦੀ। ਬਣਦਾ ਕੁਝ ਨਾ।

ਫੇਰ ਇਕ ਦਿਨ ਕਿਸੇ ਨੇ ਆ ਕੇ ਦੱਸਿਆ ਅਮਲੀ ਗੁੰਮ ਸਨ। ਨਾ ਉਹ ਥਾਨੇ ਰਖੇ ਗਏ ਸਨ ਤੇ ਨਾ ਜੇਲ ਭੇਜੇ ਗਏ ਸਨ।

ਕਰਤਾਰੋ ਉਸ ਦਿਨ ਰੱਜ ਕੇ ਰੋਈ। ਕਈਆਂ ਸਾਲਾਂ ਦੀ ਭੜਾਸ ਕੱਢੀ। ਰੋ ਰੋ ਜਦੋਂ ਹੰਭ ਗਈ ਸਿਰ 'ਤੇ ਚੁੰਨੀ ਧਰ ਕੇ ਹਵੇਲੀ ਨੂੰ ਤੁਰ ਪਈ।

ਚਮਕਦੀ ਧੁੱਪ ਵਿਚ ਬੈਠਾ ਸਰਦਾਰ ਮਾਲਸ਼ ਕਰਾ ਰਿਹਾ ਸੀ। ਕਰਤਾਰੋ ਨੇ ਘੁੰਡ ਨੀਵਾਂ ਕਰ ਲਿਆ। ਸਤਿ ਸ੍ਰੀ ਅਕਾਲ ਬੁਲਾਈ ਤੇ ਹੇਠਾਂ ਬੈਠ ਗਈ। ਪਹਿਲਾਂ ਜੀ ਭਰ ਕੇ ਰੋਈ ਤੇ ਫੇਰ ਹਉਕੇ ਭਰਦੀ ਰਹੀ।

'ਸੁਣੀਐ ਜੀ ਅਮਲੀ...' ਉਹ ਫੇਰ ਫਿਸ ਪਈ।

'ਆਹੋ ਮੈਂ ਗਿਆ ਸੀ ਥਾਨੇ। ਉਹ ਤਾਂ ਆਖਦੇ ਸੀ ਅਸੀਂ ਅਗਲੇ ਦਿਨ ਹੀ ਛੱਡ ਦਿੱਤੇ ਸੀ। ਉਨ੍ਹਾਂ ਕਰਾਉਣਾ ਵੀ ਕੀ ਸੀ। ਕੀ ਪਤੈ ਸੌਹਰੇ ਕਿਧਰ ਤੁਰ ਗਏ। ਸਰਦਾਰ ਵਿਅੰਗ ਨਾਲ ਮੁਸਕ੍ਰਾਉਣ ਲੱਗਿਆ।

'ਤੁਸੀਂ ਪਤਾ ਜ਼ਰੂਰ ਕਰੋ। ਉਨ੍ਹਾਂ ਨੇ ਕਿਤੇ ਭੇਜਿਆ ਹੋਣੈ। ਛੱਡਿਆ ਹੁੰਦਾ ਘਰੇ ਆਉਂਦਾ।'

'ਅਮਲੀਆਂ ਦਾ ਕੀ ਪਤੈ। ਰੱਬੀ ਲੋਕ ਹੁੰਦੇ ਨੇ। ਜਿਧਰ ਮੂੰਹ ਹੋ ਗਿਆ ਤੁਰ ਗਏ। ਉਨ੍ਹਾਂ ਨੂੰ ਘਰਾਂ ਨਾਲ ਮੋਹ ਨਹੀਂ ਰਹਿੰਦਾ। ਤੂੰ ਛੱਡ ਉਹਦਾ ਖਹਿੜਾ। ਤੈਨੂੰ ਕੋਈ ਘਾਟੈ। ਤੂੰ ਨੌਜਵਾਨ ਐਂ ਤੇ ਅੰਤਾਂ ਦੀ ਸੋਹਣੀ।'

'ਅਮਲੀ ਉਮਲੀ ਘਰ ਦਾ ਆਦਮੀ ਤਾਂ ਸੀ...' ਕਰਤਾਰੋ ਦੀਆਂ ਅੱਖਾਂ ਫੇਰ ਭਰ ਆਈਆਂ।

ਤੈਨੂੰ ਕਿਹੈ ਛੱਡ ਉਹਦਾ ਖਹਿੜਾ। ਹਵੇਲੀ ਖੁਲ੍ਹੀ ਐ। ਮੌਜਾਂ ਮਾਣ। ਮੁੰਡਾ ਤੇਰਾ ਬਾਹਵਾ ਹੋ ਗਿਆ। ਪਾਲੀ ਰਲਾ ਦੇ ਇਹਨੂੰ।'

'ਉਹ ਤਾਂ ਜੀ ਹੋ ਜੂ। ਪਹਿਲਾਂ ਅਮਲੀ ਦਾ ਤਾਂ ਕਰੋ ਪਤਾ।'

'ਕਿਥੇ ਫਿਰਦੀ ਐਂ ਗੰਦ ਪਿੱਛੇ। ਆਪਣੀ ਸੋਨੇ ਵਰਗੀ ਦੇਹ ਨਾ ਰੋਲ। ਉਹਨੇ ਤਾਂ ਨਾ ਤੇਰੇ ਜਵਾਕ ਪਾਲਣੇ ਨੇ, ਨਾ ਤੇਰਾ ਘਰ ਪੂਰ ਕਰਨੈ। ਹੁਣ ਤਾਂ ਤੈਨੂੰ ਕਿਸੇ ਜਵਾਨ ਬੰਦੇ ਦਾ ਲੜ ਫੜਨਾ ਚਾਹੀਦੈ।

ਸਰਦਾਰ ਊਟ ਪਟਾਂਗ ਬੋਲਦਾ ਰਿਹਾ। ਕਰਤਾਰੋ ਸਬਰ ਦਾ ਘੁੱਟ ਭਰ ਕੇ ਸੁਣਦੀ ਰਹੀ। ਸਰਦਾਰ ਜਦੋਂ ਨਾ ਹੀ ਚੁੱਪ ਕਰਿਆ, ਉਹ ਉਠ ਕੇ ਤੁਰ ਪਈ।

ਘਰ ਆ ਕੇ ਉਹਦਾ ਦਿਲ ਨਾ ਲੱਗਿਆ। ਦੋਨੋਂ ਜਵਾਕ ਡਰੇ ਸਹਿਮੇ ਉਹਦੇ ਸਰੀਰ ਨਾਲ ਚੰਬੜੇ ਬਿਟਰ ਬਿਟਰ ਦੇਖਦੇ ਰਹੇ। ਕਰਤਾਰੋ ਉਨ੍ਹਾਂ ਨੂੰ ਹਿੱਕ ਨਾਲ ਲਾਈ ਸਾਰਾ ਦਿਨ ਰੋਂਦੀ ਰਹੀ।

15

ਅਮਲੀਆਂ ਦੇ ਗੁੰਮ ਹੋਣ ਨਾਲ ਕਈਆਂ ਦੇ ਘਰ ਘਿਉ ਦੇ ਦੀਵੇ ਬਲੇ। ਵਰ੍ਹਿਆਂ ਤੋਂ ਵਿਆਹ ਦੀਆਂ ਆਸਾਂ ਮੁਕਾਈ ਕਈ ਛੜਿਆਂ ਨੇ ਕਰਤਾਰੋ ਤੇ ਹੱਥ ਅਜ਼ਮਾਉਣ ਲਈ ਕੰਨ ਚੁੱਕ ਲਏ। ਆਥਨ ਉਗਨ ਕਰਤਾਰੋ ਦਾ ਰਾਹ ਘੇਰਦੇ ਤੇ ਤੇ ਆਪਣੇ ਡੋਰੇ ਸੁੱਟਣ ਦੇ ਯਤਨ ਕਰਦੇ।

ਸਭ ਤੋਂ ਪਹਿਲਾਂ ਉਹਦਾ ਵਾਹ ਸਰਦਾਰ ਦੇ ਵਿਗਾੜੇ ਜੰਗੀਰ ਨਾਲ ਪਿਆ। ਪਾਥੀਆਂ ਪੱਥਦੀ ਕਰਤਾਰੋ ਕੋਲੇ ਉਹ ਇਉਂ ਆ ਬੈਠਿਆ ਜਿਵੇਂ ਸਦੀਆਂ ਤੋਂ ਰਿਸ਼ਤਾ ਹੋਵੇ।

'ਮੈਨੂੰ ਦੇਖਕੇ ਚੰਨ ਵਰਗਾ ਮੁਖੜਾ ਕਿਉਂ ਢੱਕ ਲਿਆ। ਅਸੀਂ ਤਾਂ ਤੇਰੇ ਦਿਉਰਾਂ ਅਰਗੇ ਆਂ।

ਜੰਗੀਰ ਦੀ ਅਵਾਜ਼ ਨਾਲ ਕਰਤਾਰੋ ਇਕ ਦਮ ਤ੍ਰਬਕ ਪਈ। ਉਸ ਦਾ ਇਕ ਇਕ ਸ਼ਬਦ ਕਰਤਾਰੋ ਦੇ ਸੂਲਾਂ ਵਾਂਗ ਚੁਭਨ ਲੱਗਿਆ। ਅੱਗੇ ਕੀ ਕਰੇ ਸੁੰਨ ਹੋਈ ਕਰਤਾਰੋ ਨੂੰ ਸਮਝ ਨਹੀਂ ਸੀ ਆ ਰਹੀ। ਪਾਥੀਆਂ ਪਥਦੇ ਉਹਦੇ ਹੱਥ ਹੋਰ ਵੀ ਤੇਜ਼ ਹੋ ਗਏ।

'ਮੈਨੂੰ ਆਖਿਆ ਦਿਖਾ ਤਾਂ ਮੂੰਹ ਜ਼ਰਾ। ਕਦੇ ਤਾਂ ਦਰਸ਼ ਦਿਖਾ ਦੇ ਯਾਰਾਂ ਨੂੰ।' ਕਰਤਾਰੋ ਦੀ ਚੁੱਪ ਨੇ ਉਹਦਾ ਹੌਂਸਲਾ ਵਧਾਇਆ। ਅੱਗੇ ਵਧ ਕੇ ਜੰਗੀਰ ਨੇ ਪੱਲੇ ਨੂੰ ਹੱਥ ਪਾ ਲਿਆ।

'ਪਰਾਂ ਮਰ ! ਤੇਰੀਆਂ ਧੀਆਂ ਦੀ ਉਮਰ ਦੀ ਆਂ। ਸ਼ਰਮ ਕਰ ਨਿਪੁਤਿਆ ਸ਼ਰਮ....' ਗੋਹੇ ਨਾਲ ਲਿਬੜੇ ਹੱਥਾਂ ਨਾਲ ਪੱਲਾ ਬਚਾਉਂਦੀ ਕਰਤਾਰੋ ਬੁੜਬੜਾਈ। ਅਚਾਨਕ ਪਏ ਧੱਕੇ ਨਾਲ, ਪੈਰਾਂ ਭਾਰ ਬੈਠਾ ਜੰਗੀਰ ਹੇਠਾਂ ਡਿੱਗ ਪਿਆ।

ਕਮਾਲ ਐ ਤੇਰੇ ਕੰਨੀਉਂ ਵੀ। ਹੋਰ ਕੋਈ ਗੱਲ ਏ ਨੀ।' ਜੰਗੀਰ ਕਰਤਾਰੋ ਦੇ ਹੋਰ ਕੋਲ ਹੋ ਗਿਆ। ਆਲੇ ਦੁਆਲੇ ਦੇਖਿਆ ਸ਼ਾਇਦ ਕਿਸੇ ਨੂੰ ਦੇਖਕੇ ਨਾਲ ਡਰ ਗਈ ਹੋਵੇ। ਪਰ ਚਾਰੋਂ ਪਾਸੇ ਸੁੰਨ ਸਾਨ ਸੀ। 'ਘਬਰਾ ਨਾ। ਇਥੇ ਕੋਈ ਨੀ ਦੇਖਣ ਵਾਲਾ। ਤੂੰ ਏਂ ਜਾਂ ਮੈਂ ਆਂ। ਤੈਨੂੰ ਡਰ ਵੀ ਕੀਹਦੈ ਹੁਣ। ਬੁੜੀ ਤਾਂ ਉਂਝ ਏ ਪਾਗ਼ਲ ਹੋਈ ਫਿਰਦੀ ਐ। ਚੱਲ ਕਿਤੇ ਨਿਕਲ ਚੱਲੀਏ। ਸਹੁੰ ਗੁਰੂ ਦੀ ਤੇਰੇ 'ਤੇ ਬੜਾ ਤਰਸ ਆਉਂਦੈ। ਤੂੰ ਦੇਖਿਆ ਵੀ ਕੀ ਐ....। ਆ ਉਮਰ ਕੋਈ ਪਾਥੀਆਂ ਪੱਥਨ ਦੀ ਐ। ਇਹ ਤਾਂ ਐਸ਼ ਕਰਨ ਦੀ ਉਮਰ ਐ।' 'ਤੇਰੇ ਨੂੰਹਾਂ ਪੋਤਰੇ ਘਰੇ ਨੇ ਕੁਝ ਸੋਚ ਕੇ ਤਾਂ ਭੌਂਕ। ਆਪਣੀ ਇੱਜ਼ਤ ਨਾ ਲਹਾ ਬਹੀਂ।' ਕਰਤਾਰੋ ਦਾ ਚਿਹਰਾ ਸੂਹਾ ਹੋ ਗਿਆ। ਇਹੋ ਜਿਹੀਆਂ ਗੱਲਾਂ ਉਸ ਲਈ ਨਵੀਆਂ ਨਹੀਂ ਸਨ। ਇਹੋ ਜਿਹੇ ਕਈਆਂ ਨੂੰ ਤਾਂ ਉਸ ਨੇ ਉਦੋਂ ਚਨੇ ਚਬਾਏ ਸਨ ਜਦੋਂ ਉਹ ਪੰਦਰਾਂ ਵਰ੍ਹਿਆਂ ਦੀ ਸੀ। ਹੁਣ ਤਾਂ ਉਹ ਪੂਰੀ ਔਰਤ ਸੀ। ਜ਼ਿੰਦਗੀ ਦੇ ਹੋਰ ਵੀ ਹਜ਼ਾਰਾਂ ਉਤਰਾ ਚੜ੍ਹਾ ਉਹਨੇ ਕੁੜੀ ਤੋਂ ਔਰਤ ਬਣਨ ਤੱਕ ਦੇਖ ਲਏ ਸਨ।

ਜੰਗੀਰ ਨਿੰਮੋਝੂਣਾ ਜਿਹਾ ਹੋ ਗਿਆ। ਅਗਾਂਹ ਕੀ ਕਰੇ ਉਸ ਨੂੰ ਕੁਝ ਨਾ ਸੁਝਿਆ ਉਹ ਮੂੰਹ ਆਈਆਂ ਆਖਣ ਲੱਗਿਆ, 'ਆਪਾਂ ਨੂੰ ਕਿਹੜਾ ਕਾਹਲ ਐ। ਸੋਚ ਲਈਂ....। ਜੀਤੇ ਦੀ ਬੇਬੇ ਮਰੀ ਨੂੰ ਤਾਂ ਪੰਦਰਾਂ ਵਰ੍ਹੇ ਹੋ ਗਏ। ਮੈਂ ਕਿਹੜਾ ਬੁੜਾ ਹੋ ਗਿਆ। ਜ਼ਮੀਨ ਆਪਣੇ ਕੋਲ ਬਥੇਰੀ ਐ। ਬੜੇ ਵਧੀਆ ਦਿਨ ਲੰਘਣਗੇ। ਆਖੇਂਗੀ ਆਥਨ ਨੂੰ ਨਾਉਂ ਲੁਆ ਦੂੰ। ਜਵਾਕਾਂ ਦੀ ਕੋਈ ਪਰਵਾਹ ਨੀ। ਆਪਣਿਆਂ ਨਾਲੋਂ ਵੱਧ ਰੱਖੂੰ।'

ਕਰਤਾਰੋ ਕੰਮ ਨੂੰ ਵਿਚਾਲੇ ਛੱਡ ਕੇ ਉੱਠੀ। ਗੱਲ ਅੱਗੇ ਵਧੇ ਉਹ ਦਿਲ ਦਾ ਨਹੀਂ ਸੀ। ਬੇ-ਸੁਧ ਜਿਹੀ ਨਲਕੇ ਤੱਕ ਅਪੜੀ, ਹੱਥ ਧੋਤੇ ਤੇ ਲੰਬੀਆਂ ਪੁਲਾਂਘਾਂ ਭਰਦੀ ਬਾੜੇ ਵਿਚੋਂ ਬਾਹਰ ਨਿਕਲ ਗਈ। 'ਕੀ ਕਰਤਾਰੋ ਸੱਚੀਂ ਨਾਂਹ ਕਰ ਗਈ ? ਜਾਂ ਮੈਨੂੰ ਪਰਖ ਰਹੀ ਐ ?....ਹਾਲੇ ਗੁੱਸੇ 'ਚ ਐ। ਮੈਂ ਵੀ ਮੂਰਖ ਵੀ ਆਂ। ਇਉਂ ਵੀ ਕਦੇ ਗੱਲ ਕਰੀਦੀ ਐ। ਜਦੋਂ ਠੰਢੀ ਹੋਊ ਫੇਰ ਗੱਲ ਕਰੂੰ। ਨਾਲੇ ਸੂਟ ਸਾਟ ਲਿਆਵਾਂ ਉਹਦੇ ਲਈ।' ਬਾੜੇ ਵਿਚ ਬੈਠਾ ਜੰਗੀਰ ਆਪਣੇ ਖ਼ਿਆਲ ਦੜਾਉਂਦਾ ਰਿਹਾ।

ਜੰਗੀਰ ਨੇ ਹਾਲੇ ਚੰਗੀ ਤਰ੍ਹਾਂ ਪਿੱਛਾ ਨਹੀਂ ਸੀ ਛੱਡਿਆ ਬੰਤਾ ਪਿੱਛੇ ਪੈ ਗਿਆ। ਪਤਾ ਨਹੀਂ ਕਿਧਰੋਂ ਸੂਹ ਲੱਗਦੀ ਜਦੋਂ ਕਿਧਰੇ ਕਰਤਾਰੋ ਇਕੱਲੀ ਨਿਕਲਦੀ ਉਹਨੂੰ ਜਵਾਕਾਂ ਵਾਂਗ ਆ ਘੇਰਦਾ। ਜਿਵੇਂ ਹੋਰ ਕੋਈ ਕੰਮ ਹੀ ਨਾ ਹੋਵੇ।

'ਸੌਹਰੀਏ ਇੰਨਾਂ ਨਾ ਭਰਿਆ ਕਰ। ਨਾਜਕ ਜੀ ਤਾਂ ਹੈਗੀ। ਲਿਆ ਮੈਂ ਚੁਕਾਵਾਂ।' ਮਿੱਟੀ ਲੈਣ ਗਈ ਕਰਤਾਰੋ ਨੂੰ ਉਹ ਇਕ ਦਿਨ ਟੋਭੇ 'ਤੇ ਮਿਲਿਆ। ਨਾਂਹ ਨਾਂਹ ਕਰਦੀ ਤੋਂ ਵੀ ਉਹਨੇ ਬੱਠਲ ਚੁੱਕ ਉਹਦੇ ਸਿਰ 'ਤੇ ਧਰ ਦਿੱਤਾ ਤੇ ਮਟਕ ਨਾਲ ਉਹਦੇ ਬਰਾਬਰ ਹੋ ਗਿਆ।

'ਕਰਤਾਰੋ ਅਮਲੀ ਤਾਂ ਸੁਣਿਐ ਮਰ ਗਿਆ ਕਿਧਰੇ। ਕੀ ਸੋਚਿਆ ਤੂੰ ਹੁਣ ਫੇਰ। ਕੱਲ ਅੰਬੋ ਨੇ ਦੱਸਿਆ ਸੀ ਮੈਨੂੰ ਤਾਂ। ਕੋਈ ਉਪਰਾਲਾ ਤਾਂ ਤੈਨੂੰ ਕਰਨਾ ਪਊ। ਪਹਾੜ ਜਿੱਡੀ ਉਮਰ ਐ ਕਿਵੇਂ ਲੰਘੂ। ਮੈਂ ਵੀ ਸੋਚਿਆ ਕੀ ਬਣੂ ਵਿਚਾਰੀ ਦਾ। ਅੰਬੋ ਨੂੰ ਵੀ ਸਮਝਾਇਆ ਸੀ ਮੈਂ। ਸ਼ਾਇਦ ਗੱਲ ਕੀਤੀ ਹੋਵੇ...। ਜੇ ਤੇਰੀ ਮਰਜ਼ੀ ਐ ਤਾਂ ਮੈਂ...' ਇਹੋ ਜਿਹੀਆਂ ਗੱਲਾਂ ਸੁਣ ਸੁਣ ਕਰਤਾਰੋ ਅੱਕ ਗਈ ਸੀ। ਬੰਤੇ ਦੀਆਂ ਇਨ੍ਹਾਂ ਮਿੱਠੀਆਂ ਮਿੱਠੀਆਂ ਤੋਂ ਉਹਨੂੰ ਹੋਰ ਵੀ ਚਿੜ ਚੜ੍ਹ ਗਈ।

'ਚੁੱਪ ਕਰਕੇ ਤੁਰਦਾ ਹੋ। ਦਾੜ੍ਹੀ ਪੱਟ ਕੇ ਹੱਥ ਫੜਾ ਦਿਊਂ। ਕਦੇ ਮੂੰਹ ਦੇਖਿਐ। ਸਾਰੀ ਦਾੜ੍ਹੀ ਚਿੱਟੀ ਹੋਈ ਪਈ ਐ। ਸ਼ਰਮ ਨਹੀਂ ਆਉਂਦੀ ਵਿਆਹ ਦੀਆਂ ਗੱਲਾਂ ਕਰਦੇ ਨੂੰ।'

'ਲੈ ਤੂੰ ਤਾਂ ਸਮਝੀ ਨੀ। ਇਹ ਤਾਂ ਜੇ ਤੇਰੀ ਰਜ਼ਾਮੰਦੀ ਐ ਤਾਂ ਐ। ਮੈਂ ਤਾਂ ਪਹਿਲਾਂ ਹੀ ਫਿਰਦਾ ਸੀ, ਪਰ ਸਰਦਾਰ ਨੇ ਪੱਟੀ ਨਾ ਬੰਨਣ ਦਿੱਤੀ। ਕਾਹਨੂੰ ਤੇਰਾ ਬਲਦੇਵ ਨਾਲ ਬਾਹ ਪੈਂਦਾ ਕਾਹਨੂੰ ਆ ਦਿਨ ਆਉਂਦੇ। ਪਰ ਮੇਰੇ ਮਨ ਨੇ ਆਖਿਆ, ਜੇ ਕਰਤਾਰੋ ਨਾਲ ਇੰਨਾਂ ਏ ਮੋਹ ਐ ਫੇਰ ਉਹਦਾ ਕੀ ਘਸ ਗਿਆ। ਦੇਖ ਕਰਤਾਰੋ...।' 'ਮੈਂ ਆਖਿਆ ਜੇ ਭਲੀ ਚਾਹੁੰਣੈ ਚੁੱਪ ਕਰਕੇ ਤੁਰ ਜਾ। ਨਹੀਂ ਤਾਂ ਮੈਂ ਜੁੱਤੀ ਲਾਹ ਲਈ ਆਪੇ ਸੁਰਤ ਆ ਜੂ।' ਗੁੱਸੇ ਨਾਲ ਕੰਬ ਰਹੀ ਕਰਤਾਰੋ ਨੂੰ ਦੇਖ ਕੇ ਬੰਤਾ ਇਕ ਦਮ ਉਦਾਸ ਹੋ ਗਿਆ। ਅਸਾਨੀ ਨਾਲ ਕਾਬੂ ਨਾ ਆਉਂਦੀ ਦੇਖ ਉਹਨੇ ਦੂਜਾ ਤੀਰ ਛੱਡਿਆ।

'ਬਹੁਤਾ ਹੰਕਾਰ ਨਾ ਕਰੀਂ, ਮੈਂ ਨੱਕ ਵਿਚ ਦਮ ਕਰ ਦੂੰ। ਕਿਤੇ ਹੋਰ ਹਵਾ 'ਚ ਫਿਰਦੀ ਹੋਵੇਂ। ਮੈਂ ਤੈਨੂੰ ਪਿੰਡ ਇਉਂ ਹਿੱਕ ਕੱਢ ਕੇ ਫਿਰਨ ਜੋਕਰੀ ਨੀ ਛੱਡਣਾ...।'

'ਤੂੰ ਜਿਹੜਾ ਕਰਨਾ ਹੋਊ ਕਰ ਲਈਂ। ਹੁਣ ਚੁੱਪ ਕਰਕੇ ਆਪਣਾ ਰਾਹ ਫੜ।'

ਇਹੋ ਜਿਹੇ ਕਈਆਂ ਨੇ ਕਰਤਾਰੋ ਦਾ ਪਿੱਛਾ ਕੀਤਾ। ਕਦੇ ਇਸ ਨਾਲ ਤੇ ਕਦੇ ਉਸ ਨਾਲ ਖਹਿਬੜ ਕੇ ਉਹਨੇ ਅੱਧਾ ਪਿੰਡ ਵੈਰੀ ਕਰ ਲਿਆ।

ਕਰਤਾਰੋ ਦੇ ਅੱਗੇ ਪਿੱਛੇ ਫਿਰਦਾ ਜੇ ਕਿਸੇ ਹੋਰ ਦੀ ਨਿਗਾਹ ਚੜ੍ਹ ਜਾਂਦਾ, ਗੱਲ ਲੂਣ ਮਿਰਚ ਲੱਗ ਕੇ ਜੰਗਲ ਦੀ ਅੱਗ ਵਾਂਗ ਫੈਲ ਜਾਂਦੀ।

'ਲੈ ਕੁੜੇ ਹੁਣ ਤਾਂ ਸ਼ਾਇਦ ਮਿੱਠੇ ਦੇ ਘਰੇ ਰੋਟੀ ਪੱਕਣ ਲੱਗ ਜੇ...।

'ਨਾ ਕੁੜੇ ਹੁਣ ਤਾਂ ਬੰਤਾ ਲਿਆਊ ਇਹਨੂੰ ਵਿਆਹ ਕੇ। ਵਿਚਾਰਾ ਨਿੱਤ ਬੱਠਲ ਭਰ ਭਰ ਚੁਕਾਉਂਦੈ।'

'ਕੀ ਪਤੈ ? ਕੱਲ੍ਹ ਸੰਤੇ ਨਾਲ ਇਉਂ ਮਟਕ ਮਟਕ ਗੱਲਾਂ ਮਾਰਦੀ ਸੀ, ਜਿਵੇਂ ਹੁਣ ਸਿੱਧੀ ਉਹਦੇ ਘਰੇ ਜਾ ਕੇ ਦਮ ਲਊ।'

'ਕਿਤੇ ਸਭ ਦੀ ਰੰਨ ਨਾ ਬਣ ਕੇ ਬਹਿ ਜੇ। ਲੋਕਾਂ ਦੇ ਘਰ ਪਟੇ ਜਾਣ। ਅੱਗੇ ਇਕ ਮਸਾਂ ਕੱਢੀ ਐ। ਇਕ ਆਉਂਦਾ ਸੀ ਇਕ ਜਾਂਦਾ ਸੀ।'

ਲੱਗਦੇ ਵਾਹ ਆਂਢਣਾਂ ਗੁਆਂਢਣਾਂ ਕਰਤਾਰੋ ਨੂੰ ਵੀ ਮੁਆਫ ਨਾ ਕਰਦੀਆਂ। ਅੱਗੇ ਪਿੱਛੇ ਮਿਲ ਜਾਂਦੀ ਘੇਰ ਘੇਰ ਪੁੱਛਦੀਆਂ :

'ਕਿਹੜਾ ਕੀ ਆਂਹਦਾ ਸੀ ਕੁੜੇ ਕੱਲ੍ਹ ? ਬੜੀਆਂ ਗੱਲਾਂ ਮਾਰਦੀ ਸੀ ਉਹਦੇ ਨਾਲ ?'

'ਬੱਗਾ ਤੇਰੀਆਂ ਬੜੀਆਂ ਸਿਫ਼ਤਾਂ ਕਰਦਾ ਹੁੰਦੈ। ਕੀ ਗੱਲ ਐ ਕੁੜੇ ?'

ਕਦੇ ਕੋਈ ਕਰਤਾਰੋ ਦਾ ਸੀਨਾ ਫੂਕਣ ਨੂੰ ਸਿੱਧਾ ਆਖਦੀ :

'ਹੁਣ ਕੀਹਦੇ ਬੈਠਣ ਦੀ ਸਲਾਹ ਐ ? ਕੋਈ ਚੰਗਾ ਟੋਲ ਲੀਂ। ਅੱਗੇ ਵਾਂਗੂੰ ਨਾ ਧੱਕੇ ਖਾਣੇ ਪੈਣ।'

'ਜੇ ਕਿਤੇ ਸਿੰਦੇ ਤੇ ਚਾਦਰ ਪਾ ਲੇਂ ਬੜਾ ਵਧੀਆ ਹੋ ਜੇ।' ਵਿਚਾਰਾ ਬੜਾ ਤਰਸਦੈ।'

ਦਿਨ ਵਿਚ ਵੀਹ ਵੀਹ ਨਾਲ ਲੜਦੀ ਝਗੜਦੀ ਉਹ ਹੰਭ ਜਾਂਦੀ।

ਜਦੋਂ ਕਦੇ ਇਹੋ ਜਿਹਾ ਕੁਝ ਵਾਪਰਦਾ ਉਹਦਾ ਕਈ ਦਿਨ ਦਿਲ ਨਾ ਲੱਗਦਾ। ਇਕ ਦੋ ਵਾਰ ਉਹਨੇ ਉਲਾਂਭੇ ਦਿੱਤੇ। ਪਰ ਕਿਸੇ 'ਤੇ ਕੋਈ ਅਸਰ ਨਾ ਹੋਇਆ। ਉਖੜੀ ਉਖੜੀ ਉਹ ਦਿਨ ਕੱਟ ਰਹੀ ਸੀ। ਸਾਰੀ ਰਾਤ ਉਹ ਆਪਣੇ ਆਪ ਨਾਲ ਲੜਦੀ ਤੇ ਸਾਰਾ ਦਿਨ ਲੋਕਾਂ ਨਾਲ।

16

ਕਰਤਾਰੋ ਨੇ ਭਾਵੇਂ ਕਈ ਵਰ੍ਹੇ ਬਲਦੇਵ ਨੂੰ ਘਰੇ ਨਹੀਂ ਸੀ ਵੜਨ ਦਿੱਤਾ, ਫੇਰ ਵੀ ਪਿੰਡ ਫਿਰਦੇ ਦਾ ਉਹਨੂੰ ਰੱਬ ਵਰਗਾ ਆਸਰਾ ਸੀ। ਜਦੋਂ ਦਾ ਉਹ ਪਿੰਡੋਂ ਨਿਕਲਿਆ ਸੀ ਉਹਨੂੰ ਅਜਿਹੀਆਂ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਹੜੀਆਂ ਉਹਨੇ ਕਦੇ ਕਲਪੀਆਂ ਵੀ ਨਹੀਂ ਸਨ। ਪਹਿਲਾਂ ਪਹਿਲ ਉਹ ਡੁਸਕਦੀ, ਕਦੇ ਇਸ ਕੌਲੇ ਨਾਲ ਲੱਗ ਕੇ ਤੇ ਕਦੇ ਉਸ ਨਾਲ। ਪਰ ਔਕੜਾਂ ਤੂਫ਼ਾਨ ਵਾਂਗ ਚੜ੍ਹਦੀਆਂ ਹੀ ਗਈਆਂ ਤੇ ਉਹ ਵੀ ਆਏ ਦਿਨ ਇਨ੍ਹਾਂ ਨਾਲ ਟੱਕਰਨ ਲਈ ਚਟਾਨ ਵਾਂਗ ਮਜ਼ਬੂਤ ਹੁੰਦੀ ਗਈ। ਉਹਦਾ ਮੁੰਡਾ ਜੈਲਾ ਜਿਹੜਾ ਵਾਹਵਾ ਹੋ ਗਿਆ ਸੀ, ਚੌਧਰੀਆਂ ਦੇ ਡੰਗਰਾਂ ਪਿੱਛੇ ਲੱਗ ਗਿਆ। ਆਪ ਕਰਤਾਰੋ ਚੌਧਰੀਆਂ ਦਾ ਗੋਹਾ ਗੂੜਾ ਕਰਨ ਲੱਗੀ। ਸੂਰਜ ਦੀ ਟਿੱਕੀ ਨਿਕਲਨ ਤੋਂ ਪਹਿਲਾਂ ਉਹ ਨਿਕਲਦੀ, ਸਾਰਾ ਦਿਨ ਕੰਮਾਂ ਕਾਰਾਂ ਵਿਚ ਰੁਝੀ ਰਹਿੰਦੀ। ਰਾਤ ਪਈ ਮੁੜਦੀ ਜਦੋਂ ਹਨੇਰਾ ਗੂੜ੍ਹਾ ਹੋ ਗਿਆ ਹੁੰਦਾ। ਦਸਾਂ ਬਾਰ੍ਹਾਂ ਸਾਲਾਂ ਦੀ ਹਰਬੰਸੋ ਨੇ ਕਢਾਈ ਦੇ ਕੰਮ ਵਿਚ ਚੰਗੀ ਮੁਹਾਰਤ ਪ੍ਰਾਪਤ ਕਰ ਲਈ ਸੀ। ਵੇਲੇ ਕੁਵੇਲੇ ਕਰਤਾਰੋ ਕਿਸੇ ਦੇ ਘਰੋਂ ਮਾੜਾ ਮੋਟਾ ਕੰਮ ਲਿਆ ਦਿੰਦੀ। ਸਾਰਾ ਦਿਨ ਸੀਤੋ ਕੋਲੇ ਬੈਠੀ ਹਰਬੰਸੋ ਆਪਣੇ ਕੰਮ ਵਿਚ ਰੁਝੀ ਰਹਿੰਦੀ। ਛੋਟੀ ਜਿਹੀ ਟੱਬਰੀ ਦੇ ਸਾਰੇ ਜੀਅ ਰਲ ਕੇ ਡੰਗ ਟਪਾ ਰਹੇ ਸਨ।

ਪਰ ਸੀਤੋ ਸਾਰਾ ਦਿਨ ਬਲਦੇਵ ਦਾ ਨਾਂਅ ਜਪਦੀ ਜਪਦੀ ਪਾਗ਼ਲ ਹੋਣ ਤੇ ਆ ਗਈ। ਸੁਬ੍ਹਾ ਦਿਨ ਚੜ੍ਹਦੇ ਨਾਲ ਉਹ ਘਰੋਂ ਨਿਕਲਦੀ, ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ ਵਿਚ ਮੱਥੇ ਰਗੜਦੀ, ਪਰਛਾਵੇਂ ਢਲਿਆਂ ਤੋਂ ਘਰੇ ਪਰਤਦੀ। ਪੰਡਤਾਂ ਦੇ ਦਰਵਾਜ਼ੇ ਖਟਕਾਉਂਦੀ, ਪੱਤਰੀਆਂ ਦਿਖਾਉਂਦੀ ਹਰ ਵਾਰ ਕੋਈ ਨਵਾਂ ਉਪਾਅ ਪੁੱਛ ਕੇ ਘਰੇ ਮੁੜਦੀ। ਕਈ ਦਿਨ ਉਨ੍ਹਾਂ ਉਪਾਵਾਂ ਵਿਚ ਰੁਝੀ ਰਹਿੰਦੀ। ਕਦੇ ਪੁੱਠੇ ਪੈਰੀਂ ਮੰਦਰਾਂ ਤੇ ਗੁਰਦੁਆਰਿਆਂ ਵਿਚ ਮੱਥਾ ਟੇਕ ਟੇਕ ਆਉਂਦੀ, ਕਦੇ ਚਰਖਾ ਪੁੱਠਾ ਫੇਰਨ ਬਹਿ ਜਾਂਦੀ ਤੇ ਕਦੇ ਪੁੱਠੇ ਤਵੇ 'ਤੇ ਰੋਟੀਆਂ ਪਕਾਉਂਦੀ। ਸ਼ਾਇਦ ਬਲਦੇਵ ਕਦੇ ਪੁੱਠਾ ਮੁੜ ਆਵੇ। ਲੋਕ ਉਹਨੂੰ ਪਾਗਲ ਆਖਣ ਲੱਗੇ। ਬੁੱਢੀਆਂ ਠੇਰੀਆਂ ਉਹਦੇ ਟੂਣੇ ਟਾਮਨਾਂ ਤੋਂ ਡਰਦੀਆਂ ਦਰਵਾਜ਼ੇ ਭੇੜ ਲੈਂਦੀਆਂ। ਕੀ ਪਤਾ ਉਸ ਦਾ ਟੂਣਾ ਕਿਸ ਤੇ ਚਲ ਜਾਵੇ ? ਵਕਤ ਲੰਬੀਆਂ ਪੁਲਾਂਘਾਂ ਭਰਦਾ ਗਿਆ। ਬਲਦੇਵ ਵਾਪਸ ਨਾ ਆਇਆ। ਟੂਣੇ ਟਾਮਨਾਂ ਵਿਚੋਂ ਸੀਤੋ ਦਾ ਵਿਸ਼ਵਾਸ ਦਿਨੋਂ ਦਿਨ ਘੱਟਦਾ ਜਾ ਰਿਹਾ ਸੀ। ਕੀ ਕੀ ਸੀ ਜਿਹੜਾ ਉਹਨੇ ਕਰ ਨਹੀਂ ਸੀ ਦੇਖਿਆ। ਮਹੀਨੇ ਵਿਚ ਵੀਹ ਵੀਹ ਦਿਨ ਭੁੱਖੇ ਕੱਟੇ, ਬਾਰ੍ਹਾਂ ਬਾਰ੍ਹਾਂ, ਪੰਦਰਾਂ ਪੰਦਰਾਂ ਦਿਨ ਜਗਰਾਤੇ ਕੱਟੇ ਤੇ ਧੂਣੀਆਂ ਸਾਹਮਣੇ ਬੈਠ ਬੈਠ ਆਪਣੀਆਂ ਅੱਖਾਂ ਗੁਆ ਲਈਆਂ। ਬ੍ਰਾਹਮਣਾਂ ਬਾਨੀਆਂ ਨੇ ਅੱਡ ਲੁੱਟ ਕੇ ਖਾਣ ਦੀ ਕਸਰ ਨਾ ਛੱਡੀ। ਸੀਤੋ ਦੇ ਨਿੱਤ ਨਵੇਂ ਖਰਚਾਂ ਤੋਂ ਕਰਤਾਰੋ ਖਿਝਦੀ। ਕਦੇ ਕਿਸੇ ਨੂੰ ਖੇਸ ਦੇ, ਕਦੇ ਨਾਰੀਅਲ, ਕਦੇ ਟੂਲ

ਤੇ ਕਦੇ ਕੁਝ ਹੋਰ। ਆਪਣੇ ਢਿੱਡਾਂ ਦੇ ਖਰਚ ਪੂਰੇ ਕਰੇ ਜਾਂ ਇਨ੍ਹਾਂ ਫਾਲਤੂ ਕੰਮਾਂ ਲਈ ਪੈਸੇ ਇਕੱਠੇ ਕਰੇ। ਸਾਰਾ ਦਿਨ ਸਾਰੇ ਟੱਬਰ ਦਾ ਚੰਮ ਲਹਿੰਦਾ ਸੀ ਤਾਂ ਦੋ ਵਕਤ ਦੀ ਰੋਟੀ ਜੁੜਦੀ ਸੀ।

ਵਰਤਾਂ, ਧੂਣੀਆਂ ਤੇ ਜਗਰਾਤਿਆਂ ਨਾਲ ਸੀਤੋ ਦੀ ਬੀਮਾਰੀ ਦੁਗਣੀ ਹੋ ਗਈ। ਜਿਉਂ ਜਿਉਂ ਜੋੜਾਂ ਦਾ ਦਰਦ ਵਧਦਾ ਗਿਆ ਉਹ ਮੰਜੇ ਨਾਲ ਲੱਗਦੀ ਗਈ। ਮੰਜੇ ਵਿਚ ਤੜਫਦੀ ਨੂੰ ਵੀ ਜੇ ਕਦੇ ਕਿਸੇ ਸਾਧ ਸੰਤ ਦੇ ਆਉਣ ਦੀ ਸੂਹ ਮਿਲ ਜਾਂਦੀ ਉਹ ਕਰਤਾਰੋ ਦੀਆਂ ਲੇਲੜੀਆਂ ਕੱਢਦੀ।

'ਕੁੜੇ ਸੁਣਿਐ ਲੰਗੋਟੀ ਵਾਲਾ ਮਹਾਤਮਾ ਆਇਐ। ਬਾਰ੍ਹਾਂ ਵਰ੍ਹੇ ਪੈਰਾਂ ਭਾਰ ਖੜ ਕੇ ਤਪ ਕੀਤੈ। ਪੁੱਛ ਕੁੜੇ ਜੇ ਕੁਛ ਦੱਸੇ ਬਲਦੇਵ ਬਾਰੇ। ਮੇਰੀ ਧੀ ਬਣ ਕੇ।'

'ਮੈਥੋਂ ਨੀ ਬੇਹਲੇ ਕੰਮ ਹੁੰਦੇ। ਕਦੇ ਕੋਈ ਮੜ੍ਹੀਆਂ 'ਚੋਂ ਉਠ ਕੇ ਆਇਐ ? ਜਿੰਨੇ ਮਰਜ਼ੀ ਟੂਣੇ ਟਾਮਨ ਕਰ ਉਹਨੇ ਕੋਈ ਨੀ ਮੁੜਨਾ।'

ਕਰਤਾਰੋ ਦੇ ਸ਼ਬਦ ਸੀਤੋ ਦੇ ਛੁਰਿਆਂ ਵਾਂਗ ਵੱਜਦੇ। ਵਾਹੋ ਧਾਹੀ ਗਾਲ੍ਹਾਂ ਕੱਢਦੀ ਉਹ ਪਿੱਟਣ ਲੱਗਦੀ : 'ਸੜ ਜੇ ਤੇਰੀ ਜੀਭ ਡੈਣੇ। ਮੇਰੇ ਜਿਊਂਦੇ ਪੁੱਤ ਨੂੰ ਮਾਰਦੀ ਨੂੰ ਤੈਨੂੰ ਸ਼ਰਮ ਨੀ ਆਉਂਦੀ। ਪਤਾ ਨੀ ਤੇਰੇ ਦਿਲ 'ਚ ਕੀ ਐ ਜਿਹੜੀਆਂ ਤੂੰ ਨਿੱਤ ਉਹਦੇ ਮਰਨ ਦੀਆਂ ਸੁੱਖਾਂ ਬਨਾਉਂਦੀ ਐਂ।'

ਕਰਤਾਰੋ ਸਬਰ ਦਾ ਘੁੱਟ ਭਰਦੀ।

'ਚੰਗਾ ਦੇਖੂੰ ਜਦੋਂ ਆਊ।'

ਸੱਚਮੁੱਚ ਬਲਦੇਵ ਕਦੇ ਵੀ ਨਾ ਆਇਆ। ਬੁੱਢੀ ਪਿੱਟ ਕੇ ਰਹਿ ਜਾਂਦੀ।

ਮੰਜੀ ਵਿਚ ਸੁਕੜੀ ਪਈ ਸੀਤੋ ਨੂੰ ਇਕ ਦਿਨ ਅਚਾਨਕ ਹੀ ਕਰਤਾਰੋ ਤੇ ਯਕੀਨ ਆ ਗਿਆ : 'ਮੇਰਾ ਬਲਦੇਵ ਤਾਂ ਸੱਚੀਂ ਮਰ ਖੱਪ ਗਿਆ। ਕਰਤਾਰੋ ਦੀ ਗੱਲ ਪੱਕੀ ਐ। ਮੇਰੇ ਬਿਨਾਂ ਤਾਂ ਉਹ ਟੁੱਕ ਨੀ ਸੀ ਖਾਂਦਾ। ਜਿੰਨਾਂ ਚਿਰ ਜੈਲੇ ਨੂੰ ਨਾ ਦੇਖਦਾ ਬਿੰਦ ਨਾ ਟਿਕਦਾ। ਹੁਣ ਕੈ ਵਰ੍ਹੇ ਹੋਗੇ ਮੁੜ ਅਸੀਂ ਯਾਦ ਈ ਨੀ ਆਏ ? ਉਹ ਤਾਂ ਬਸ ਮੁੱਕ ਗਿਆ....ਮੇਰੇ ਤੋਂ ਵੀ ਪਹਿਲਾਂ।'

ਉਸ ਦਿਨ ਬੁੱਢੀ ਧਾਹਾਂ ਮਾਰ ਕੇ ਰੋਈ। ਪਿੰਡ ਦੀਆਂ ਜ਼ਨਾਨੀਆਂ ਨੇ ਮਸਾਂ ਉਹਦੀ ਧੀਰ ਬੰਧਾਈ। ਸਵੇਰੇ ਬਲਦਾਂ ਦੇ ਗਲ ਵੱਜਦੀਆਂ ਟੱਲੀਆਂ, ਦੁਪਹਿਰੀਂ ਮੁਜਾਰਿਆਂ ਦੀਆਂ ਜਾਂਦੀਆਂ ਰੋਟੀਆਂ, ਸ਼ਾਮ ਨੂੰ ਘਰਾਂ ਨੂੰ ਮੁੜਦੇ ਪਾਲੀਆਂ ਦੀਆਂ ਹੇਕਾਂ, ਸੀਤੋ ਦੇ ਕਾਲਜੇ ਵਿਚ ਧੂਹ ਪਾਉਂਦੀਆਂ। ਔਖੀ ਸੌਖੀ ਉਹ ਦਰਵਾਜ਼ੇ ਤੱਕ ਅਪੜਦੀ ਤੇ ਕਾਲਜੇ ਵਿਚ ਅੱਥਰੂ ਭਰ ਕੇ ਵਾਪਸ ਮੁੜ ਆਉਂਦੀ। ਬਲਦੇਵ ਉਹਨੂੰ ਕਿਧਰੇ ਨਜ਼ਰ ਨਾ ਆਉਂਦਾ। ਜਿਸ ਦਿਨ ਥੋੜੀ ਮੋਟੀ ਠੀਕ ਹੁੰਦੀ ਲੱਤਾਂ ਘੜੀਸਦੀ ਨਿਕਲਦੀ। ਅਮਲੀਆਂ ਦੇ ਛੱਪੜ 'ਤੇ ਜਾਂਦੀ। ਨੀਝਾਂ ਲਾ ਲਾ ਉਸ ਥਾਂ ਨੂੰ ਦੇਖਦੀ, ਜਿਥੇ ਉਨ੍ਹਾਂ ਕਈ ਵਰ੍ਹੇ ਅਮਲ ਵਿਚ ਖੁਰਦਿਆਂ ਬਿਤਾਏ ਸਨ। ਉਥੇ ਲਿਟਦੀ, ਵੈਣ ਪਾਉਂਦੀ ਤੇ ਬਲਦੇਵ ਨੂੰ ਹਾਕਾਂ ਮਾਰਦੀ ਵਾਪਸ ਪਰਤ ਆਉਂਦੀ।

ਇਸ ਤਰ੍ਹਾਂ ਰੁਦਨ ਕਰਦੀ ਸੀਤੋ ਕਰਤਾਰੋ ਨੂੰ ਬੜੀ ਪਿਆਰੀ ਲੱਗਦੀ। ਉਹਨੂੰ ਚੁੱਪ ਕਰਾਉਂਦੀ ਕਈ ਵਾਰ ਆਪ ਵੀ ਰੋ ਪੈਂਦੀ। ਕਦੇ ਖਿਝ ਜਾਂਦੀ ਤੇ ਚੁੱਪ ਕਰਕੇ ਬੈਠ ਜਾਂਦੀ। ਨਿੱਤ ਦਾ ਰੋਣ ਵੀ ਕੀ ਆਖੇ।

ਇਕ ਦਿਨ ਕੰਮੋਂ ਪਰਤਦੀ ਕਰਤਾਰੋ ਨੇ ਦੇਖਿਆ ਸੱਥ ਵਿਚ ਬੈਠੀ ਸੀਤੋ ਦੇ ਵਾਲ ਬਿਖਰੇ ਹੋਏ ਸਨ। ਝੋਲੀ ਅੱਡੀ ਹੋਈ ਤੇ ਉਹ ਸਰਦਾਰ ਨੂੰ ਇਕ ਸਾਹ ਵਿਚ ਵੀਹ ਵੀਹ ਗਾਲ੍ਹਾਂ ਕੱਢ ਰਹੀ ਸੀ।

'ਹੇ ਰੱਬਾ ! ਇਸ ਸਰਦਾਰੜੇ ਦਾ ਤੁਖਮ ਚੱਕਿਆ ਜਾਵੇ।...ਇਸ ਐਂਤਰੇ ਦੇ ਘਰੇ ਧੂੜਾਂ ਉਡਣ....। ਰੱਬ ਕਰੇ ਇਹਦੀ ਇੱਜ਼ਤ ਗਲੀ ਗਲੀ ਰੁਲਦੀ ਫਿਰੇ...। ਇਹਨੇ ਮੇਰਾ ਪੁੱਤ ਮਾਰਿਐ। ਇਹਦੇ ਵੀ ਚਾਰੋਂ ਇਉਂ ਈ ਮਰਨ...ਅਮਲੀ ਸੀ ਤਾਂ ਘਰ ਨੂੰ। ਤੇਰੀ ਕਿਹੜੀ ਮੂੰਗੀ ਖਾਂਦਾ ਸੀ। ਬੁੱਢੇ ਵੇਲੇ ਜਿਹੜੀ ਤੂੰ ਮੇਰੀ ਗੁੱਤ ਰੋਲੀ ਐ, ਤੂੰ ਵੀ ਇਉਂ ਈ ਮਰੇਂਗਾ ਰੁਲ ਰੁਲ ਕੇ...।'

ਕਰਤਾਰੋ ਸਹਿਮ ਗਈ। ਸੀਤੋ ਤੇ ਇਹ ਭੂਤ ਕਿਥੋਂ ਸਵਾਰ ਹੋ ਗਿਆ ਸੀ। ਕਰਤਾਰੋ ਬਾਂਹ ਫੜ ਕੇ ਪਿਆਰਦੀ ਪੁਚਕਾਰਦੀ ਘਰੇ ਲੈ ਆਈ।

'ਕਿਉਂ ਤੂੰ ਮੈਨੂੰ ਘਰੋਂ ਉਜਾੜਨ ਲੱਗੀ ਐਂ ? ਰੋਣ ਹੱਕੀ ਹੋ ਕੇ ਇਕ ਵਾਰ ਉਹ ਬੁੱਢੀ 'ਤੇ ਵਰਸੀ। 'ਨਹੀਂ ਕੁੜੇ ਤੈਨੂੰ ਕੀ ਪਤਾ। ਇਹੋ ਨਿਪੁੱਤੇ ਨੇ ਤੇਰਾ ਸੁਹਾਗ ਉਜਾੜਿਐ...'

ਘਰ ਆਉਣ ਸਾਰ ਉਹ ਬੇਹੋਸ਼ ਹੋ ਗਈ। ਫੇਰ ਇਸ ਬੇ-ਹੋਸ਼ੀ ਦੇ ਦਉਰੇ ਉਹਨੂੰ ਹਰ ਰੋਜ਼ ਪੈਣ ਲੱਗੇ। ਇਕ ਬੰਦਾ ਪਰਛਾਵੇਂ ਵਾਂਗ ਉਹਦੇ ਨਾਲ ਰਹਿਣਾ ਚਾਹੀਦਾ ਸੀ। ਘਰ ਬੈਠੀ ਹਰਬੰਸੋ ਉਸ ਲਈ ਕਾਫੀ ਸੀ। ਪਰ ਇਹ ਤਾਂ ਸੀ ਜੇ ਸੀਤੋ ਘਰ ਟਿਕੇ। ਮਾੜਾ ਜਿਹਾ ਠੀਕ ਹੁੰਦੀ ਘਰੋਂ ਨਿਕਲ ਤੁਰਦੀ। ਘਰ ਘਰ ਜਾਂਦੀ ਜਿਹੜਾ ਵੀ ਮਿਲਦਾ ਬਾਹੋਂ ਫੜ ਖੜਾ ਲੈਂਦੀ। ਸਰਦਾਰ ਨੂੰ ਗਾਲ੍ਹਾਂ ਕੱਢਦੀ, ਮੇਹਣੇ ਮਾਰਦੀ ਤੇ ਉਸ ਨੂੰ ਦੱਸਦੀ ਕਿਵੇਂ ਉਹਦਾ ਪੁੱਤ ਸਰਦਾਰ ਦੀ ਬਲੀ ਚੜ੍ਹਿਆ ਸੀ।

ਲੋਕਾਂ ਨੇ ਉਹਨੂੰ ਧੱਕੇ ਦੇਣੇ ਸ਼ੁਰੂ ਕਰ ਦਿੱਤੇ। ਉਹਦੀ ਹਾਂ ਵਿਚ ਹਾਂ ਮਿਲਾ ਕੇ ਕੌਣ ਸਰਦਾਰ ਨਾਲ ਦੰਗਾ ਖੜਾ ਕਰਦਾ। ਉਹਦਾ ਘਰ ਤਾਂ ਉਜੜ ਹੀ ਗਿਆ ਸੀ ਹੋਰ ਜਾਣ ਬੁੱਝ ਕੇ ਕਿਉਂ ਉਜਾੜਨ। ਬੁੱਢੀ ਦੇ ਲਏ ਪੰਗਿਆਂ ਦੀ ਜ਼ਿੰਮੇਵਾਰੀ ਵੀ ਕਰਤਾਰੋ ਸਿਰ ਆ ਪਈ। ਲੋਕ ਉਹਨੂੰ ਰਸਤਿਆਂ ਵਿਚ ਰੋਕ ਲੈਂਦੇ ਤੇ ਖੜਾ ਖੜਾ ਸਮਝਾਉਂਦੇ।

'ਭਾਈ ਬੁੜੀ ਨੂੰ ਵੱਸ ਵਿਚ ਰੱਖ। ਸਰਦਾਰ ਨੂੰ ਕਿਉਂ ਖਾਹ-ਮ-ਖਾਹ ਗਾਲ੍ਹਾਂ ਕਢਦੀ ਐ। ਉਹਦਾ ਕੀ ਕਸੂਰ ਐ।'

ਜੇ ਪੁੱਤ ਪਿਟਨੇ ਨੇ ਮੇਵੇ ਦੇ ਪਿੱਟੇ ਜਿਹਨੇ ਥਾਨਾ ਲਿਆਂਦਾ ਸੀ। ਇਹ ਤਾਂ ਸਰਦਾਰ ਦੇ ਪਤਾ ਨਹੀਂ ਕੀ ਚੁੱਪ ਆਈ ਐ ਬੋਲਦਾ ਨੀ। ਹੋਰ ਹੁੰਦਾ ਜ਼ਬਾਨ ਹੁਣ ਤਾਈਂ ਬੰਦ ਹੋਈ ਹੁੰਦੀ।'

ਉਹ ਤਾਂ ਸਗੋਂ ਆਪ ਗਿਐ ਕਈ ਵਾਰ ਥਾਨੇ। ਕੋਈ ਪੁੱਛੇ ਉਹਨੂੰ ਕੀ ਵੈਰ ਸੀ ਭਲਾ ,' ਕਰਤਾਰੋ ਅੱਗ ਭਬੂਕਾ ਹੋ ਉੱਠਦੀ। ਉਨ੍ਹਾਂ ਨੂੰ ਕੀ ਪਤਾ ਸੀ ਕੀ ਵੈਰ ਸੀ ? ਕਈ ਵਾਰ ਉਹਦਾ ਮਨ ਕਰਦਾ ਇਨ੍ਹਾਂ ਚਾਪਲੂਸਾਂ ਦੀਆਂ ਦਾੜ੍ਹੀਆਂ ਪੁੱਟ ਕੇ ਹੱਥਾਂ ਵਿਚ ਫੜਾ ਦੇਵੇ। ਪਰ ਸਮਾਂ ਇਜ਼ਾਜਤ ਨਾ ਦਿੰਦਾ ਤੇ ਉਹ ਆਪ ਜਜ਼ਬਾਤਾਂ 'ਤੇ ਕਾਬੂ ਪਾਈ ਇਕੋ ਗੱਲ ਆਖਦੀ।

'ਮੈਂ ਕੀ ਕਰਾਂ ਜੀ। ਬਥੇਰਾ ਬੰਨ੍ਹ ਬੰਨ੍ਹ ਬਿਠਾਉਂਦੀ ਆਂ। ਭੱਜ ਨਿਕਲਦੀ ਐ ਮੇਰੇ ਪਿਛੋਂ। ਮੈਥੋਂ ਤਾਂ ਘਰੇ ਬੈਠਿਆ ਨੀ ਜਾਂਦਾ। ਮੇਰੇ ਤਾਂ ਇਹਨੇ ਨੱਕ 'ਚ ਦਮ ਕਰ ਤਾ। ਹੋਰ ਕਿਸੇ ਨਾਲ ਭਿੜਾਊ।'

ਉਂਝ ਉਹਨੂੰ ਕਦੇ ਵੀ ਸੀਤੋ 'ਤੇ ਗੁੱਸਾ ਨਾ ਆਉਂਦਾ। ਜਿਸ ਦਿਨ ਬੁੱਢੀ ਸਰਦਾਰ ਨੂੰ ਪਿੰਡ ਵਿਚ ਗਾਲ੍ਹਾਂ ਕੱਢ ਕੇ ਆਉਂਦੀ ਕਰਤਾਰੋ ਉਹਨੂੰ ਰੱਜ ਕੇ ਪਿਆਰ ਕਰਦੀ। ਕਈ ਦਿਨ ਉਹਦੇ ਖ਼ੁਸ਼ੀ ਖ਼ੁਸ਼ੀ ਨਿਕਲ ਜਾਂਦੇ।

17

ਜੈਲਾ ਆਪਣੇ ਢਿੱਡ ਵਿਚ ਲੱਤਾਂ ਘਸੋੜੀ ਸੁੱਤਾ ਪਿਆ ਸੀ। ਨਾਲ ਪਈ ਕਰਤਾਰੋ ਦੀਆਂ ਅੱਖਾਂ ਤਾਰਿਆਂ ਨਾਲ ਭਰੇ ਅਸਮਾਨ ਵੱਲ ਟਿਕੀਆਂ ਹੋਈਆਂ ਸਨ। ਕਈ ਵਾਰ ਉਹਦਾ ਦਿਲ ਜੈਲੇ ਨੂੰ ਬਾਹਾਂ ਵਿਚ ਲੈ ਕੇ ਘੁੱਟ ਲੈਣ ਨੂੰ ਕੀਤਾ ਸੀ। ਪਰ ਉਹ ਜੈਲੇ ਦੇ ਖਰੂਦ ਤੋਂ ਡਰਦੀ ਇੰਝ ਨਾ ਕਰ ਸਕੀ।

ਪੰਜੀਂ ਸੱਤੀਂ ਦਿਨੀਂ ਜਦੋਂ ਵੀ ਜੈਲਾ ਘਰੇ ਆਉਂਦਾ ਕਰਤਾਰੋ ਲਈ ਤੂਫਾਨ ਖੜਾ ਕਰੀ ਰੱਖਦਾ। ਉਸ ਦੇ ਭਿਆਨਕ ਸਵਾਲਾਂ ਤੋਂ ਡਰਦੀ ਕਰਤਾਰੋ ਕਈ ਦਿਨ ਡਰਦੀ ਰਹਿੰਦੀ।

ਉਹ ਜਦੋਂ ਆਉਂਦਾ ਘੰਟਾ ਘੰਟਾ ਬੈਠ ਕੇ ਕਰਤਾਰੋ ਨੂੰ ਉਡੀਕਦਾ। ਥੱਕਿਆ ਸਰੀਰ ਅਰਾਮ ਲਈ ਬੇ-ਚੈਨ ਹੁੰਦਾ ਪਰ ਹੱਠ ਕਰੀ ਉਹ ਬੈਠਾ ਰਹਿੰਦਾ ਜਿੰਨਾ ਚਿਰ ਬੈਠ ਸਕਦਾ। ਬੈਠਾ ਬੈਠਾ ਜਦੋਂ ਹੰਭ ਜਾਂਦਾ ਹਰਬੰਸੋ ਨਾਲ ਸਾਈਆਂ ਲਾਉਂਦਾ।

'ਬੰਸੋ ਮੈਨੂੰ ਐਤਕੀਂ ਜ਼ਰੂਰ ਜਗਾ ਦੀਂ ਭੈਣ ਬਣ ਕੇ। ਨਹੀਂ ਫੇਰ ਮੈਂ ਤੈਨੂੰ ਛੱਡ ਵੀ ਦੇਊਂ।' ਬੰਸੋ ਨੂੰ ਆਖਦਾ ਹਰ ਵਾਰ ਪਰ ਆਸ ਕਦੇ ਵੀ ਨਾ ਹੁੰਦੀ। ਉਹ ਤਾਂ ਜੈਲੇ ਦੇ ਬੈਠੇ ਹੀ ਸੌਂ ਜਾਂਦੀ ਸੀ। ਫੇਰ ਉਹ ਸੀਤੋ ਵੱਲ ਮੂੰਹ ਕਰਦਾ :

'ਨੀ ਬੇਬੇ ਜਦੋਂ ਮੇਰੀ ਛੋਟੀ ਬੇਬੇ ਆਵੇ ਮੈਨੂੰ ਜ਼ਰੂਰ ਜਗਾ ਦੀਂ। ਨਹੀਂ ਮੈਂ ਤੇਰੇ ਨਾਲ ਰੁੱਸ ਜੂੰ। ਇਹ ਸੜੀ ਜੀ ਤਾਂ ਮੈਥੋਂ ਪਹਿਲਾਂ ਹੀ ਸੌਂ ਜਾਂਦੀ ਐ।' ਸੀਤੋ ਦੇ ਯਕੀਨ ਤੇ ਦੋ ਮਿੰਟ ਦਮ ਮਾਰਨ ਲਈ ਲਿਟ ਜਾਂਦਾ। ਕਾਫੀ ਦੇਰ ਪਾਸੇ ਪਰਤ ਪਰਤ ਨਾ ਸੌਣ ਦਾ ਯਤਨ ਕਰਦਾ। ਹੌਲੀ ਹੌਲੀ ਉਹ ਸੋਚਾਂ ਵਿਚ ਉਤਰ ਜਾਂਦਾ। ਸੋਚਾਂ ਉਹਨੂੰ ਨੀਂਦ ਦੀ ਗੋਦ ਵਿਚ ਲੈ ਤੁਰਦੀਆਂ। ਕਰਤਾਰੋ ਆਉਣ ਤੱਕ ਉਹ ਘੂਕ ਸੌਂ ਚੁਕਿਆ ਹੁੰਦਾ।

ਕਰਤਾਰੋ ਆਉਂਦੀ। ਚੁੱਪ ਕਰਕੇ ਨਾਲ ਪੈ ਜਾਂਦੀ। ਸਵੇਰੇ ਆਮ ਦਿਨਾਂ ਨਾਲੋਂ ਵੀ ਪਹਿਲਾਂ ਉੱਠ ਕੇ ਤੁਰ ਜਾਂਦੀ। ਜੈਲੇ ਨਾਲ ਗੱਲਾਂ ਕਰਨ ਦੀ ਉਹਦੀ ਸੱਧਰ ਉਹਦੇ ਅਜ਼ੀਬ ਅਜ਼ੀਬ ਸਵਾਲ ਪੂਰੀ ਨਾ ਹੋਣ ਦਿੰਦੇ। ਜੇ ਕਦੇ ਸੀਤੋ ਉਹਨੂੰ ਜਗਾਉਣ ਦਾ ਯਤਨ ਕਰਦੀ ਕਰਤਾਰੋ ਝੱਟ ਰੋਕ ਦਿੰਦੀ।

'ਕੁੜੇ ਕਿਉਂ ਪੱਥਰ ਬਣੀ ਫਿਰਦੀ ਐਂ। ਵਿਚਾਰਾ ਬਲੂਰ ਰੋਜ਼ ਰੋ ਰੋ ਸੌਂ ਜਾਂਦੈ। ਤੈਨੂੰ ਮੂੰਹ 'ਚ ਤਾਂ ਨੀ ਪਾਉਂਦਾ।' ਪਰ ਕਰਤਾਰੋ ਚੁੱਪ ਕਰਕੇ ਸੌਂ ਜਾਂਦੀ।

ਜੈਲੇ ਨਾਲ ਗੱਲ ਕੀਤਿਆਂ ਹੁਣ ਮਹੀਨੇ ਤੋਂ ਉੱਪਰ ਬੀਤ ਗਿਆ ਸੀ। ਇਨ੍ਹਾਂ ਦਿਨਾਂ ਵਿਚ ਉਹ ਤਿੰਨ ਵਾਰ ਘਰ ਆਇਆ ਸੀ। ਤਿੰਨਾਂ ਫੇਰੀਆਂ ਵਿਚ ਨਾ ਚਾਹੁੰਦੀ ਕਰਤਾਰੋ ਨੇ ਉਸ ਨਾਲ ਇਵੇਂ ਕੀਤਾ ਸੀ। ਸੀਤੋ ਹਰ ਵਾਰ ਦੱਸਦੀ ਪਿਛੋਂ ਉਹ ਕਿੰਨਾ ਵਰਲਾਪ ਕਰਕੇ ਜਾਂਦਾ।

ਨਾਲ ਪਈ ਕਰਤਾਰੋ ਦਾ ਹੁਣ ਉੱਠ ਕੇ ਜਾਣ ਨੂੰ ਦਿਲ ਨਾ ਕੀਤਾ। 'ਐਂ ਕੀ ਹੁੰਦੈ ? ਦੇਖੀ ਜਾਊ।' ਆਖਦੀ ਕਰਤਾਰੋ ਨੇ ਜੈਲੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

ਕਰਤਾਰੋ ਦੇ ਹੱਥ ਲੱਗਦੇ ਹੀ ਜੈਲਾ ਤ੍ਰਬਕ ਕੇ ਉੱਠਿਆ। ਅੱਖਾਂ ਮੱਲ ਰਹੇ ਜੈਲੇ ਨੂੰ ਯਕੀਨ ਨਹੀਂ ਸੀ ਆ ਰਿਹਾ ਕੀ ਸੱਚਮੁੱਚ ਉਸ ਨੂੰ ਕਰਤਾਰੋ ਨੇ ਉਠਾ ਲਿਐ ਜਾਂ ਐਵੇਂ ਸੁਪਨੇ ਦੇਖ ਰਿਹੈ। ਜਿਵੇਂ ਉਹ ਅਕਸਰ ਦੇਖਿਆ ਕਰਦਾ ਸੀ।

'ਬੇਬੇ ?'

'ਹੂੰ।'

'ਤੂੰ ਤਾਂ ਬੜਾ ਮਾੜੀ ਐਂ !'

'ਕੀ ਗੱਲ ਐ। ਰੁੱਸ ਗਿਆਂ ਮੇਰੇ ਨਾਲ ?' ਰੋਡੇ ਸਿਰ 'ਤੇ ਹੱਥ ਫੇਰਦੀ ਕਰਤਾਰੋ ਨੇ ਇਕ ਵਾਰ ਉਹਨੂੰ ਹਿੱਕ ਨਾਲ ਲਾ ਕੇ ਘੁੱਟਿਆ।

'ਮੈਂ ਤੈਨੂੰ ਇਕੋ ਗੱਲ ਪੁੱਛਣੀ ਐਂ। ਤੂੰ ਹਰ ਵਾਰ ਭੱਜ ਜਾਨੀ ਐਂ। ਤੂੰ ਸੱਚੀਂ ਮੈਨੂੰ ਕੁਛ ਨੀ ਦੱਸਦੀ। ਕਿੱਡੀ ਭੈੜੀ ਐਂ ਤੂੰ...'

ਤੂੰ ਇਹੋ ਜੀਆਂ ਗੱਲਾਂ ਨਾ ਕਰਿਆ ਕਰ। ਮੈਨੂੰ ਡਰ ਲੱਗਦੈ। ਤੂੰ ਨਿਆਣੈ। ਤੈਨੂੰ ਨਹੀਂ ਪਤਾ ਪੁੱਤਰਾ ਇਹੋ ਜਿਹੀਆਂ ਗੱਲਾਂ ਦਾ।'

'ਮੈਂ ਤਾਂ ਇਹੋ ਪੁਛਦੈਂ ਬਈ ਬਾਪੂ ਕੀਹਨੇ ਮਾਰਿਐ ? ਹੋਰ ਤੈਨੂੰ ਕੀ ਪੁਛਦੈਂ।'

'ਤੈਨੂੰ ਰੋਜ਼ ਦੱਸਦੀ ਆਂ ਉਹ ਥਾਨੇ ਗਿਆ ਕਿਧਰੇ ਮਰ ਗਿਆ। ਕੀ ਪਤੈ ਕੀ ਵਾਪਰੀ ਉਹਦੇ ਨਾਲ ? ਹੁਣ ਮੈਂ ਕੀ ਦੱਸਾਂ।'

'ਮੈਨੂੰ ਸਾਰੇ ਆਖਦੇ ਨੇ ਸਰਦਾਰ ਨੇ ਮਰਵਾਇਐ। ਥਾਨੇ ਵਾਲਿਆਂ ਨਾਲ ਮਿਲ ਕੇ। ਮੈਂ ਵੀ ਉਦਨ ਦੇਖਿਆ ਸੀ ਉਹ ਜੀਪ ਦੀ ਮੂਰਲੀ ਸੀਟ 'ਤੇ ਬੈਠਾ ਸੀ। ਬਾਪੂ ਨੂੰ ਭਲਾ ਉਹਨੇ ਨਹੀਂ ਥਾਨੇ ਫਸਾਇਆ ?'

'ਥਾਨੇ ਤਾਂ ਦੂਜੇ ਔਤਰਾਂ ਨੇ ਫਸਾਇਆ ਸੀ। ਉਹ ਜਿਹੜੇ ਮੇਵੇ ਕੇ ਵਜਦੇ ਨੇ।'

ਤਾਂ ਫੇਰ ਤੈਨੂੰ ਵੀ ਨੀ ਪਤਾ। ਇਹ ਸਰਦਾਰ ਐ ਜਿਹੜਾ ਪੂਰਾ ਭੈਣ ਦਾ...।

ਉਹਨੇ ਭੇਜਿਆ ਸੀ ਮੇਵੇ ਨੂੰ ਥਾਨੇ। ਮੈਂ ਉਹਦੀ ਮਾਂ ਦੀ...' ਗੁੱਸੇ ਨਾਲ ਜੈਲੇ ਦੇ ਕਣਕ ਵੰਨੇ ਰੰਗ 'ਤੇ ਭਾਹ ਮਾਰਨ ਲੱਗੀ।

ਕੁਕੜ ਨੇ ਬਾਂਗ ਦਿੱਤੀ। ਕਰਤਾਰੋ ਨੇ ਡਰ ਨਾਲ ਆਲੇ ਦੁਆਲੇ ਦੇਖਿਆ। ਚਮਕਦੇ ਤਾਰੇ ਕੁਝ ਮੱਧਮ ਪੈ ਗਏ ਸਨ। ਕਿਤੇ ਕਿਤੇ ਲਾਲੀ ਦੀ ਭਾਹ ਸੀ।

ਘਬਰਾਈ ਤਾਰੋ ਉੱਠ ਕੇ ਬੈਠ ਗਈ। ਦਿਨ ਚੜ੍ਹਨ ਵਾਲਾ ਸੀ। ਇਹ ਵਕਤ ਉਹਦਾ ਕੰਮ 'ਤੇ ਜਾਣ ਦਾ ਹੁੰਦਾ ਸੀ।

ਕਰਤਾਰੋ ਨੂੰ ਬਸ ਉਸ ਦੀਆਂ ਇਹੋ ਗੱਲਾਂ ਪਸੰਦ ਨਹੀਂ ਸਨ। ਉਹ ਸੋਚਦੀ ਪਤਾ ਨਹੀਂ ਕਿਉਂ ਲੋਕ ਉਹਨਾਂ ਨੂੰ ਜਿਊਣ ਨਹੀਂ ਦਿੰਦੇ। ਘਰੇ ਬੁੱਢੀ ਤੇ ਖੇਤ ਚੌਧਰੀਆਂ ਦੀਆਂ ਗੱਲਾਂ ਨੇ ਜੈਲੇ ਦਾ ਦਿਮਾਗ਼ ਫੇਰ ਦਿੱਤਾ ਸੀ। ਕਰਤਾਰੋ ਡਰਦੀ ਸੀ ਜੇ ਕਿਧਰੇ ਇਹੋ ਗੱਲ ਸਰਦਾਰ ਦੇ ਕੰਨਾਂ ਤੱਕ ਅਪੜ ਗਈ। ਉਸ ਨੇ ਜੈਲੇ ਨੂੰ ਉਂਝ ਗੁੰਮ ਕਰ ਦੇਣੈ। ਤੂੰ ਪੱਕੀ ਗੱਲ ਦੱਸ। ਬੇਬੇ ਵੀ ਆਖਦੀ ਐ ਉਹਨੂੰ ਸਰਦਾਰਾਂ ਨੇ ਮਾਰਿਐ। ਜੇ ਉਨ੍ਹਾਂ ਨੇ ਮਾਰਿਆ ਠੀਕ ਐ।

ਮੈਨੂੰ ਚੌਧਰੀ ਪਸਤੌਲ ਦਿਊ ਤੇ ਮੈਂ....ਉਹਦੀ ਹਿੱਕ ਚੀਰ ਦੂੰ...। ਮੇਰੇ ਨਾਲ ਬਥੇਰੇ ਲੱਗਣਗੇ।' ਜੈਲਾ ਬਰਾਬਰ ਬੋਲਦਾ ਜਾ ਰਿਹਾ ਸੀ।

'ਔਤਰਿਆ ਜ਼ਬਾਨ ਵਸ 'ਚ ਰੱਖਿਆ ਕਰ। ਜੰਮ ਮੁਕਿਆ ਨੀ ਪਹਿਲਾਂ ਈ ਖ਼ੂਨ ਖਰਾਬੇ ਦੀਆਂ ਗੱਲਾਂ। ਪਹਿਲਾਂ ਕੁਝ ਹੋ ਤਾਂ ਲੈ। ਫੇਰ ਫੇਹ ਦੇਈਂ ਸਿਰ ਜੀਹਦੇ ਫੇਹਣੇ ਨੇ। ਜੇ ਕਿਤੇ ਉਹਨੇ ਤੇਰੀ ਗੱਲ ਸੁਣ ਲੀ ਪਹਿਲਾਂ ਤੇਰਾ ਫਾਹਾ ਵੱਡ ਸੁੱਟੂ।'

'ਦੇਖੀ ਜਾਊ। ਮੈਂ ਨੀ ਡਰਦਾ। ਚੌਧਰੀ ਮੇਰੇ ਨਾਲ ਐ....। ਉਹਦੀ ਬੜੀ ਚਲਦੀ ਐ....। ਥਾਨੇ ਵਾਲੇ ਰੋਜ਼ ਆਉਂਦੇ ਨੇ...। ਮੈਨੂੰ ਕੋਈ ਨੀ ਫੜਦਾ।'

'ਨਲੀ ਸਾਂਭ ਆਪਣੀ। ਛੱਡ ਮੇਰਾ ਖਹਿੜਾ ਮੈਂ ਜਾਣੈ ਕੰਮ 'ਤੇ। ਤੂੰ ਮਰੀਂ ਜਿਵੇਂ ਮਰਨਾ ਹੋਊ।'

ਪਰ ਜੈਲੇ ਨੇ ਨਾ ਕਦੇ ਉਹਦਾ ਖਹਿੜਾ ਛਡਿਆ ਸੀ ਤੇ ਨਾ ਹੁਣ ਛੱਡਣਾ ਸੀ। ਆਪਣੀ ਡੰਡਾ ਡੋਰੀ ਚੁੱਕ ਕੇ ਕਰਤਾਰੋ ਨਾਲ ਤੁਰ ਪਿਆ।

'ਪੁੱਤ ਇਹ ਤਾਂ ਤੈਨੂੰ ਲੜਾਉਣ ਨੂੰ ਫਿਰਦੇ ਨੇ। ਬਦਲਾ ਲੈਣ ਜਿੰਨਾ ਹੋ ਤਾਂ ਜਾ। ਫੇਰ ਮੈਂ ਵੀ ਤੇਰੇ ਨਾਲ ਹੋ ਜੂੰ। ਹੁਣੈ ਰੌਲਾ ਨਾ ਪਾ। ਨਹੀਂ ਸਰਦਾਰ ਨੇ ਤੇਰਾ ਗਲ੍ਹ ਘੁੱਟ ਦੇਣੈ। ਮੈਂ ਫੇਰ ਕੀਹਦੇ ਸਹਾਰੇ ਦਿਨ ਕੱਟੂੰ। ਸਿਆਣਾ ਬਣਿਆ ਕਰ। ਚੰਗਾ ?'

'ਚੰਗਾ। ਫੇਰ ਤਾਂ ਵੀ ਲਗੇਂਗੀ ਨਾ ਮੇਰੇ ਨਾਲ ?'

'ਆਹੋ।'

ਤੇ ਉਹ ਗੱਲਾਂ ਮਾਰਦੇ ਹਵੇਲੀ ਤਕ ਅੱਪੜ ਗਏ।

18

'ਕਰਤਾਰੋ ! ਅੱਜ ਤੂੰ ਕਿਵੇਂ ਚੁੱਕੀ ਐ ਕੁੜੇ ਦਾਤੀ ?'

'ਅੱਜ ਸਾਰੇ ਈ ਸ਼ਹਿਰ ਨੂੰ ਤੁਰ ਗੇ। ਡੰਗਰ ਭੁੱਖੇ ਸੀ। ਮੈਂ ਆਖਿਆ ਚਲ ਮੈਂ ਈ ਵੱਢ ਲਿਆਵਾਂ ਦੋ ਰੁੱਗ।' ਨਿੰਮੋ ਤੇ ਸ਼ਿੰਦੋ ਨੂੰ ਨਾਲ ਲੈਣ ਲਈ ਤੋਰ ਹੌਲੀ ਕਰਦੀ ਕਰਤਾਰੋ ਨੇ ਜਵਾਬ ਦਿੱਤਾ।

'ਕੁੜੇ ਭਲਾ ਰਾਤ ਕੀ ਹੋਇਆ ? ਤੂੰ ਤਾਂ ਉਨ੍ਹਾਂ ਦੇ ਸਾਰਾ ਦਿਨ ਰਹਿਣੀ ਐਂ। ਪਤਾ ਹੋਊ।'

'ਰਾਤ ?' ਕਰਤਾਰੋ ਨੂੰ ਜੀਤੋ ਦੀ ਗੱਲ ਸਮਝ ਨਾ ਆਈ। ਹੈਰਾਨੀ ਨਾਲ ਉਹਦਾ ਮੂੰਹ ਅੱਡਿਆ ਗਿਆ।

'ਦੇਖ ਥੇਹ ਹੋਣੀ ਕਿਵੇਂ ਮੂੰਹ ਅੱਡਦੀ ਐ, ਜਿਵੇਂ ਪਤਾ ਹੀ ਨਾ ਹੋਵੇ ਕੰਜਰੀ ਨੂੰ।'

'ਸਹੁੰ ਗੁਰੂ ਦੀ ਮੈਨੂੰ ਨੀ ਪਤਾ ਕੀ ਹੋ ਗਿਆ ਰਾਤ।'

'ਤੈਨੂੰ ਕਾਹਤੋਂ ਪਤਾ ਹੋਣਾ ਸੀ। ਡਰਦੀ ਐਂ ਕਿਤੇ ਅਗਲੇ ਛੁੱਟੀ ਨਾ ਕਰ ਦੇਣ।'

'ਊਂ ਤੇ ਭਾਈ ਇਹ ਡਰ ਵੀ ਪੂਰੇ। ਰੋਟੀ ਵੀ ਖਾਣੀ ਐਂ ਵਿਚਾਰੀ ਨੇ।'

'ਊਟ ਪਟਾਂਗ ਜਾ ਕੀ ਕਰਦੀ ਐਂ। ਸਾਫ ਸਾਫ ਦੱਸ ਕੀ ਹੋਇਆ ਸੀ ਰਾਤ ?'

ਉਨ੍ਹਾਂ ਦੀਆਂ ਵਿਅੰਗਮਈ ਗੱਲਾਂ ਤੋਂ ਖਿਝ ਕੇ ਕਰਤਾਰੋ ਬੋਲੀ :

'ਤੂੰ ਸਹੁੰ ਖਾ ਆਪਣੇ ਮੁੰਡੇ ਦੀ ਜੇ ਨਹੀਂ ਪਤਾ।'

'ਮੈਨੂੰ ਤਾਂ ਜੈਲੇ ਦੀ ਸਹੁੰ ਜੇ ਡੱਕੇ ਦਾ ਵੀ ਪਤਾ ਹੋਵੇ।'

'ਅੱਜ ਸਵੇਰੇ ਮੈਂ ਜਦੋਂ ਬਾਹਰ ਗਈ, ਉਥੇ ਬੁੜੀਆਂ ਗੱਲਾਂ ਕਰਦੀਆਂ ਸੀ...| ਅਖੇ ਤੇਰੇ ਚੌਧਰੀ ਦੇ ਕਾਕੇ ਨੇ ਬਾਨੀਆਂ ਦੀ ਕ੍ਰਿਸ਼ਨਾ ਨੂੰ ਹੱਥ ਪਾ ਲਿਆ। ਅਗਾਂਹ ਗੱਲ ਨਾ ਕਰੀਂ...।'

ਨਿੰਮੋ ਦੀ ਗੱਲ ਕਰਤਾਰੋ ਦੇ ਥੱਪੜ ਵਾਂਗ ਵੱਜੀ।

'ਕਿਹੜੇ ਮੁੰਡੇ ਨੇ ਕੀਤੈ ਇਹ ਕਾਰਾ....? ਕਾਲਜ ਆਲੇ ਨੇ ? ਉਹਦੀਆਂ ਨਾੜਾਂ ਵਿਚ ਈ ਪਿਓ ਵਾਲਾ ਖ਼ੂਨ ਐਂ।'

'ਆਹੋ ਉਹੀ ਸੁਣੀਂਦਾ।'

'ਮਦਨ ਨੀ ਬੋਲਿਆ ਕੁਛ...? ਉਂ ਤਾਂ ਲੀਡਰ ਬਣਿਆ ਫਿਰਦੈ...' ਸਾਹੋ ਸਾਹ ਹੋਈ ਕਰਤਾਰੋ ਕੁਝ ਹੋਰ ਜਾਨਣਾ ਚਾਹੁੰਦੀ ਸੀ।

'ਹੋਰ ਕਿਹੜੇ ਦਾਣੇ ਵੇਚਣ ਗਏ ਨੇ ਤੇਰੇ ਪਿਓ। ਚੌਧਰੀ ਪੈਰੀਂ ਹੱਥ ਲਾਉਂਦਾ ਫਿਰਦੈ।' 'ਨਾ ਓ ਤਾਂ ਕੁੜੀ ਵੀ ਬੜੀ ਫੂੰ ਫਾਂ ਜੀ ਕਰਕੇ ਨਿਕਲਦੀ ਸੀ। ਪਹਿਲਾਂ ਤਾਂ ਨੀ ਕੋਈ ਗੱਲ ?'

'ਹੁਣ ਮੈਨੂੰ ਕੀ ਪਤੈ ? ਮੇਰੀ ਜਾਨੇ ਤਾਂ ਕੁੜੀ ਬੜੀ ਸਾਊ ਐ। ਉਹੋ ਟੁੱਟ ਪੈਣੈ। ਇਕ ਦਿਨ ਮੈਨੂੰ ਆਖੇ ਜੇ ਕੋਈ ਹੱਥ ਹੇਠਾਂ ਹੈ ਤਾਂ ਲਿਆ| ਮੈਨੂੰ ਸ਼ਰਮ ਆਵੇ। ਆਪ ਉਤੇ ਹੀ ਚੜ੍ਹਦਾ ਜਾਵੇ। ਮੈਂ ਜਦੋਂ ਝਿੜਕਿਆ ਫੇਰ ਚੁੱਪ ਕਰਿਆ। ਜੀ ਤਾਂ ਬਥੇਰਾ ਕਰੇ ਬੋਦੀਆਂ ਜੀਆਂ ਪੱਟ ਦਿਆਂ। ਪਰ ਜਿਹੜੇ ਢਿੱਡ ਨੇ ਇਹ ਕੁਛ ਨੀ ਕਰਨ ਦਿੰਦੇ।

ਕਰਤਾਰੋ ਉਦਾਸ ਹੁੰਦੀ ਜਾ ਰਹੀ ਸੀ।

'ਅੱਗੇ ਪਿਓ ਨੀ ਸੀ ਕਿਸੇ ਦੀ ਛੱਡਦਾ...ਹੁਣ ਇਹ ਉਠ ਖੜਿਆ।'

'ਹੁਣ ਆਪਣੇ ਆਲੇ ਟੈਮ ਨੀ ਰਹੇ। ਅਗਲੇ ਠੂਹ ਕਰ ਦਿੰਦੇ ਨੇ। ਇਨ੍ਹਾਂ ਦੀ ਕੋਈ ਚੌਧਰ ਨੀ ਹੁਣ। ਚੰਗੇ ਜੇ ਪੈ ਜਾਣ ਮੇਰੇ ਪਿਓ ਦੇ ਸਾਲੇ ਦੇ। ਚਾਰ ਕੁ ਤਾਂ ਪੈ ਈ ਜਾਣ।'

ਉਹ ਦੋਨੋਂ ਬੋਲਦੀਆਂ ਗਈਆਂ। ਕਰਤਾਰੋ ਦੀ ਜੀਭ ਤਾਲੂਏ ਨਾਲ ਲੱਗ ਗਈ। ਉਹਦੇ ਜ਼ਿਹਨ 'ਚ ਹਨੇਰੀਆਂ ਝੁਲਨ ਲੱਗ ਪਈਆਂ। ਦਿਮਾਗ਼ ਚਕਰਾਉਣ ਲਗਿਆ। ਚਾਰੋਂ ਪਾਸੇ ਹੇਠਾਂ ਘੁੰਮ ਰਹੇ ਸਨ। ਹਰ ਕਦਮ ਪੁੱਟਣ ਤੋਂ ਪਹਿਲਾਂ ਉਹ ਡਿੰਗੂੰ-ਡਿੰਗੂੰ ਕਰਦੀ। ਜਿਵੇਂ ਕੋਈ ਉਸ ਨੂੰ ਚਾਰੇ ਪਾਸੇ ਧੂਹ ਰਿਹਾ ਹੋਵੇ।

ਕਰਤਾਰੋ ਦੀਆਂ ਅੱਖਾਂ ਵਿਚ ਪਾਣੀ ਸੀ ਤੇ ਪਾਣੀ ਵਿਚ ਚਿਤ੍ਰ ਉਭਰ ਰਹੇ ਸਨ। ਕਦੀ ਜਵਾਨ ਹੁੰਦੀ ਹਰਬੰਸੋ, ਕਦੀ ਕਪਾਹ ਚੁਗਦੀ ਹਰਬੰਸੋ, ਕਦੀ ਗੋਹਾ ਕੂੜਾ ਕਰਦੀ ਤੇ ਕਦੀ ਗੋਡੀਆਂ ਕਰਦੀ ਬੰਸੋ। ਕਦੇ ਇੱਜ਼ਤ ਲੁਟਾ ਰਹੀ, ਕਦੇ ਡੁਸਕਦੀ ਤੇ ਕਦੀ ਚੰਡੀ ਬਣੀ ਹਰਬੰਸੋ।

'ਲੈ ਅਗਾਂਹ ਗੱਲ ਨਾ ਕਰੀਂ। ਕਰੀ ਗੱਲ ਅਗਾਂਹ ਨਿਕਲ ਜਾਂਦੀ ਐ। ਅਗਲਾ ਆਖਦੇ ਸਾਡੀਆਂ ਧੀਆਂ ਭੈਣਾਂ ਦੀਆਂ ਗੱਲਾਂ ਬਣਾਉਂਦੀਆਂ ਨੇ।'

ਨਿੰਮੋ ਨੇ ਉਹਦਾ ਧਿਆਨ ਉਖੇੜਿਆ। ਡਰੀਆਂ ਅੱਖਾਂ ਨਾਲ ਕਰਤਾਰੋ ਨੇ ਆਲੇ ਦੁਆਲੇ ਦੇਖਿਆ। ਉਹ ਡੰਡੀ ਮੁੜ ਕੇ ਕਿਤੇ ਦੀਆਂ ਕਿਤੇ ਅੱਪੜ ਗਈਆਂ ਸਨ।

ਹੱਥ ਵਿਚ ਫੜੇ ਰੱਸੇ ਨੂੰ ਕਰਤਾਰੋ ਕਦੇ ਇਧਰ ਕਰਦੀ ਤੇ ਕਦੇ ਉਧਰ। ਹਰ ਵਾਰ ਦਾਤੀ ਦੇ ਮੁੱਠੇ 'ਤੇ ਉਹਦੀ ਪਕੜ ਮਜ਼ਬੂਤ ਹੁੰਦੀ, ਜਿਵੇਂ ਹੁਣੇ ਕਿਸੇ ਦੀ ਹਿੱਕ ਵਿਚੋਂ ਪਾਰ ਹੋ ਜਾਏਗੀ।

19

ਹੱਡ ਤੋੜਵੀਂ ਮੇਹਨਤ ਨਾਲ ਕਰਤਾਰੋ ਦੀ ਪਿੰਡ ਵਿਚ ਧਾਕ ਜੰਮਦੀ ਆ ਰਹੀ ਸੀ। ਹਾੜ੍ਹੀ ਸੌਣੀ ਉਹ ਕਿਸੇ ਨੂੰ ਭਾਲੀ ਨਾ ਲੱਭਦੀ। ਕਈ ਕਈ ਦਿਨ ਪਹਿਲਾਂ ਸਾਈਆਂ ਲੱਗ ਜਾਂਦੀਆਂ। ਆਦਮੀਆਂ ਦੇ ਬਰਾਬਰ ਦੀ ਉਹ ਕਣਕ ਵੱਢਦੀ। ਸਾਰਿਆਂ ਨਾਲੋਂ ਤੇਜ਼ ਕਪਾਹਾਂ ਚੁਗਦੀ। ਹਾੜ੍ਹੀ ਸੌਣੀ ਖਾਣ ਜੋਗੇ ਦਾਣੇ ਆ ਜਾਂਦੇ। ਉਤਲਾ ਖਰਚ ਆਥਨ ਉਗਨ ਦੇ ਕੰਮ ਵਿਚੋਂ ਨਿਕਲ ਜਾਂਦਾ।

ਜਦੋਂ ਹਰਬੰਸੋ ਨੇ ਵੀ ਦਾਤੀ ਚੁੱਕ ਲਈ ਉਨ੍ਹਾਂ ਦੇ ਪੈਰ ਹੋਰ ਜੰਮ ਗਏ। ਖਰਚ ਵੀ ਤੇ ਕਿਹੜਾ ਸੀ ਉਨ੍ਹਾਂ ਦੇ। ਜੈਲਾ ਬਾਹਰ ਰਹਿੰਦਾ ਸੀ। ਕਦੇ ਪੰਜੀਂ ਸੱਤੀਂ ਦਿਨੀਂ ਆਇਆ ਵੀ ਤਾਂ ਨਾ ਵਰਗਾ। ਬੁੱਢੀ ਮਰੀ ਨੂੰ ਵਰ੍ਹਾ ਬੀਤ ਗਿਆ ਸੀ।

ਜਿਉਂ-ਜਿਉਂ ਹਰਬੰਸੋ ਦੇ ਅੰਗ ਭਰਦੇ ਗਏ, ਕਰਤਾਰੋ ਦੇ ਫ਼ਿਕਰਾਂ ਦੀ ਪੰਡ ਭਾਰੀ ਹੁੰਦੀ ਗਈ। ਹਰਬੰਸੋ ਨੂੰ ਨਾਲ ਲਿਜਾ ਕੇ ਤੇ ਨਾ ਘਰ ਛੱਡ ਕੇ ਉਹਦਾ ਦਿਲ ਟਿਕਦਾ। ਜਿਸ ਦਿਨ ਹਰਬੰਸੋ ਘਰੇ ਰਹਿ ਜਾਂਦੀ ਕਰਤਾਰੋ ਦਾ ਕੰਮ ਵਿਚ ਦਿਲ ਨਾ ਗੁੜਦਾ। ਬਿੰਦੇ ਝੱਟੇ ਉਹਦੇ ਖ਼ਿਆਲ ਘਰ ਵੱਲ ਦੌੜਦੇ। ਉਸ ਦਾ ਘਰ ਬੰਸੋ ਨੂੰ ਸ਼ਰਨ ਦੇਣ ਜੋਗਾ ਨਹੀਂ ਸੀ। ਕੋਈ ਵੀ ਇਕੋ ਝਟਕੇ ਨਾਲ ਦਰਵਾਜ਼ੇ ਤੋੜ ਸਕਦਾ ਸੀ ਤੇ ਹਰਬੰਸੋ ਤੇ ਝਪਟ ਸਕਦਾ ਸੀ। ਕਈ ਵਾਰ ਉਹਦਾ ਦਿਲ ਇੰਨਾ ਧੜਕਦਾ ਕੰਮ ਨੂੰ ਵਿਚੇ ਛੱਡ ਕੇ ਘਰ ਨੂੰ ਭੱਜ ਆਉਂਦੀ।

ਘਬਰਾਈ ਤੇ ਦਮ ਚੜ੍ਹੀ ਕਰਤਾਰੋ ਨੂੰ ਦੇਖ ਕੇ ਹੈਰਾਨ ਹੋਈ ਹਰਬੰਸੋ ਪੁੱਛਦੀ :

'ਕੀ ਗੱਲ ਐ ਬੇਬੇ ? ਕੁਛ ਰਹਿ ਗਿਆ ?'

'ਨਹੀਂ ! ਇਥੇ ਮੇਰੇ ਪਿਛੋਂ ਕੌਣ ਆਇਆ ਸੀ ? ਕੋਈ ਆਇਆ ਸੀ ?'

'ਨਹੀਂ ਤਾਂ। ਕਿਸੇ ਨੇ ਆਉਣਾ ਸੀ ਆਪਣੇ ?'

'ਕੋਈ ਨੀ। ਨਹੀਂ....ਮੈਂ ਆਖਿਆ....ਹਾਂ ਅੱਜ ਮੇਰਾ ਇੰਨ੍ਹ ਘਰੇ ਰਹਿ ਗਿਆ....' ਉਹ ਵਾਪਸ ਪਰਤ ਜਾਂਦੀ।

ਯਕੀਨ ਫੇਰ ਵੀ ਨਾ ਆਉਂਦਾ। ਹਰਬੰਸੋ ਹੁਣ ਨਿਆਣੀ ਨਹੀਂ ਸੀ। ਉਹ ਆਪਣੀ ਇੱਜ਼ਤ ਕਿਵੇਂ ਬਚਾਅ ਸਕਦੀ ਐ। ਜਿਸ ਦਿਨ ਇਹੋ ਜਿਹੇ ਖ਼ਿਆਲ ਆਉਂਦੇ ਉਹ ਹਰਬੰਸੋ ਨੂੰ ਖੇਤ ਨੂੰ ਲੈ ਤੁਰਦੀ। ਦਿਲ ਫੇਰ ਵੀ ਧੜਕਦਾ। ਆਪਣੀ ਜਵਾਨੀ ਦੇ ਦਿਨ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗਦੇ। ਉਹੋ ਖੇਤ ਸਨ ਤੇ ਉਹੋ ਰੁੱਖੇ ਰੁੱਖੇ ਦਿਨ। ਫਰਕ ਸਿਰਫ ਇੰਨਾਂ ਪਿਆ ਸੀ, ਹੁਣ ਕਰਤਾਰੋ ਦੀ ਥਾਂ ਹਰਬੰਸੋ ਸੀ ਤੇ ਸਰਦਾਰ ਦੀ ਥਾਂ ਉਹਦੇ ਮੁੰਡੇ। ਬੰਸੋ ਬੱਕਰੀ ਦੇ ਮੇਮਣੇ ਵਾਂਗ ਕਰਤਾਰੋ ਦੇ ਪਿੱਛੇ ਪਿੱਛੇ ਫਿਰਦੀ ਰਹਿੰਦੀ। ਜੇ ਕਦੇ ਉਰਾਂ ਪਰਾਂ ਰਹਿ ਜਾਂਦੀ ਕਰਤਾਰੋ ਅੱਗ ਭਬੂੱਕਾ ਹੋਈ ਪਿੱਛੇ ਨੂੰ ਮੁੜਦੀ। ਹੱਥ ਵਿਚ ਜੋ ਵੀ ਹੁੰਦਾ ਕੱਸਿਆ ਜਾਂਦਾ। ਜੇ ਕੁਝ ਵੀ ਹੋਇਆ ਉਹ ਸੀਨਾ ਫਾੜ ਸੁਟੇਗੀ। ਪਰ ਅਜਿਹਾ ਕੁਝ ਨਾ ਹੁੰਦਾ। ਹਰਬੰਸੋ ਦੀਆਂ ਅੱਖਾਂ ਵਿਚ ਤਕਦੀ। ਉਹ ਸ਼ਾਂਤ ਹੁੰਦੀਆਂ। ਕਰਤਾਰੋ ਸੁਖ ਦਾ ਸਾਹ ਲੈਂਦੀ। 'ਬੇਬੇ ਤੂੰ ਡਰੀਂ ਨਾ। ਮੈਂ ਢਿੱਡ ਪਾੜ ਦੂੰ ਜਿਹੜਾ ਮੇਰੇ ਬੰਨੀ ਅੱਖ ਭਰ ਕੇ ਦੇਖੂ।' ਕਰਤਾਰੋ ਚਾਹੁੰਦੀ ਸੀ ਹਰਬੰਸੋ

ਕਿਸੇ ਦਿਨ ਆਖੇ। ਪਰ ਇਹ ਮਾਂ ਧੀਆਂ ਦਾ ਪੜਦਾ ਸੀ ਜਾਂ ਸ਼ਾਇਦ ਹਰਬੰਸੋ ਦੀ ਨਦਾਨੀ ਕਰਤਾਰੋ ਨੂੰ ਇਹ ਸ਼ਬਦ ਸੁਣਾਈ ਨਾ ਦਿੱਤੇ। ਹਰਬੰਸੋ ਕਰਤਾਰੋ ਨਾਲੋਂ ਸੋਹਣੀ ਸੀ। ਇੰਨੀ ਉਮਰ ਵਿਚ ਕਰਤਾਰੋ ਕਈਆਂ ਨਾਲ ਟੱਕਰ ਚੁੱਕੀ ਸੀ। ਪਰ ਹਰਬੰਸੋ ਨੇ ਹਾਲੀਂ ਤਕ ਕਰਤਾਰੋ ਕੋਲ ਕੋਈ ਸ਼ਿਕਾਇਤ ਨਹੀਂ ਕੀਤੀ। ਇਹੋ ਜਿਹੀਆਂ ਗੱਲਾਂ ਸੋਚ ਸੋਚ ਉਸ ਨੂੰ ਬੰਸੋ 'ਤੇ ਸ਼ੱਕ ਹੁੰਦਾ। ਹਰਬੰਸੋ 'ਤੇ ਡੁਲ੍ਹਦਾ ਹੁਸਨ ਦੇਖ ਕੇ ਕਰਤਾਰੋ ਅੰਦਰ ਰੁਗ ਭਰੇ ਜਾਂਦੇ। ਇਕ ਚੜ੍ਹਦੀ ਤੇ ਇਕ ਲਹਿੰਦੀ। ਸਾਰਾ ਦਿਨ ਹਰਬੰਸੋ ਤੇ ਖਿਝੀ ਰਹਿੰਦੀ। ਬਿੰਦੇ ਝਟੇ ਪਾਗ਼ਲਾਂ ਵਾਂਗ ਢੇਰਾਂ ਦੇ ਢੇਰ ਪ੍ਰਸ਼ਨ ਪੁੱਛਦੀ। ਹਰਬੰਸੋ ਚਿੜ ਜਾਂਦੀ। ਉਹਦੀ ਬੇਬੇ ਨੂੰ ਕੀ ਹੋ ਗਿਐ।

ਆਥਨ ਉਗਨ ਉਹ ਬੁੱਢੀਆਂ ਕੋਲੇ ਜਾਂਦੀ। ਜੇ ਕਿਤੇ ਕੋਈ ਵਰ ਲਭੇ ਉਹ ਬੰਸੋ ਦੇ ਹੱਥ ਪੀਲੇ ਕਰ ਦੇਵੇ। ਪਰ ਕਿਧਰੇ ਵੀ ਉਹਦੀ ਦਾਲ ਨਾ ਗਲਦੀ।

'ਐਤਕੀਂ ਮੈਂ ਫਾਹਾ ਵੱਢ ਈ ਦਿਊਂ। ਅਗਲੀ ਹਾੜ੍ਹੀ ਵਿਚ ਮਾੜਾ ਮੋਟਾ ਹੱਥ ਘੁੱਟ ਕੇ ਨਿਕ ਸੁਕ ਤਿਆਰ ਕਰਨ ਦੀ ਉਹਨੇ ਗੱਲ ਸੋਚੀ।

ਪਰ ਬੰਦੇ ਦੀਆਂ ਮਿਥੀਆਂ ਕਦ ਪੂਰੀਆਂ ਹੁੰਦੀਆਂ ਨੇ। ਕਰਤਾਰੋ ਦੀਆਂ ਸਾਰੀਆਂ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ। ਜਦੋਂ ਅਗਲੇ ਹੜ੍ਹਾਂ ਨੇ ਫ਼ਸਲਾਂ ਰੋੜ ਦਿੱਤੀਆਂ। ਨਾ ਕਿਸੇ ਕਰਤਾਰੋ ਨੂੰ ਕਣਕਾਂ ਲਈ ਕਿਹਾ ਨਾ ਆਪ ਹੀ ਵੱਢੀਆਂ। ਨਾ ਘਰੇ ਕੋਈ ਪੈਸਾ ਧੇਲਾ ਆਇਆ, ਨਾ ਦਾਣਾ ਫੱਕਾ। ਅੱਗੇ ਸੀਖਾਂ ਕੱਢ ਕੇ ਚਾਰ ਪੈਸੇ ਬੋਟੀਆਂ ਵਿਚੋਂ ਕਮਾ ਲੈਂਦੀ। ਇਸ ਵਾਰ ਇਹ ਕੰਮ ਵੀ ਸਿਰੇ ਨਾ ਚੜ੍ਹਿਆ। ਨਾ ਕਿਸੇ ਸੂਤ ਕੱਤੇ, ਨਾ ਦਰੀਆਂ ਬਣਵਾਈਆਂ ਤੇ ਨਾ ਚਾਦਰਾਂ ਹੀ ਕਢਾਈਆਂ। ਲੋਕਾਂ ਨੂੰ ਢਿੱਡਾਂ ਦੀ ਬਣੀ ਸੀ, ਕੌਣ ਇਨ੍ਹਾਂ ਬਾਰੇ ਸੋਚਦਾ। ਅੱਗੇ ਕੋਈ ਫਟਿਆ ਕੱਪੜਾ ਈ ਇਧਰੋਂ ਉਧਰੋਂ ਮਿਲ ਜਾਂਦਾ, ਇਸ ਵਾਰ ਇਹ ਵੀ ਨਸੀਬ ਨਾ ਹੋਇਆ। ਸਾਰਾ ਦਿਨ ਇਕ ਦੂਜੇ ਦੇ ਮੂੰਹ ਵੱਲ ਦੇਖਦੀਆਂ ਦਿਨ ਲੰਘਾ ਦਿੰਦੀਆਂ।

ਕਰਤਾਰੋ ਦੇ ਕੱਪੜੇ ਤਾਂ ਜਿਹੇ ਸੀ ਹੀ, ਹੁਣ ਤਾਂ ਹਰਬੰਸੋ ਦੇ ਕੱਪੜਿਆਂ 'ਤੇ ਲੱਗੀਆਂ ਟਾਕੀਆਂ ਵੀ ਫਟਣ ਤੇ ਆਈਆਂ ਸਨ। ਭਰ ਜਵਾਨੀ ਵਿਚ ਉਹਦੇ ਮਹਿਕਦੇ ਅੰਗ ਜਦੋਂ ਬਾਹਰ ਡੁਲ੍ਹਦੇ ਕਰਤਾਰੋ ਅੱਖਾਂ ਮੂੰਦ ਲੈਂਦੀ। ਸਾਰਾ ਦਿਨ ਗ਼ਮ ਦੇ ਸਮੁੰਦਰ 'ਚ ਗੋਤੇ ਖਾਂਦੀ ਮੰਜੇ 'ਚ ਢੇਰੀ ਹੋਈ ਰਹਿੰਦੀ। ਘਰ ਕੋਈ ਗਹਿਣਾ ਗੱਟਾ ਵੀ ਨਹੀਂ ਸੀ, ਜਿਸ ਤੇ ਚਾਰ ਪੈਸੇ ਫੜੇ ਜਾਣ। ਹਰਬੰਸੋ ਦੇ ਫਟੇ ਕੱਪੜਿਆਂ ਦਾ ਖ਼ਿਆਲ ਕਰਤਾਰੋ ਨੂੰ ਦੋ ਵੇਲੇ ਦੀ ਰੋਟੀ ਤੋਂ ਵੀ ਜ਼ਿਆਦਾ ਰਹਿੰਦਾ। ਕਈ ਵਾਰ ਉਹ ਚੌਧਰੀ ਕੋਲ ਜਾ ਆਈ ਸੀ, ਪਰ ਇਸ ਵਾਰ ਉਹਨੇ ਵੀ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ।

ਘਰ ਦਾ ਸਮਾਨ ਇਕ ਇਕ ਕਰਕੇ ਮੁੱਕਦਾ ਜਾ ਰਿਹਾ ਸੀ। ਕਦੇ ਜੇ ਮੰਜਾ ਟੁੱਟ ਗਿਆ ਮੁੜ ਉਨ੍ਹਾਂ ਤੋਂ ਮੰਜਾ ਨਾ ਬਣਿਆ। ਕਦੇ ਕੋਈ ਭਾਂਡਾ ਠੀਕਰ ਫੁੱਟ ਗਿਆ ਮੁੜ ਉਹ ਨਾ ਜੁੜਿਆ। ਘਰ ਦੇ ਚੌਕੇ ਤੇ ਭਾਂਡਿਆਂ ਦੀ ਥਾਂ ਮਿੱਟੀ ਦੇ ਬਲਨੇ ਖੜਕਨ ਲੱਗੇ। ਸੁੰਨਾ ਸੁੰਨਾ ਘਰ ਭਾਂ ਭਾਂ ਕਰਦਾ ਰਹਿੰਦਾ। ਗਰਮੀਆਂ ਦੇ ਦਿਨ ਉਨ੍ਹਾਂ ਔਖੇ ਸੌਖੇ ਖੇਸਾਂ ਵਿਚ ਕੱਟ ਲਏ, ਪਰ ਸਿਆਲ ਦੇ ਦਿਨ ਕਹਿਰ ਬਣ ਕੇ ਟੁੱਟੇ। ਪਿਛਲੀ ਵਾਰ ਕਰਤਾਰੋ ਨੇ ਦੋ ਰਜਾਈਆਂ ਦਾ ਕੱਪੜਾ ਲਿਆਂਦਾ ਸੀ। ਇਸ ਵਾਰ ਭਰਨ ਦਾ ਇਰਾਦਾ ਸੀ। ਪਰ ਐਤਕੀਂ ਤਾਂ ਅਗਲੀਆਂ ਵੀ ਫਟ ਗਈਆਂ। ਉਨ੍ਹਾਂ ਗਲੇਫਾਂ ਨੂੰ ਕਦੇ ਉਹ ਉਤੇ ਲੈਂਦੀ ਕਦੇ ਹੇਠਾਂ। ਕਦੇ ਉਹ ਬੰਸੋ ਦੇ ਨੰਗੇ ਹੁੰਦੇ ਅੰਗ ਢਿਕਦੀ ਤੇ ਕਦੇ ਆਪਣੇ। ਕਦੇ ਅੱਧੀ ਅੱਧੀ ਰਾਤ ਤਕ ਬੈਠੀ ਠਰੂੰ ਠਰੂੰ ਕਰਦੀ ਰਹਿੰਦੀ।

ਕਈ ਕਈ ਦਿਨ ਭੁੱਖਿਆਂ ਨੂੰ ਕੱਟਣੇ ਪੈਂਦੇ। ਆਂਢ ਗੁਆਂਢ ਨੇ ਮੂੰਹ ਫੇਰ ਲਿਆ। ਸਾਕ ਸੰਬੰਧੀ ਤਾਂ ਪਹਿਲਾਂ ਹੀ ਕੋਈ ਨਹੀਂ ਸੀ। ਬਲਦੇਵ ਵੀ ਇਕੱਲਾ। ਜਿਹੜਾ ਮਾੜਾ ਮੋਟਾ ਆਕ-ਸਾਕ ਕਹਾਉਂਦਾ ਸੀ ਉਹ ਕਰਤਾਰੋ ਤੋਂ ਪਹਿਲਾਂ ਹੀ ਨਰਾਜ਼ ਸੀ। ਕੋਈ ਅਮਲੀ ਗੁੱਸੇ ਤੋਂ ਆਪ ਚਾਦਰ ਪਾਉਣ ਨੂੰ ਫਿਰਦਾ ਸੀ ਤੇ ਕੋਈ ਉਰਾਂ ਪਰਾਂ ਕਰਨ ਨੂੰ। ਕਰਤਾਰੋ ਦੇ ਕੋਰੇ ਜਵਾਬਾਂ ਨੇ ਉਨ੍ਹਾਂ ਦੇ ਮੂੰਹ ਸੁਜਾ ਦਿੱਤੇ ਸਨ। ਉਂਞ ਵੀ ਕਰਤਾਰੋ ਕਦੇ ਕਿਸੇ ਕੋਲ ਝੋਲੀ ਅੱਡ ਕੇ ਨਹੀਂ ਸੀ ਗਈ।

ਕਰਤਾਰੋ ਤਾਂ ਅੱਗੇ ਈ ਘੱਟ ਦੁੱਖੀ ਨਹੀਂ ਸੀ। ਉਤੋਂ ਛੱਜੂ ਸ਼ਾਹ ਨੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਕਰਤਾਰੋ ਬਥੇਰੇ ਹਾੜ੍ਹੇ ਕੱਢਦੀ, ਭੈੜੇ ਦਿਨਾਂ ਦੇ ਵਾਸਤੇ ਪਾਉਂਦੀ, ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕਦੀ। ਹੋਰ ਤਾਂ ਉਹਨੇ ਕੀ ਕੰਮ ਸਾਰਨਾ ਸੀ, ਪਿਛਲਿਆਂ ਲਈ ਤੰਗ ਕਰਨ ਲਗਿਆ।

'ਸ਼ਾਹ ਪਿੰਡ ਦੀ ਪੱਤ ਹੁੰਦੈ। ਮੇਰੀ ਰੱਖ ਸ਼ਾਹਾ ! ਮੇਰੀ ਚੰਦੀ ਕੋਲੇ ਹੈ ਈ ਕੀ ਜਿਹੜਾ ਤੈਨੂੰ ਦੇਵਾਂ।' ਉਹ ਹਰ ਵਾਰ ਰੋਣ ਹੱਕੀ ਹੋ ਕੇ ਆਖਦੀ।

'ਲੈ ਕੁੜੇ ਤੂੰ ਤਾਂ ਗੁੱਸੇ ਹੋ ਗੀ। ਕਿੰਨੇ ਵਰ੍ਹੇ ਤਾਂ ਹੋ ਗੇ। ਸਾਡੇ ਹੋਰ ਕਿਹੜੇ ਘਰਾਟ ਚਲਦੇ ਨੇ। ਦੋ ਪੈਸਿਆਂ ਦੀ ਆਈ ਚਲਾਈ ਐ। ਇਸ ਵਾਰੀ ਤਾਂ ਕਿਤੋਂ ਧੇਲਾ ਵੀ ਨੀ ਆਉਂਦਾ। ਆਪ ਦੇ ਦਿਨ ਈ ਔਖੇ ਲੰਘਦੇ ਨੇ। ਜੇ ਤੇਰੀ ਸਲਾਹ ਹੋਵੇ ਪੈਸੇ ਤਾਂ ਕਿਹੜੀ ਗੱਲ ਐ ਤੈਨੂੰ...।'

'ਕਿਵੇਂ ਸ਼ਾਹ ਜੀ ! ਦੱਸੋ ਤਾਂ ਸਹੀ ? ਮੈਂ ਕਿਹੜੇ ਖੂਹ 'ਚ ਪਵਾਂ ?'

'ਗੁੱਸਾ ਨਾ ਕਰੀਂ। ਤੇਰੇ ਕੋਲੇ ਇਹ ਮੁਰਕੀਆਂ ਵੀ ਤਾਂ ਹੈਗੀਆਂ। ਜਦੋਂ ਕਰਜ਼ਾ ਸਿਰ ਚੜ੍ਹਿਆ ਹੋਵੇ ਇਹ ਕੰਨਾਂ ਵਿਚ ਨਹੀਂ ਸੋਭਦੀਆਂ।' ਇਕ ਦਿਨ ਸ਼ਾਹ ਨੇ ਆਪਣੇ ਦਿਲ ਦੀ ਭੜਾਸ ਕੱਢੀ।

ਕਰਤਾਰੋ ਸੁੰਨ ਜਿਹੀ ਹੋ ਗਈ। ਇਕੋ ਚੁਆਨੀ ਭਰ ਮੁਰਕੀਆਂ ਜਿਹੜੀਆਂ ਉਹਦੀ ਮਾਂ: ਤੇ ਫੇਰ ਅਗਾਂਹ ਉਹਦੀ ਮਾਂ ਤੇ ਫੇਰ ਪਤਾ ਨਹੀਂ ਕਿਥੋਂ ਤਕ ਚੱਲੀਆਂ ਆ ਰਹੀਆਂ ਸਨ। ਵਰ੍ਹਿਆਂ ਤੋਂ ਆਪ ਸਾਂਭਦੀ ਆ ਰਹੀ ਸੀ। ਸ਼ਾਇਦ ਕਦੇ ਬੰਸੋ ਦੇ ਕੰਮ ਆ ਜਾਣ।

'ਸ਼ਾਹ ਜੀ ਇਹ ਤਾਂ...' ਮੁਰਕੀਆਂ ਨਾਲ ਜੁੜੀ ਮਮਤਾ ਨੇ ਉਹਦੀਆਂ ਅੱਖਾਂ ਵਿਚ ਨਮੀ ਭਰ ਦਿੱਤੀ।

'ਲੈ ਤੂੰ ਹੁਣ ਤਾਂ ਆਖਦੀ ਸੀ, ਕੁਛ ਹੈ ਨੀ ਤੇਰੇ ਕੋਲੇ। ਤੁਸੀਂ ਲੋਕ ਇਸੇ ਲਈ ਮਾੜੇ ਗਿਣੇ ਜਾਂਦੇ ਓ...। ਨਾ ਸ਼ਰਮ ਨਾ ਹਿਆ। ਕੋਈ ਜੱਟ ਪੁੱਤ ਹੁੰਦਾ ਆਥਨ ਨੂੰ ਹਿਸਾਬ ਨੱਕੀ ਕੀਤਾ ਹੁੰਦਾ। ਕਸੂਰ ਤਾਂ ਸਾਡਾ ਈ ਐ ਜਿਹੜਾ ਬਿਨਾ ਲਿਖਾ ਪੜ੍ਹੀ ਦੇਈਂ ਜਾਨੇ ਆਂ...ਮੰਗੋ ਤਾਂ ਵੈਰ ਪੈ ਜਾਂਦੇ..।'

'ਬੰਸੋ ਖਾਤਰ ਰੱਖੀਆਂ ਨੇ। ਆਪਣੀ ਓ ਪਿਆਰੀ ਹੋਈ। ਹੋਰਾਂ ਦਾ ਕੀ ਐ। ਕੋਈ ਮਰੇ ਜਾਂ ਰਹੇ ਮੈਂ ਇਸ ਵਾਰ ਕੋਈ ਨਹੀਂ ਠਹਿਰਣਾ....। ਜਿਵੇਂ ਮਰਜ਼ੀ ਕਰ ਮੇਰਾ ਕੰਮ ਕਰ...।'

'ਮੈਂ ਆਥਨੇ ਆਊਂ। ਸੋਡਾ ਕੰਮ ਹੋ ਜੂ...।' ਕਰਤਾਰੋ ਹਰਖ ਕੇ ਬੋਲੀ। ਜਦੋਂ ਵੀ ਉਹ ਗੁੱਸੇ ਵਿਚ ਆਉਂਦੀ ਆਪਣੇ ਆਪ ਤੋਂ ਡਰਨ ਲੱਗਦੀ। ਪਤਾ ਨਹੀਂ ਜੋਸ਼ ਵਿਚ ਆਈ ਕੀ ਕਰ ਬਹੇ।

ਸ਼ਾਮ ਤੱਕ ਪਈ ਕਰਤਾਰੋ ਆਪਣੇ ਨਾਲ ਘੁਲਦੀ ਰਹੀ। ਕਦੇ ਉਹਦਾ ਦਿਲ ਮੁਰਕੀਆਂ ਫੜਾ ਆਉਣ ਨੂੰ ਕਰਦਾ ਤੇ ਕਦੇ ਕੋਰਾ ਜਵਾਬ ਦੇ ਦੇਣ ਨੂੰ। ਪਰ ਕਰਤਾਰੋ ਦੀ ਅਣਖ ਨੂੰ ਉਹਨੇ ਵੰਗਾਰਿਆ ਤੇ ਉਹ ਮੁਰਕੀਆਂ ਲਾਹ ਕੇ ਸ਼ਾਹ ਦੀ ਭੇਟ ਚੜ੍ਹਾ ਆਈ।

ਜੈਲੇ ਦੇ ਉਲਾਂਭੇ ਅੱਡ ਉਸ ਨੂੰ ਤੰਗ ਕਰਦੇ ਰਹਿੰਦੇ। ਕਦੇ ਕਿਸੇ ਨਾਲ ਲੜ ਆਉਂਦਾ, ਕਦੇ ਕਿਸੇ ਨਾਲ। ਕਈ ਵਾਰ ਰੁੱਸ ਕੇ ਚੌਧਰੀਆਂ ਦਿਉਂ ਭੱਜ ਆਉਂਦਾ। ਕਈ ਦਿਨ ਅੜਿਆ ਰਹਿੰਦਾ।

'ਮੈਂ ਨਹੀਂ ਜਾਂਦਾ। ਉਹ ਤਾਂ ਮੈਨੂੰ ਰੋਟੀਆਂ ਵੀ ਗਿਣ ਗਿਣ ਦਿੰਦੇ ਨੇ।'

'ਮੈਨੂੰ ਹੋਰ ਹੋਰ ਗੱਲਾਂ ਪੁੱਛਦੇ ਨੇ। ਆਖਦੇ ਨੇ ਬੰਸੋ...। ਚੌਧਰੀ ਦਾ ਮੁੰਡਾ...'

'ਤੂੰ ਸਾਲ ਕੱਟ ਲੈ ਔਖਾ ਸੌਖਾ। ਅਗਲੀ ਵਾਰ ਕਿਸੇ ਹੋਰ ਦੇ ਲੱਗ ਜਾਈਂ।'

ਸਵੇਰੇ ਸ਼ਾਮ ਕਰਤਾਰੋ ਸਮਝਾਉਂਦੀ। ਜੈਲੇ ਨੂੰ ਉਹ ਕਿਵੇਂ ਹਟਾ ਲੈਂਦੀ। ਤਿੰਨ ਸੌ ਲੈ ਕੇ ਚਾਰ ਸਾਲ ਲਈ ਹੱਥ ਵੱਢਾ ਚੁੱਕੀ ਸੀ। ਦੂਜੇ ਤੀਜੇ ਦਿਨ ਫੇਰ ਖੇਤ ਛੱਡ ਆਉਂਦੀ। ਉਹਦੇ ਅਖੜ ਸੁਭਾਅ ਕਰਕੇ ਨਿੱਤ ਚੌਧਰੀਆਂ ਦੇ ਉਲਾਂਭੇ ਆਉਂਦੇ। ਕਰਤਾਰੋ ਚੁੱਪ ਵੱਟੀ ਰੱਖਦੀ। ਕਰ ਵੀ ਕੀ ਸਕਦੀ ਸੀ।

ਪੰਜੀਂ ਸੱਤੀਂ ਦਿਨੀਂ ਸਰਦਾਰ ਦਾ ਸੁਨੇਹਾ ਆਉਂਦਾ, 'ਮੁੰਡਾ ਤੇਰਾ ਡੰਗਰ ਚਾਰਨ ਨੂੰ ਨਿਆਣਾ ਨਹੀਂ ਰਿਹਾ। ਲਿਆ ਰਲਾਉਣਾ ਜੇ|'

ਕਰਤਾਰੋ ਹਰ ਵਾਰ ਨਾਂਹ ਕਰਦੀ। ਅਗਲੇ ਦਿਨ ਫੇਰ ਸੁਨੇਹਾ ਆ ਜਾਂਦਾ। ਹਰ ਰੋਜ਼ ਦੇ ਅਕੇਵੇਂ ਤੋਂ ਅੱਕੀ ਕਰਤਾਰੋ ਨੇ ਆਖਰ ਇਕ ਦਿਨ ਆਖ ਦਿੱਤਾ, 'ਕੰਮ ਤਾਂ ਕੀ ਮੇਰੇ ਜਵਾਕ ਮਰਦੇ ਦਮ ਤੱਕ ਤੇਰੇ ਦਰਸ਼ਨ ਵੀ ਨੀਂ ਕਰਨਗੇ। ਬਲਦੇਵ ਦੀ ਜਾਨ ਤੂੰ ਲਈ ਐ ਕੌਣ ਨੀ ਜਾਣਦਾ।'

ਕਰਤਾਰੋ ਦੇ ਇਨ੍ਹਾਂ ਕੌੜੇ ਸ਼ਬਦਾਂ ਨੇ ਉਹਨੂੰ ਇਕ ਹੋਰ ਵੈਰ ਮੁੱਲ ਲੈ ਦਿੱਤਾ।

20

ਕਰਤਾਰੋ ਨੇ ਇਕ ਵਾਰ ਦੀਵਾ ਬਾਲਿਆ।

ਖ਼ੁਸ਼ੀ ਕਰਤਾਰੋ ਨੂੰ ਸੌਣ ਨਹੀਂ ਸੀ ਦੇ ਰਹੀ। ਉਹ ਸੌਣਾ ਵੀ ਨਹੀਂ ਸੀ ਚਾਹੁੰਦੀ। ਉਸ ਦੀ ਜ਼ਿੰਦਗੀ ਦੀ ਇਹ ਪਹਿਲੀ ਖ਼ੁਸ਼ੀ ਸੀ ਤੇ ਸ਼ਾਇਦ ਆਖਰੀ ਵੀ। ਇਸ ਸਮੇਂ ਨੂੰ ਉਹ ਮਾਨਣਾ ਚਾਹੁੰਦੀ ਸੀ। ਜਿੰਨਾ ਵੀ ਮਾਣ ਸਕੇ। ਕਰਤਾਰੋ ਚਾਹੁੰਦੀ ਸੀ ਦੀਵਾ ਸਾਰੀ ਰਾਤ ਬਲਦਾ ਰਹੇ। ਉਸ ਦੀ ਮਿੱਠੀ-ਮਿੱਠੀ ਰੋਸ਼ਨੀ ਬੰਸੋ ਦੇ ਸ਼ਾਂਤ ਚਿਹਰੇ 'ਤੇ ਪੈਂਦੀ ਰਹੇ। ਉਹ ਮੌਤ ਤਕ ਬੰਸੋ ਦੇ ਚਿਹਰੇ ਨੂੰ ਇਸੇ ਤਰ੍ਹਾਂ ਦੇਖਦੀ ਰਹੇ। ਪਰ ਬਾਹਰ ਝੁਲ ਰਿਹਾ ਤੁਫਾਨ ਦੀਵੇ ਦਾ ਵਸ ਨਹੀਂ ਸੀ ਜਾਣ ਦਿੰਦਾ। ਉਹ ਬੁਝ ਜਾਂਦਾ। ਕਰਤਾਰੋ ਝਟ ਜਗਾ ਦਿੰਦੀ। ਦੀਵਾ ਝੱਖੜ ਦਾ ਮੁਕਾਬਲਾ ਕਰਦਾ ਕਰਦਾ ਮੁੜ ਫੇਰ ਦਮ ਤੋੜ ਦਿੰਦਾ।

ਕਰਤਾਰੋ ਨੇ ਪੰਜਵੀਂ ਵਾਰ ਦੀਵਾ ਬਾਲਿਆ ਤੇ ਮੁੜ ਬੰਸੋ ਦੇ ਸਿਰਹਾਣੇ ਬੈਠ ਗਈ। ਬੰਸੋ ਦੇ ਚਿਹਰੇ 'ਤੇ ਹਾਲੀਂ ਵੀ ਹਾਵ-ਭਾਵ ਬਦਲ ਰਹੇ ਸਨ। ਬੰਸੋ ਦੀਆਂ ਭਵਾਂ ਕੱਸੀਆਂ ਜਾਂਦੀਆਂ, ਗਲ੍ਹਾਂ ਲਾਲ ਹੋ ਜਾਂਦੀਆਂ ਨੇ ਹੋਠ ਫਰਕਦੇ। ਬੰਸੋ ਦਾ ਇਹ ਰੋਹ-ਭਰਿਆ ਚਿਹਰਾ ਕਰਤਾਰੋ ਲਈ ਬੜਾ ਪਿਆਰਾ ਸੀ।

ਅੱਜ ਤੱਕ ਕਰਤਾਰੋ ਨੇ ਆਪਣੇ 'ਤੇ ਫ਼ਖਰ ਕੀਤਾ ਸੀ। ਆਪਣੀ ਜਵਾਨੀ ਸਮੇਂ ਉਹਨੇ ਸਰਦਾਰ ਦੇ ਮੋਢੇ 'ਤੇ ਬੁਰਕ ਭਰਨ ਦੀ ਹਿੰਮਤ ਕੀਤੀ ਸੀ। ਪਰ ਉਸ ਦੀ ਧੀ ਉਸ ਤੋਂ ਚਾਰ ਚੰਦੇ ਵਧ ਨਿਕਲੀ। ਉਹਨੇ ਚੌਧਰੀ ਦੇ ਮੁੰਡੇ ਦੇ ਨਾਲੇ ਦੋ ਥੱਪੜ ਮਾਰੇ ਨਾਲੇ ਝੱਗਾ ਲੀਰੋ ਲੀਰ ਕੀਤਾ। ਕਰਤਾਰੋ ਦੀਆਂ ਬਹਾਦਰੀਆਂ ਕਰਤਾਰੋ ਤਕ ਸੀਮਤ

ਰਹੀਆਂ, ਪਰ ਬੰਸੋ ਦੀ ਹਿੰਮਤ ਉਹਦੀ ਮਾਂ ਨੇ ਅੱਖੀਂ ਦੇਖੀ। ਕਿੰਨੀ ਫ਼ਖ਼ਰ ਵਾਲੀ ਗੱਲ ਸੀ ਬੰਸੋ ਲਈ। ਕਰਤਾਰੋ ਵਾਰ ਵਾਰ ਆਪਣੇ ਮਨ ਨੂੰ ਕੋਸਦੀ। ਉਹਨੇ ਆਪਣੀ ਪਵਿੱਤਰ ਧੀ 'ਤੇ ਸ਼ੱਕ ਕਰਕੇ ਵੱਡਾ ਪਾਪ ਕੀਤਾ ਸੀ। ਹੁਣ ਉਸ ਦੇ ਮਨ ਦਾ ਬੋਝ ਲਹਿ ਗਿਆ ਸੀ ਤੇ ਡਾਢੀ ਖ਼ੁਸ਼ ਸੀ।

'ਮੈਨੂੰ ਪਤਾ ਸੀ ਮੇਰੀਏ ਧੀਏ ਤੂੰ ਇਹੋ ਜੀ ਵੀ ਨਿਕਲੇਂਗੀ।' ਕਰਤਾਰੋ ਆਪਣੀ ਧੀ ਦੀ ਬਹਾਦਰੀ ਸਾਰੇ ਪਿੰਡ ਵਿਚ ਦੱਸਣਾ ਚਾਹੁੰਦੀ ਸੀ, ਪਰ ਉਹ ਇੰਝ ਨਾ ਕਰ ਸਕੀ। ਜਿਸ ਪਿੰਡ ਨੇ ਸਾਰੀ ਉਮਰ ਉਸ ਦੇ ਗ਼ਮਾਂ ਦੀ ਪੰਡ ਨੂੰ ਭਾਰਾ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ ਉਸ ਪਿੰਡ ਨਾਲ ਉਹ ਆਪਣੀ ਖ਼ੁਸ਼ੀ ਕਿਵੇਂ ਸਾਂਝੀ ਕਰੇ। ਇਸ ਈਰਖਾ ਨਾਲ ਜਲਦੀ ਕਰਤਾਰੋ ਸਾਰੀ ਖ਼ੁਸ਼ੀ ਆਪਣੇ ਵਿਚ ਹੀ ਸਮੇਟਨ ਦਾ ਯਤਨ ਕਰ ਰਹੀ ਸੀ।

ਹੇਜ਼ ਨਾਲ ਭਰੀ ਕਰਤਾਰੋ ਨੇ ਆਪਣੀ ਰਜਾਈ ਲਾਹ ਕੇ ਬੰਸੋ 'ਤੇ ਪਾ ਦਿੱਤੀ। ਬਾਹਰ ਗੜੇ ਪੈ ਰਹੇ ਸਨ, ਪੋਹ ਦੀ ਰਾਤ ਸੀ, ਪਰ ਸਰਦੀ ਉਸ ਕੋਲ ਦੀ ਵੀ ਨਹੀਂ ਲੰਘ ਰਹੀ। ਬੰਸੋ ਦੇ ਸਾਹ ਉਹਨੂੰ ਚੋਖਾ ਨਿੱਘ ਦੇ ਰਹੇ ਸਨ। 'ਜੇ ਅੱਜ ਇਉਂ ਨਾ ਕਰਦੀ, ਮੈਂ ਤੇਰੇ ਸਨੇ ਚੌਧਰੀ ਦੇ ਮੁੰਡੇ ਦਾ ਘੋਗਾ ਚਿਤ ਕਰ ਦੇਣਾ ਸੀ। ਤੂੰ ਮੇਰੀ ਰੱਖ ਲਈ। ਮੇਰਾ ਬੋਝ ਲਹਿ ਗਿਆ। ਹੁਣ ਮੈਂ ਭਾਵੇਂ ਮਰ ਜਾਵਾਂ ਮੈਨੂੰ ਤੇਰਾ ਕੋਈ ਫ਼ਿਕਰ ਨੀ।'

ਕਰਤਾਰੋ ਸੁੱਤੀ ਪਈ ਬੰਸੋ ਨਾਲ ਗੱਲਾਂ ਕਰਨ ਲੱਗੀ।

ਦੀਵੇ ਦੀ ਲਾਟ ਕਦੇ ਉੱਚੀ ਹੁੰਦੀ ਬੰਸੋ ਦਾ ਚਿਹਰਾ ਹਨੇਰੇ ਵਿਚ ਆ ਜਾਂਦਾ। ਲਾਟ ਟਿਕਦੀ ਉਹ ਫੇਰ ਚਮਕਦਾ। ਹਨੇਰੇ ਅਤੇ ਬੰਸੋ ਵਿਚ ਹੋ ਰਿਹਾ ਇਹ ਖੇਲ ਕਰਤਾਰੋ ਨੂੰ ਬੜਾ ਪਿਆਰਾ ਲੱਗ ਰਿਹਾ ਸੀ। ਆਪਣੀ ਜਾਨ ਨਾਲੋਂ ਵੀ ਪਿਆਰਾ।

'ਹੁਣ ਚੌਧਰੀ ਦਿਉਂ ਤਾਂ ਛੁੱਟੀ ਹੋ ਜੂ...ਹੋ ਸਕਦੈ ਗੱਲ ਅੱਗੇ ਵੀ ਵਧੇ। ਪਰ ਕੋਈ ਨੀ, ਮੈਨੂੰ ਕੋਈ ਪਰਵਾਹ ਨੀ। ਮੇਰਾ ਪੁੱਤ ਸ਼ੇਰ ਐ ਤੇ ਧੀ ਸ਼ੇਰਨੀ। ਸ਼ੇਰ ਕਦੇ ਕਿਸੇ ਤੋਂ ਨੀ ਡਰਦੇ।'

ਤੂੰ ਫਿਕਰ ਨਾ ਕਰ ਬੰਸੋ। ਉਹ ਆਪਣੇ ਪਿਓ ਕੋਲੇ ਪੰਜਾਹ ਪੰਜਾਹ ਜੋੜੂ। ਜੋੜੂ ਜੋੜਦਾ ਰਹੇ। ਆਪਾਂ ਨੂੰ ਕੀ ਫ਼ਿਕਰ ਐ ? ਇਹ ਕੀਹਨੇ ਦਸਣੈ ਤੂੰ ਉਹਦਾ ਕੁੜਤਾ ਐਵੇਂ ਤਾਂ ਨੀ ਲੀਰੋ ਲੀਰ ਕੀਤਾ ! ਡੰਗਰਾਂ ਨੂੰ ਪਾਣੀ ਪਿਆਉਂਦੀ ਨੂੰ ਪਹਿਲਾਂ ਉਹਨੇ ਤੇਰੇ ਨਾਲ ਜੋ ਕੀਤੀ ਸੀ ਉਹ ਕੋਈ ਨੀ ਦੱਸਦਾ ਉਹਨੂੰ ਜਾ ਕੇ। ਨਹੀਂ ਦੱਸਦਾ ਨਾ ਦੱਸੇ। ਮੈਂ ਜਦੋਂ ਅੱਖੀਂ ਦੇਖ ਲਿਆ। ਤੈਨੂੰ ਕਾਹਦਾ ਡਰ ?

'ਪਿੰਡ ਵਿਚ ਤਾਂ ਰੌਲਾ ਪਊ। ਪੰਗਾ ਤਾਂ ਹਾਲੇ ਸਰਦਾਰ ਦਾ ਵੀ ਨੀ ਸੀ ਮੁੱਕਿਆ। ਸੌ ਸੌ ਗੱਲਾਂ ਬਣਨਗੀਆਂ। ਕਿਹਨੇ ਮੰਨਨੈ ਅਸੀਂ ਸੱਚੇ ਆਂ। ਖੈਰ ਨਹੀਂ ਮੰਨੂ ਨਾ ਹੀ ਸਹੀ। ਦਿਲ ਸਾਫ਼ ਚਾਹੀਦੈ।'

'ਚੌਧਰੀ ਕੀ ਕੈਦ ਕਰਾ ਦੂ ? ਬਹੁਤਾ ਕਰੂ ਕੰਮੋ ਜਵਾਬ ਦੇ ਦੂ। ਕੰਮਾਂ ਦਾ ਕੀ ਘਾਟੈ। ਸਰੀਰ 'ਚ ਜਾਨ ਚਾਹੀਦੈ ਐ। ਪਿਆ ਦੇ ਦੇਵੇ। ਤੇਰੀ ਇੱਜ਼ਤ ਤਾਂ ਨੀ ਇਨ੍ਹਾਂ ਕੰਜਰਾਂ....'

'ਆਪਾਂ ਕੋਈ ਨੀ ਹਾੜੇ ਕੱਢਦੇ। ਕੱਲ ਨੂੰ ਆਪਾਂ ਖ਼ੁਦ ਹੀ ਨੀ ਜਾਂਦੇ। ਜੈਲਾ ਵੀ ਤੰਗ ਆਇਆ ਪਿਐ। ਆਖ ਦਿਆਂਗੇ ਸਿਟ ਆਉ ਭਾਂਡਾ ਠੀਕਰ...। ਕਿਤੇ ਹੋਰ ਕੰਮ ਨਹੀਂ ਮਿਲੂ ਸ਼ਹਿਰ ਤਾਂ ਨੀ ਕਿਤੇ ਗਿਆ|

'ਕੁੜੇ ਬੰਸੋ ਆ ਤਾਂ ਆਪਾਂ ਭੁਲੇ ਬੈਠੇ ਸੀ। ਕੱਲ ਤੋਂ ਸ਼ਹਿਰ ਈ ਚਲਿਆ ਕਰਾਂਗੇ। ਮੇਰਾ ਵੀ ਦਿਲ ਅੱਕਿਆ ਪਿਐ। ਇਸ ਪਿੰਡ ਤੋਂ ਬਾਹਰ। ਸ਼ਹਿਰ ਆ ਖੜੇ। ਸਾਰਾ ਪੰਜ ਕੋਹ। ਆਪਾਂ ਨੂੰ ਕੀ ਲਗਿਆ। ਕਰੂ ਤੁਰੀਆਂ ਜਾਂਦੀਆਂ ਨੂੰ। ਨਾ ਕਿਸੇ ਦੀ ਹੈ ਹੈ ਨ ਖੈ ਖੈ।'

ਠੀਕ ਐ ਬੰਸੋ ਠੀਕ ਐ। ਤੂੰ ਵੀ ਚਲਿਆ ਕਰੀਂ। ਘੱਟੋ ਘੱਟ ਅੱਖਾਂ ਸਾਹਮਣੇ ਰਿਹਾ ਕਰੇਂਗੀ। ਔਤਰੇ ਦਾ ਕਿਤੇ ਹੱਥ ਨੀ ਪੈਂਦਾ ਨਹੀਂ ਤੇਰੇ ਤਾਂ ਹੱਥ ਪੀਲੇ ਕਰ ਦਿਆਂ। ਤੂੰ ਤਾਂ ਨਿਕਲੇਂ ਇਸ ਨਰਕ 'ਚੋਂ। ਮੇਰੇ ਨਾਲ ਜਿਹੜੀ ਬਣੇ ਦੇਖੀ ਜਾਵੇ।'

'ਕਾਰਖ਼ਾਨੇ ਵਿਚੋਂ ਰੋਟੀ ਵਧੀਆ ਨਿਕਲ ਜਿਆ ਕਰੂ। ਅੱਗੇ ਮਹਿੰਗੇ ਕੇ ਭੁੱਖੇ ਮਰਦੇ ਸੀ। ਜਿਦਨ ਦੀ ਕਾਰਖ਼ਾਨੇ ਜਾਣ ਲੱਗੀ ਐ ਨਿੱਤ ਨਵੇਂ ਬਦਲਦੀ ਐ। ਠੀਕ ਲਗਿਆ ਜੈਲੇ ਨੂੰ ਵੀ ਸ਼ਹਿਰ ਕਿਤੇ ਕੰਮ ਦਿਵਾਦਾਂਗੇ। ਫੇਰ ਸਾਰੇ ਸ਼ਹਿਰ ਲੱਗ ਜਾਣਗੇ। ਆਪਣੇ ਕਿਹੜਾ ਗਜ਼ ਗੱਡੇ ਨੇ ਇਥੇ।

ਕੱਲ ਨੂੰ ਉੱਠ ਕੇ ਜੰਗੀਰੋ ਕੋਲ ਚਲਾਂਗੀਆਂ। ਦੋਨੋਂ ਮਾਵਾਂ ਧੀਆਂ ਜਾਂਦੀਆਂ ਰਿਹਾ ਕਰਗੀਆਂ। ਉਹ ਤਾਂ ਨਿੱਤ ਆਖਦੀ ਐ। ਕੱਲ ਤੋਂ ਬਸ ਆਪਾਂ ਚੌਧਰੀ ਛੱਡਿਆ।'

'ਲੈ ਚੰਦਰਾ ਦੀਵਾ ਫੇਰ ਬੁਝ ਗਿਆ। ਮੈਂ ਵੀ ਤੇਰੇ ਨਾਲ ਹੀ ਪੈ ਜਾਨੀ ਆਂ। ਫੇਰ ਸਾਜਰੇ ਵੀ ਤਾਂ ਉਠਣਾ ਹੋਊ। ਰੱਬ ਸੁੱਖ ਰੱਖੇ।

ਕੱਲ ਦੇ ਫ਼ਿਕਰ ਨੇ ਹੌਲੀ ਹੌਲੀ ਕਰਤਾਰੋ ਦੀ ਖ਼ੁਸ਼ੀ ਨਿਗਲ ਲਈ। ਸੋਚਾਂ ਵਿਚ ਗੋਤੇ ਖਾਂਦੀ, ਕੱਲ ਦੇ ਮਨਸੂਬੇ ਬਣਾਉਂਦੀ ਕਰਤਾਰੋ ਦੇ ਘੁਰਾੜੇ ਵੀ ਹਰਬੰਸੋ ਦੇ ਘੁਰਾੜਿਆਂ ਨਾਲ ਮਿਲ ਕੇ ਉੱਚੇ ਹੋਣ ਲੱਗੇ।

21

ਕਰਤਾਰੋ ਸਾਜਰੇ ਉੱਠਦੀ, ਖ਼ੁਸ਼ੀ ਖ਼ੁਸ਼ੀ ਰੋਟੀਆਂ ਪਕਾਉਂਦੀ ਤੇ ਬੰਸੋ ਨੂੰ ਨਾਲ ਲੈ ਕੇ ਸੰਦੇਹਾਂ ਹੀ ਜੰਗੀਰੋ ਦਾ ਦਰਵਾਜ਼ਾ ਜਾ ਖਟਕਾਉਂਦੀ। ਹਨੇਰੇ ਤੇ ਠੰਢ ਦਾ ਮੁਕਾਬਲਾ ਕਰਨ ਲਈ ਉਹ ਸਾਰੇ ਰਾਹ ਗੱਲਾਂ ਕਰਦੀਆਂ। ਕਈ ਵਾਰ ਬਿਨਾਂ ਕਿਸੇ ਮਸਲੇ ਦੇ। ਪੰਜ ਕੋਹ ਦੀ ਵਾਟ, ਗੱਲੀਂ ਜੁਟੀਆਂ ਨੂੰ ਮਿੰਟਾਂ 'ਚ ਲੰਘ ਜਾਂਦੀ। ਕਾਰਖ਼ਾਨਾ ਛੇ ਵਜੇ ਚਲਦਾ ਸੀ। ਉਹ ਛੇ ਤੋਂ ਪਹਿਲਾਂ ਹੀ ਅੱਪੜ ਜਾਂਦੀਆਂ ਤੇ ਕਿਸੇ ਨਿੱਘੀ ਥਾਂ 'ਤੇ ਬੈਠ ਜਾਂਦੀਆਂ।

ਦੁਪਹਿਰ ਦੇ ਇਕ ਵਜੇ ਤੱਕ ਕਿਸੇ ਨੂੰ ਅੱਖ ਪੁੱਟਣ ਦੀ ਵਿਹਲ ਨਾ ਮਿਲਦੀ। ਕਪਾਹਾਂ ਦੇ ਕੋਠਿਆਂ ਵਿਚ ਡੱਕੀਆਂ, ਮੂੰਹਾਂ 'ਤੇ ਠਾਠੇ ਬੰਨ੍ਹੀਂ, ਸਿਰ ਝੁਕਾਈ ਸਾਰਾ ਦਿਨ ਕਪਾਹਾਂ ਚੁਗਦੀਆਂ। ਘਟੀਆ ਅਤੇ ਖਰਾਬ ਇਕ ਪਾਸੇ, ਵਧੀਆ ਤੇ ਸਾਫ ਦੂਸਰੇ ਪਾਸੇ|

ਕਰਤਾਰੋ ਨੂੰ ਨਵੇਂ ਮਿਲੇ ਕੰਮ ਦਾ ਉਤਸ਼ਾਹ ਸੀ। ਬਿਨਾਂ ਕਿਸੇ ਹੋਰ ਵੱਲ ਧਿਆਨ ਦਿੱਤੇ ਉਹ ਕੰਮ ਵਿਚ ਜੁਟੀ ਰਹਿੰਦੀ। ਕਰਤਾਰੋ ਦਾ ਬਹੁਤਾ ਕੰਮ ਨਾਲ ਦੀਆਂ ਨੂੰ ਚੁਭਦਾ। ਉਸ ਦੇ ਬਰਾਬਰ ਜਾਣ ਇੰਨੀ ਉਨ੍ਹਾਂ ਵਿਚ ਜਾਨ ਨਹੀਂ ਸੀ ਤੇ ਕਰਤਾਰੋ ਦਾ ਅੱਗੇ ਲੰਘਣਾ ਉਨ੍ਹਾਂ ਲਈ ਹਾਨੀਕਾਰਕ ਸੀ। ਸਿਰ 'ਤੇ ਘੁੰਮਦਾ ਬਾਬੂ ਪਹਿਲਾਂ ਹੀ ਮਾਨ ਨਹੀਂ ਸੀ। ਹੁਣ ਉਸ ਨੂੰ ਵਧੀਆ ਬਹਾਨਾ ਮਿਲ ਗਿਆ। ਇਨ੍ਹਾਂ ਦੇ ਦਿਨਾਂ ਵਿਚ ਉਨ੍ਹਾਂ ਨੂੰ ਕਈ ਝਿੜਕਾਂ ਮਿਲੀਆਂ ਸਨ। ਇਹ ਸਾਰੀਆਂ ਝਿੜਕਾਂ ਕਰਤਾਰੋ ਦੀ ਦੇਣ ਸੀ।

ਕਰਤਾਰੋ ਤੋਂ ਖਿਝੀਆਂ ਔਰਤਾਂ ਨੇ ਆਪਣੇ ਹਥਿਆਰ ਵਰਤਣੇ ਸ਼ੁਰੂ ਕੀਤੇ। ਹਰ ਨਵੀਂ ਆਈ ਕਾਮੀ ਨਾਲ ਉਹ ਇਸੇ ਤਰ੍ਹਾਂ ਕਰਦੀਆਂ ਸਨ। ਉਹਨੂੰ ਤੰਗ ਕਰਨਾ ਤੇ ਮੇਹਣੇ ਮਾਰਨੇ। ਬਸ ਇਹੋ ਉਨ੍ਹਾਂ ਕੋਲ ਸ਼ੁਗਲ ਸੀ। ਦੁੱਖੀ ਹੋਈ ਔਰਤ ਜਾਂ ਭੱਜ ਜਾਂਦੀ ਤੇ ਜਾਂ ਉਨ੍ਹਾਂ ਦੇ ਇਸ਼ਾਰੇ ਨੱਚਣ ਲੱਗਦੀ।

'ਕੋਈ ਨੀ ਸਾਰਾ ਦੋ ਦਿਨ ਦਾ ਖੇਲ ਐ। ਜਦੋਂ ਪੈ ਗਏ ਅਗਲੇ ਦੇ ਦੋ ਧੱਕੇ ਆਪੇ ਸਿੱਧੀ ਹੋ ਜੂ।' ਇਕ ਆਖਦੀ। ਦੂਜੀ ਉਹਦੀ ਗੱਲ ਟੋਕਦੀ :

'ਨਹੀਂ ! ਭੋਲੀ ਐ ਵਿਚਾਰੀ। ਕੀ ਪਤੈ ਕਿਵੇਂ ਦਿਨ ਕੱਟਣੇ ਨੇ ਇਥੇ।'

'ਰਹਿਣ ਦੇ। ਇਹਦੀਆਂ ਪਤਾਲ 'ਚ ਜੜ੍ਹਾਂ ਨੇ।'

ਪਰ ਕਰਤਾਰੋ ਕਦੇ ਉਨ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਾ ਦਿੰਦੀ। ਆਪਣੇ ਕੰਮ ਵਿਚ ਮਸਤ ਰਹਿੰਦੀ। ਜਿਵੇਂ ਕੁਝ ਵੀ ਨਾ ਵਾਪਰ ਰਿਹਾ ਹੋਵੇ। ਮਸਾਂ ਤਾਂ ਉਹਦਾ ਪਿੰਡ ਦੇ ਦਰਿੰਦਿਆਂ ਤੋਂ ਖਹਿੜਾ ਛੁਟਿਆ ਸੀ। ਜੰਗੀਰੋ ਨੇ ਵੀ ਪੰਜ ਚਾਰ ਦਿਨ ਚੁੱਪ ਰਹਿਣ ਦੀ ਹਦਾਇਤ ਕੀਤੀ ਸੀ।

ਇਕ ਵਜੇ ਇਕ ਘੰਟਾ ਰੋਟੀ ਖਾਣ ਨੂੰ ਮਿਲਦਾ। ਕੰਮ ਕਰਨ ਵਾਲੀਆਂ ਦੀਆਂ ਕਈ ਟੋਲੀਆਂ ਬਣਦੀਆਂ। ਅੱਡ ਅੱਡ ਟੋਲੀਆਂ ਅੱਡ ਅੱਡ ਬੈਠ ਕੇ ਇਕ ਦੂਜੇ 'ਤੇ ਵਿਅੰਗ ਕਰਦੀਆਂ।

ਕਰਤਾਰੋ ਬੰਸੋ ਨੂੰ ਲੈ ਕੇ ਇਕ ਪਾਸੇ ਬੈਠ ਜਾਂਦੀ। ਜੰਗੀਰੋ ਪਤਾ ਨਹੀਂ ਕਿਥੇ ਮਰ ਜਾਂਦੀ ਸੀ। ਉਹ ਦੋਨੋਂ ਬਹਿ ਜਾਂਦੀਆਂ। ਆਂਢੋ ਗੁਆਂਢੋ ਜਦੋਂ ਕੋਈ ਅਵਾਜ਼ ਉਭਰਦੀ ਉਹ ਚੁੱਪ ਹੋ ਕੇ ਸੁਣਦੀਆਂ।

'ਕੁੜੀ ਦੇਖ ਕਿੰਨੀ ਸੋਹਣੀ ਐਂ ਆਂਡਲ ਜੀ। ਦੇਖ ਲੀਂ ਇਨ੍ਹਾਂ ਨੂੰ ਪੂਰੀ ਦਿਹਾੜੀ ਮਿਲਿਆ ਕਰੂ।'

'ਆਪ ਕਿਤੇ ਘੱਟ ਐ। ਹਾਲੇ ਧਕੇ ਨੀਂ ਚੜ੍ਹੀ ਲੱਗਦੀ।'

'ਰਹਿਣ ਦਿਆਂ ਕਰ। ਪਹਿਲਾਂ ਗਿਟ ਮਿਟ ਹੋਊ। ਇਹ ਛੱਡਦੇ ਸੀ ਹੁਣ ਤਕ।'

ਪਹਿਲਾਂ ਕਰਤਾਰੋ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਪਰ ਇਹ ਗੱਲਾਂ ਉਹਦੇ ਦਿਮਾਗ਼ 'ਤੇ ਗਹਿਰਾ ਅਸਰ ਕਰਨ ਲੱਗੀਆਂ।

'ਕੋਈ ਗੱਲ ਹੈ ਜ਼ਰੂਰ।' ਉਹਦਾ ਅੰਦਰ ਕੰਬਿਆ।

ਉਹਦਾ ਸ਼ੱਕ ਯਕੀਨ ਵਿਚ ਵਟ ਗਿਆ, ਜਦੋਂ ਘਰ ਅਪੜ ਕੇ ਬੰਸੋ ਨੇ ਸ਼ਿਕਾਇਤ ਕੀਤੀ।

'ਬੇਬੇ ਮੈਨੂੰ ਤਾਂ ਕਾਣਾ ਜਾ ਭਲਾ ਨੀਂ ਲੱਗਦਾ। ਮੈਨੂੰ ਆਖੇ ਚੰਗਾ ਕੰਮ ਨੀਂ ਕਰਦੀ ਤੂੰ। ਮੈਨੂੰ ਪਰਾਂ ਲੈ ਗਿਆ। ਓ ਪਰਲੇ ਕੋਠਿਆਂ 'ਚ। ਮੈਂ ਕੱਲੀ ਡਰਾਂ। ਉਹ ਆਂਡਲ ਜਾ ਉਥੇ ਈ ਫਿਰੀ ਜਾਵੇ। ਇਕ ਵਾਰ ਤਾਂ ਹੱਥ ਵੀ ਫੜ ਲੈ। ਅਕੇ ਇਉਂ ਕੰਮ ਕਰੀਦੈ।

'ਚੁੱਪ ਰਹਿ। ਮੇਰੇ ਕੋਲੋਂ ਨਾ ਹਿੱਲੀਂ ਫੇਰ ਮੈਂ ਦੇਖ ਲੂੰ।'

ਅਗਲੇ ਦਿਨ ਬੰਸੋ ਨੇ ਸਾਫ਼ ਨਾਂਹ ਕਰ ਦਿੱਤੀ। ਅੱਗ ਭਬੂਲਾ ਹੋਇਆ ਬਾਬੂ ਵਰਣ ਲੱਗਿਆ।

'ਕਾਰਖ਼ਾਨਾ ਤੇਰੇ ਪਿਓ ਵਾਲਾ ਨੀਂ। ਜੀ ਕਰਿਆ ਕੰਮ ਕਰ ਲਿਆ, ਜੀ ਕਰਿਆ ਨਾ ਕੀਤਾ। ਨਹੀਂ ਕੰਮ ਕਰਨ ਦੀ ਸਲਾਹ, ਭਾਵੇਂ ਹੁਣੇ ਉਡ ਜਾ। ਤੇਰੇ ਵਰਗੀਆਂ ਦਾ ਘਾਟਾ ਨੀਂ। ਚੱਲ। ਹੋ ਖੜ੍ਹੀ।'

ਬੰਸੋ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਕਰਤਾਰੋ ਨੇ ਗੱਲ ਬੋਚ ਲਈ।

'ਲੈ ਮੈਂ ਚਲਦੀ ਆਂ। ਕਿਥੇ ਐ ਜੀ ਕੰਮ ? ਨਿਆਣੀ ਐ ਜਿੱਦ ਕਰ ਬੈਠਦੀ ਐ।'

'ਇਹ ਨਿਆਣੀ ਐ ? ਆਏ ਸਾਲ ਜੰਮਣ ਜੋਗੀ ਐ। ਬੈਠੀ ਰਹਿ ਤੂੰ ਵੀ ਇਥੇ ਈ...। ਮਟਕਾਂ ਨਾਲ ਕੰਮ ਕਰਦੀਆਂ ਨੇ, ਹਰਾਮ ਦੀਆਂ...।'

ਉਸ ਪਿਛੋਂ ਕਰਤਾਰੋ ਤੋਂ ਭੋਰਾ ਕੰਮ ਦਾ ਨਾ ਨਿਬੜਿਆ। 'ਕੀ ਇਥੇ ਵੀ ਉਹੋ ਦਰਿੰਦੇ ਨੇ ?' ਦੁਪਹਿਰ ਦੀ ਛੁੱਟੀ ਤਕ ਉਹਦੇ ਦਿਮਾਗ਼ 'ਚ ਇਹੋ ਪ੍ਰਸ਼ਨ ਘੁੰਮਦਾ ਰਿਹਾ।

ਇਕੱਲੀ ਬੈਠਣ ਤੋਂ ਕਰਤਾਰੋ ਨੂੰ ਡਰ ਆਇਆ। ਉਠ ਕੇ ਉਹ ਦਸੋ ਮਾਈ ਕੋਲੇ ਜਾ ਬੈਠੀਆਂ ਇਕੱਠੇ ਕੰਮ ਕਰਨ ਕਰਕੇ ਖਾਸੀਆਂ ਘੁਲ ਮਿਲ ਗਈਆਂ ਸਨ।

'ਬੇਬੇ ਇਕ ਗੱਲ ਪੁੱਛਣੀ ਐਂ ਜੇ ਸੱਚੀ ਸੱਚੀ ਦਸੇਂਗੀ ?'

'ਸੁਖ ਐ ?'

'ਦੇਖੀਂ ਤੇਰੇ ਕੋਲੇ ਗੱਲ ਐ। ਇਹ ਬਾਬੂ ਜਾ ਮੈਨੂੰ ਚੰਗਾ ਨੀ ਲੱਗਦਾ।

'ਤੇਰੀ ਗੱਲ ਸਿਆਣੀ ਐ।'

ਬੁੱਢੀ ਦੇ ਇਸ ਵਾਕ ਨਾਲ ਕਰਤਾਰੋ 'ਤੇ ਸਹਿਮ ਛਾ ਗਿਆ। ਡੌਰ-ਭੌਰ ਹੋਈ ਉਹ ਬੁੱਢੀ ਦੇ ਹੋਰ ਨਜ਼ਦੀਕ ਹੋ ਗਈ।

'ਮੈਂ ਤਾਂ ਆਪ ਸੋਚਦੀ ਸੀ ਕਿਥੋਂ ਫਸਗੀਆਂ ਤੁਸੀਂ ਭੋਲੀਆਂ ਭਿੰਡਾਰੀਆਂ। ਫੇਰ ਆਪੇ ਸੋਚਿਆ ਢਿੱਡ ਕੀ ਨੀਂ ਕਰਾ ਦਿੰਦਾ। ਰਾਜੇ ਮਹਾਰਾਜਿਆਂ 'ਤੇ ਵਖਤ ਪੈ ਜਾਂਦੈ। ਮੈਂ ਆਖਿਆ ਸੈਦ ਸੋਨੂੰ ਪਤਾ ਹੋਊ। ਭਲਾ ਭੈੜੇ ਨੇ ਇਹ। ਕੁਛ ਨੀਂ ਦੱਸਦੇ। ਉਦੋਂ ਈ ਪਤਾ ਲਗਦੈ ਜਦੋਂ ਆ ਚੰਬੜਦੇ ਨੇ। ਫੇਰ ਅਗਲਾ ਨਾ ਉਧਰ ਦਾ ਨਾ ਉਧਰ ਦਾ।' 'ਸੁਣ ਤੇਰੇ ਆਉਣ ਤੋਂ ਚਾਰ ਦਿਨ ਪਹਿਲਾਂ ਦੀ ਗੱਲ ਐ। ਓ ਪਰਲੇ ਪਾਸੇ ਜਿਹੜਾ ਕੋਠਾ ਜਾ ਛਡਿਐ ਇਥੇ ਇਕ ਅਲੜ ਜੀ ਕੁੜੀ ਕੰਮ ਕਰਦੀ ਸੀ। ਵਿਚਾਰੀ ਬੜੀ ਸਾਊ ਸੀ। ਉਹਨੂੰ ਕੀ ਪਤਾ ਸੀ ਇਨ੍ਹਾਂ ਦਾ। ਉਥੇ ਜਾ ਫੜੀ। ਕਿਹਦੀ ਹਿੰਮਤ ਸੀ ਉਧਰ ਜਾਣ ਦੀ। ਕੁੜੀ ਬਥੇਰੀ ਚੀਕੀ। ਪਰ ਸਭ ਨੇ ਅਣਸੁਣੀਆਂ ਕਰਤੀਆਂ। ਸਭ ਨੂੰ ਧੀਏ ਆਪਣੀ ਆਪਣੀ ਰੋਟੀ ਦਾ ਫਿਕਰ ਸੀ ਸਭ ਚੁੱਪ ਕਰ ਗੀਆਂ। ਜਦੋਂ ਬਾਹਰ ਆਈ ਕਪੜੇ ਲੀਰੋ ਲੀਰ। ਮੂੰਹ ਦੰਦੀਆਂ ਨਾਲ ਖਾਧਾ ਪਿਆ। ਖ਼ੂਨੋ ਖ਼ੂਨ ਹੋਈ ਵੀ। ਰੋਂਦੀ ਧਾਹ ਨਾ ਧਰੇ। ਮਾਰੀਆਂ ਸ਼ਰਮ ਦੀਆਂ ਅਸੀਂ ਪਰਾਂ ਮੂੰਹ ਵਟ ਲੈ। ਆ ਕੁਝ ਐ ਇਥੇ।'

'ਇਕ ਅੱਧੀ ਦੀ ਗੱਲ ਨੀਂ। ਇਥੇ ਸਾਰੀਆਂ ਨਾਲ ਇਉਂ ਹੁੰਦੈ। ਜਿਹੜਾ ਇਨ੍ਹਾਂ ਅੱਗੇ ਸਿਰ ਨਿਵਾ ਲੈਂਦੀ ਐ,

ਉਹ ਟਿਕ ਜਾਂਦੀ ਐ। ਨਹੀਂ ਫਸਦੀ ਅਗਲੇ ਦਿਨ ਛੁੱਟੀ ਕਰ ਦਿੰਦੇ ਆ|'

'ਸਾਡੇ ਪਿੰਡ ਆਲੀ ਜੰਗੀਰੋ...?'

'ਤੂੰ ਮੇਰੀਆਂ ਧੀਆਂ ਵਰਗੀ ਐਂ। ਕਿਸੇ ਦੀ ਗੱਲ ਕੀਤੀ ਚੰਗੀ ਨੀ ਹੁੰਦੀ। ਤੈਨੂੰ ਹੁਣ ਕੀ ਆਖਾਂ....। ਪਹਿਲਾਂ ਤਾਂ ਉਹ ਇਕ ਦੋ ਦਿਨ ਹੱਟੀ ਵੀ ਰਹੀ। ਜਦੋਂ ਕਿਧਰੇ ਕੰਮ ਨਾ ਮਿਲਿਆ ਫੇਰ ਆ ਗਈ ਵਿਚਾਰੀ। ਤੈਨੂੰ ਜਦੋਂ ਧੁਰ ਦੀ ਸੁਣਾ ਤੀ। ਇਥੇ ਬਸ....।'

'ਵਾਹਿਗੁਰੂ! ਵਾਹਿਗੁਰੂ!! ਡਰੀ ਕਰਤਾਰੋ ਹੱਥ ਮਸਲਨ ਲੱਗੀ।

'ਇਕ ਇਥੇ ਹੋਰ ਹੁੰਦੀ ਸੀ ਫੌਜਣ ਫੌਜਣ। ਉਹਦੇ ਘਰ ਆਲਾ ਲੜਾਈ 'ਚ ਮਾਰਿਆ ਗਿਆ ਸੀ। ਇਕ ਦਿਨ ਢਿੱਡ ਫੋਲਨ ਬੈਠ ਗਈ। ਇਕ ਉਹਦੇ ਗੋਦੀ ਮੁੰਡਾ ਸੀ। ਅਖੇ ਜੀ ਕਰਦੈ ਖੂਹ ਖਾਤਾ ਗੰਦਾ ਕਰ ਦਿਆਂ। ਜੇ ਇਹੋ ਕੰਮ ਕਰਨੇ ਦੇਹੋਂ ਖੇਹ ਕਰਨ ਦੀ ਕੀ ਲੋੜ ਐ। ਇਨ੍ਹਾਂ ਨਿਪੁਤਿਆਂ ਨੇ ਉਹਨੂੰ ਉਈਂ ਚੂੰਡ ਲਿਆ। ਬਾਹਰੋਂ ਕੋਈ ਅਫ਼ਸਰ ਆਵੇ ਝੱਟ ਅੰਦਰ ਬੁਲਾ ਲੈਂਦੇ। ਨਾ ਕੋਈ ਸ਼ਰਮ ਨਾ ਹਿਆ। ਤਿੰਨਾਂ ਮਹੀਨਿਆਂ 'ਚ ਸੁੱਕ ਕੇ ਤੀਲਾ ਹੋ ਗੀ।

ਇਕ ਦਿਨ ਮੈਂ ਆਖਿਆ ਕਿਉਂ ਰੁਲਦੀ ਐਂ ? ਕਿਸੇ ਦਾ ਲੜ ਫੜ ਲੈ ਚੁੱਪ ਕਰਕੇ। ਉਹਨੇ ਵਿਚਾਰੀ ਨੇ ਇਉਂ ਈ ਕੀਤਾ। ਹੁਣ ਮਿਲੀ ਪਿੱਛੇ ਜੇ। ਹੁਸਨ ਡੁਲ੍ਹ ਡੁਲ੍ਹ ਪਵੇ। ਤੂੰ ਰਹਿਣ ਦੇ। ਕੋਲੇ ਜਵਾਨ ਕੁੜੀ ਬੈਠੀ ਐ। ਕਿਸ ਕਿਸ ਦੀ ਸੁਣਾਵਾਂ।'

'ਉਰਾਂ ਹੋ...। ਓ ਦੇਖ ਜਿਹੜੀ ਬੁੜੀ ਫਿਰਦੀ ਐ ਨਾ....। ਨਰਕ ਵਿਚ ਪਏ ਇਹ। ਉਨ੍ਹਾਂ ਦੀ ਵਿਚੋਲੀ ਐ। ਬੜੀ ਚਲਾਕ ਐ।'

'ਹੈ ਤੇਰੇ ਨਿਪੁੱਤੀ ਦੇ। ਸੱਚੀਂ ਬੇਬੇ ਮੇਰੇ ਕੋਲੇ ਬੜੀਆਂ ਮਿੱਠੀਆਂ ਮਿੱਠੀਆਂ ਕਰੇ। ਪਰ ਮੈਂ ਤਾਂ ਖਾਖਾ ਪਾਟ ਦੂੰ।'
'ਬਹੁਤਾ ਉੱਚੀ ਨਾ ਬੋਲ। ਮੈਂ ਦੇਖ ਲਿਆ ਤੂੰ ਬਹੁਤੇ ਦਿਨ ਨੀਂ ਕੱਟਦੀ। ਇਥੋਂ ਦਾ ਮਾਲਕ ਵੀ ਟੁੱਟ ਪੈਣੈ। ਇਕ ਵਾਰੀ ਕਿਸੇ ਨੇ ਸ਼ਿਕਾਇਤ ਕਰ ਤੀ। ਉਲਟਾ ਉਹਦੇ ਗਲ ਪੈ ਗਿਆ, ਅਕੇ ਤੂੰ ਮੇਰੇ ਮੁਲਾਜ਼ਮਾਂ 'ਤੇ ਦੋਸ਼ ਲਾਉਣੀ ਐਂ। ਉਹ ਵਿਚਾਰੀ ਚੁੱਪ ਕਰ ਗੀ।

'ਮੈਂ ਤਾਂ ਨੀਂ ਬੇਬੇ ਕਲ੍ਹ ਨੂੰ ਆਉਂਦੀ। ਜਿਹੜਾ ਚਾਰ ਦਿਨ ਅਸੀਂ ਕੰਮ ਕੀਤੇ ਉਹਦੇ ਦੱਸ ਕਦੋਂ ਪੈਸੇ ਮਿਲਣ ਗੇ। ਆ ਲਾਏ ਕੰਨਾਂ ਨੂੰ ਹੱਥ...।'

'ਅੱਜ ਕੀ ਦਿਨ ਐ...? ਸੋਮਵਾਰ....। ਮੰਗਲਵਾਰ ਨੂੰ ਹਿਸਾਬ ਹੋ ਜੂ।'

'ਤਾਂ ਕੱਲ੍ਹ ਨੂੰ ਮਿਲ ਜਾਣਗੇ ਪੈਸੇ ?'

'ਆਹੋ। ਪਰ ਅੱਜ ਦੇ ਨੀ ਮਿਲਣੇ।'

'ਕੀ ਗੱਲ ਬੇਬੇ ?'

'ਐਤਵਾਰ ਤੱਕ ਦਾ ਹਿਸਾਬ ਹੋਊ।'

'ਇਹਦੇ ਕਦੋਂ ਮਿਲਣਗੇ ਫੇਰ ?'

'ਜੇ ਕੰਮ ਛਡਣਾ ਹੋਇਆ ਫੇਰ ਤਾਂ ਨੀ ਭਾਈ ਮਿਲਣੇ।'

ਕਰਤਾਰੋ ਚੁੱਪ ਕਰਕੇ ਸੁਣਦੀ ਰਹੀ। ਹਰ ਗੱਲ ਉਸ ਲਈ ਹੈਰਾਨੀ ਭਰੀ ਸੀ।

'ਲੈ ਬੇਬੇ ਫੇਰ ਮੈਂ ਤਾਂ ਜੋ ਮਿਲੂ ਲੈ ਕੇ ਤੁਰੂੰ। ਦੇਖੀ ਜਾਊ...।'

'ਦੇਖ ਲੈ ਧੀਏ। ਕਬੀਲਦਾਰਾਂ ਦੇ ਇਥੇ ਦਿਨ ਨੀ ਲੰਘਦੇ। ਕੱਲ ਨੂੰ ਇਕੱਲੀ ਆ ਜੀਂ। ਆਥਨੇ ਲੈ ਜੀਂ ਹਿਸਾਬ ਕਰਕੇ। ਕਿੰਨੇ ਦਿਨ ਹੋ ਗੇ ਸੋਨੂੰ ?'

'ਅੱਜ ਪੰਜਵਾਂ ਦਿਨ ਐ।'

'ਐਤਵਾਰ ਤੱਕ ਤਾਂ ਚਾਰ ਈ ਹੋਏ।'

'ਚੱਲ ਜਿਹੜੇ ਮਿਲਣਗੇ ਦੇਖੀ ਜਾਊ। ਇਜ਼ਤਾਂ ਕਿਥੇ ਧਰੀਆਂ ਪਈਆਂ ਨੇ....'

ਕਰਤਾਰੋ ਦਾ ਦਿਲ ਕਰਦਾ ਸੀ ਬੁੱਢੀ ਕੋਲ ਬੈਠ ਕੇ ਢੇਰ ਸਾਰੀਆਂ ਗੱਲਾਂ ਕਰੇ। ਜ਼ਿੰਦਗੀ 'ਚ ਪਹਿਲੀ ਵਾਰ ਉਹਨੂੰ ਦੁਨੀਆਂ ਵਿਚ ਚੰਗੇ ਬੰਦੇ ਦੀ ਹੋਂਦ ਮਹਿਸੂਸ ਹੋਈ ਸੀ। ਨਹੀਂ ਤਾਂ ਸਾਰੀ ਉਮਰ ਉਹਦਾ ਵਾਹ ਦੈਂਤਾਂ ਨਾਲ ਹੀ ਪਿਆ ਸੀ।

ਪਰ ਸਮੇਂ ਨੇ ਉਹਦਾ ਸਾਥ ਨਾ ਦਿੱਤਾ। ਬਿਗਲ ਵੱਜਿਆ। ਟੁੱਟੀਆਂ ਹਾਰੀਆਂ ਉਹ ਫੇਰ ਕੋਠਿਆਂ ਵੱਲ ਤੁਰ ਪਈਆਂ।

ਅਗਲੇ ਦਿਨ ਕਰਤਾਰੋ ਇਕੱਲੀ ਕਾਰਖ਼ਾਨੇ ਗਈ। ਕੁੜੀ ਦੇ ਬਿਮਾਰ ਹੋਣ ਦਾ ਉਹਦਾ ਬਹਾਨਾ ਸੀ। ਬਾਬੂ ਵਾਰ ਵਾਰ ਆਉਂਦਾ ਤੇ ਤਾੜਦਾ। ਕਰਤਾਰੋ ਹੱਸ ਕੇ ਗੱਲ ਆਈ ਗਈ ਕਰ ਦਿੰਦੀ।

ਆਉਂਦੀ ਕਰਤਾਰੋ ਪਿੰਡੋਂ ਹਿਸਾਬ ਕਰਾ ਕੇ ਆਈ ਸੀ। ਚਾਰ ਦਿਨਾਂ ਦੇ ਚਾਰ ਰੁਪਏ ਰੋਜ਼ ਦੇ ਹਿਸਾਬ ਨਾਲ ਉਨ੍ਹਾਂ ਦੇ ਬੱਤੀ ਰੁਪਏ ਬਣੇ ਸਨ। ਪਰ ਸ਼ਾਮ ਨੂੰ ਜਦੋਂ ਬਾਬੂ ਨੇ ਉਹਦੀ ਹਥੇਲੀ 'ਤੇ ਸਾਰੇ ਬਾਈ ਰੁਪਏ ਰੱਖੇ ਉਹ ਹੱਕੀ ਬੱਕੀ ਰਹਿ ਗਈ। ਕਈ ਵਾਰ ਉਹਨੇ ਨੋਟ ਖੜਕਾ ਖੜਕਾ ਦੇਖੇ। ਕਿਤੇ ਉਸ ਨੂੰ ਭੁਲੇਖਾ ਨਾ ਲਗਿਆ ਹੋਵੇ। ਜਦੋਂ ਉਸ ਨੂੰ ਯਕੀਨ ਹੋ ਗਿਆ ਉਹਨੇ ਹਿੰਮਤ ਕਰਕੇ ਪੁੱਛ ਹੀ ਲਿਆ।

'ਕਿੰਨੇ ਆ ਜੀ ?'

'ਬਾਈ। ਵੀਹ ਤੇ ਦੋ। ਬਾਰਾਂ ਤੇਰੇ। ਦਸ ਕੁੜੀ ਦੇ।'

'ਜੀ ਸਾਡੇ ਪਿੰਡ ਦਾ ਮੁੰਡਾ ਆਖਦਾ ਸੀ ਤੀਹ ਤੇ ਦੋ ਬਣਨਗੇ।'

'ਜਾ ਜਾ ਠੀਕ ਨੇ। ਬੱਤੀ ਬੁਤੀ ਨੀ ਬਣਦੇ।'

'ਰੌਲਾ ਪਰਾਂ ਜਾ ਕੇ ਪਾਲੀਂ। ਹੋਰਾਂ ਨੇ ਵੀ ਘਰ ਜਾਣੈ।' ਉਹਦੇ ਪਿਛਲੀਆਂ ਰਉਲਾ ਪਾਉਣ ਲੱਗੀਆਂ।

'ਪਿੱਛੇ ਕਰੀਂ ਗੱਲ।' ਬਾਬੂ ਕੋਲ ਖੜੇ ਚਪੜਾਸੀ ਨੇ ਉਹਨੂੰ ਬਾਂਹ ਫੜ ਕੇ ਪਰਾਂ ਧੱਕ ਦਿੱਤਾ।

ਉਥੋਂ ਬਾਂਹ ਛੁਟੀ ਦਸੋ ਤੇ ਫੜ ਲਈ।

'ਹੁਣ ਕੀ ਰਉਲਾ ਪੈ ਗਿਆ ?'

'ਮੈਨੂੰ ਆਹ ਵੀਹ ਤੇ ਦੋ ਦਿੱਤੇ ਨੇ। ਮੈਂ ਹਿਸਾਬ ਲਵਾਇਆ ਸੀ ਉਹ ਆਖਦਾ ਸੀ ਤੀਹ ਤੇ ਦੋ ਬਣਨਗੇ।'

'ਬਾਬੂ ਕੀ ਆਖਦੈ ?'

'ਆਖਦੈ ਠੀਕ ਐ। ਇੰਨੇ ਈ ਬਣਦੇ ਨੇ ?'

'ਲਿਆ ਆਪਾਂ ਹਿਸਾਬ ਲਾਈਏ।' ਬੁੱਢੀ ਪਰਾਂ ਬੈਠ ਕੇ ਧਰਤੀ 'ਤੇ ਲਕੀਰਾਂ ਖਿਚਣ ਲੱਗੀ।

'ਠੀਕ ਲਗਦੇ ਕੁੜੇ ਮੈਨੂੰ ਤਾਂ।' ਕਾਫੀ ਚਿਰ ਖੋਭਲ ਕੇ ਬੁੱਢੀ ਨੇ ਹਿਸਾਬ ਲਾਇਆ।

'ਕਿਵੇਂ ਭਲਾ ਬੇਬੇ ? ਦੇਖ, ਚਾਰ ਵੀਰਵਾਰ ਦੇ ਮੇਰੇ, ਚਾਰ ਬੰਸੋ ਦੇ। ਹੋ ਗਏ ਅੱਠ। ਅੱਠ ਫੇਰ...'

'ਕਿੰਨੇ ਆਖੇ ਤੂੰ ? ਚਾਰ ਕਾਹਦੇ ? ਤਿੰਨ ਮਿਲਦੇ ਨੇ ਤੀਵੀਆਂ ਨੂੰ। ਤੇ ਢਾਈ ਕੁੜੀਆਂ...। ਤੈਨੂੰ ਚਾਰ ਕੀਹਨੇ ਆਖਿਐ ?'

ਇਸ ਵਾਰ ਕਰਤਾਰੋ ਤੋਂ ਰਿਹਾ ਨਾ ਗਿਆ। ਮਲੋ ਮਲੀ ਉਹਦੀਆਂ ਅੱਖਾਂ ਵਿਚ ਅੱਥਰੂ ਭਰ ਆਏ। 'ਜੰਗੀਰੋ ਨੇ।' ਰੋਣ ਹੱਕੀ ਹੋ ਕੇ ਉਹ ਮਸਾਂ ਬੋਲੀ।

'ਅੱਛਾ ! ਅੱਛਾ !! ਪਰ ਉਹਦਾ ਕੋਈ ਕਸੂਰ ਨੀ। ਜੇ ਤੂੰ ਪੁੱਛਦੀ ਮੈਂ ਵੀ ਇਉਂ ਈ ਆਖਦੀ। ਕਾਗਤਾਂ 'ਤੇ ਵੀ ਚਾਰ ਚੜ੍ਹਦੇ ਨੇ। ਬਾਕੀ ਦੇ ਇਹ ਰੱਖ ਲੈਂਦੇ ਨੇ। ਮੈਨੂੰ ਤਾਂ ਇਕ ਦਿਨ ਕਾਲਜ ਦੇ ਮੁੰਡਿਆਂ ਨੇ ਸਮਝਾਇਆ ਸੀ ਸਾਰਾ ਕੁਛ। ਭਾਈ ਜਿਵੇਂ ਮਰਜ਼ੀ ਕਰਨ। ਕੰਮ ਵਾਲੀਆਂ ਹਿਬੜ ਹਿਬੜ ਕਰਦੀਆਂ ਫਿਰਦੀਆਂ ਨੇ।' ਕਰਤਾਰੋ ਤੋਂ ਹੋਰ ਗੱਲ ਨਾ ਸੁਣੀ ਗਈ ਅਤੇ ਨਾ ਆਖੀ। ਚੁੱਪ ਕਰਕੇ ਉਠੀ ਤੇ ਘਰ ਨੂੰ ਤੁਰ ਪਈ। ਘਰ ਆ ਕੇ ਮੰਜੀ ਵਿਚ ਧੜੱਮ ਦੇਣੇ ਡਿਗ ਪਈ। ਅੱਜ ਪਹਿਲੀ ਵਾਰ ਸੀ ਜਦੋਂ ਉਹਨੂੰ ਆਪਣੇ ਅੰਗ ਅੰਗ ਵਿਚ ਦਰਦ ਮਹਿਸੂਸ ਹੋ ਰਿਹਾ ਸੀ।

22

ਦਸੀਂ ਪੰਦਰਾਂ ਦਿਨੀਂ ਜਦੋਂ ਵੀ ਚੌਧਰੀ ਖੇਤ ਗੇੜਾ ਮਾਰਦਾ, ਲੜ ਪਾ ਅੱਧ ਪਾ ਰੇੜੀਆਂ ਬੰਨ੍ਹ ਲੈਂਦਾ ਤੇ ਕੰਮਾਂ 'ਚ ਜੁਟੇ ਕੰਮੀਆਂ ਦੇ ਜਵਾਕਾਂ ਨੂੰ ਪਿੱਛੇ ਲਾ ਲੈਂਦਾ। ਉਹ ਬੋਹੜ ਹੇਠਾਂ ਜਾ ਬੈਠਦੇ। ਦੋ ਦੋ ਰੇੜੀਆਂ ਉਨ੍ਹਾਂ ਦੇ ਹੱਥਾਂ 'ਤੇ ਧਰਦਾ ਜਾਂਦਾ ਤੇ ਆਪਣੀ ਪੀੜ੍ਹੀਆਂ ਤੋਂ ਚਲੀ ਆ ਰਹੀ ਦੁਸ਼ਮਣੀ ਨੂੰ ਤਾਜ਼ਾ ਰੱਖਣ ਲਈ ਨਵੀਆਂ ਕਲਮਾਂ ਲਾਉਂਦਾ ਰਹਿੰਦਾ। ਜਵਾਕ ਜਿਹੇ ਨਾਲੇ ਰੇੜੀਆਂ ਚੱਬਦੇ ਜਾਂਦੇ ਤੇ ਨਾਲੇ ਚੌਧਰੀ ਨਾਲ ਹੁੰਗਾਰਾ ਭਰਦੇ। ਕਦੇ ਚੌਧਰੀ ਸ਼ਿੰਦੇ ਨੂੰ ਆਖਦਾ, 'ਓ ਮੁੰਡਿਆ ਤੈਨੂੰ ਪਤਾ ਤੇਰਾ ਪਿਓ ਕਿਵੇਂ ਮਰਿਆ ਸੀ ?'

'ਆਹੋ। ਓ ਹਰਨਾਮੀ ਦੇ ਪੁੱਤਾਂ ਨੇ...। ਉਨ੍ਹਾਂ ਦੀ ਮਾਂ ਦੀ....।'

'ਤੂੰ ਬੱਚੈਂ ਪੁੱਤਰਾ ਹਾਲੇ। ਜਦੋਂ ਵੱਡਾ ਹੋ ਗਿਆ ਫੇਰ ਤੈਨੂੰ ਸਾਰੀ ਗੱਲ ਸਮਝ ਆਊ। ਤੇਰਾ ਪਿਓ ਉਨ੍ਹਾਂ ਨੇ ਕਾਹਨੂੰ ਮਾਰਿਐ। ਉਨ੍ਹਾਂ ਦੀ ਭਲਾ ਤੇਰੇ ਪਿਓ ਨਾਲ ਕੀ ਦੁਸ਼ਮਣੀ ਸੀ। ਪੰਜਾਹ ਵਾਰ ਤਾਂ ਮੇਰੇ ਕੋਲੋਂ ਇਕੱਠੇ ਪੀ ਕੇ ਗਏ ਨੇ। ਇਕ ਵਾਰੀ ਦੋਨੋਂ ਇਕੱਠੇ ਆ ਗੇ। ਕਹਿੰਦੇ ਚੌਧਰੀਆ ਤੈਥੋਂ ਪੀ ਕੇ ਜਾਣੀ ਐਂ। ਮੈਂ ਆਖਿਆ ਭਾਈ ਪੀ ਲੋ। ਇਨ੍ਹਾਂ ਦਾ ਤਾਂ ਐਨਾ ਪਿਆਰ ਸੀ ਜਾਨ ਦਿੰਦੇ ਸੀ ਇਕ ਦੂਜੇ ਤੋਂ। ਬੜਾ ਭਲਾ ਸੀ ਬਈ ਤੇਰਾ ਪਿਓ। ਨਿਰੀ ਅਲਾ ਦੀ ਸਾਉ। ਇਕ ਦਿਨ ਤੈਨੂੰ ਲੈ ਆਇਆ ਹਵੇਲੀ। ਆਖੇ ਮੈਂ ਤੈਨੂੰ ਐਨਾਂ ਪੜ੍ਹਾਊਂ, ਆ ਬਨਾਊਂ। ਉਦੋਂ ਆਪਣਾ ਛੋਟਾ ਮੁੰਡਾ ਸਕੂਲ ਜਾਣ ਲੱਗਿਆ ਸੀ। ਕੀ ਪਤਾ ਸੀ ਵਿਚਾਰੇ ਦੀਆਂ ਗੱਲਾਂ ਪੂਰੀਆਂ ਨੀ ਹੋਣੀਆਂ। 'ਆਹੋ ਮੇਰੀ ਬੇਬੇ ਵੀ ਆਂਹਦੀ ਹੁੰਦੀ ਐ। ਮੇਰਾ ਵੀ ਬੜਾ ਜੀ ਕਰਦੈ ਪੜ੍ਹਨ ਨੂੰ....'

'ਜੀ ਤਾਂ ਕਰਨਾ ਹੋਇਆ। ਜੇ ਉਹ ਹੁੰਦਾ ਤੈਨੂੰ ਕਿਤੇ ਪੜ੍ਹਾਉਂਦਾ ਨਾ ? ਜ਼ਰੂਰ ਪੜ੍ਹਾਉਂਦਾ। ਇਕੋ ਇਕ ਤਾਂ ਮੁੰਡਾ ਸੀ ਉਹਦਾ। ਪਰ ਇਨ੍ਹਾਂ ਦੀ ਮਾਂ ਦੀ...। ਕੁੱਤਿਆਂ ਸਰਦਾਰਾਂ ਦੀ। ਮਰਵਾ ਤਾ ਵਿਚਾਰੇ ਨੂੰ...' ਚੌਧਰੀ ਨੇ ਇਵੇਂ ਠੰਡਾ ਹਉਕਾ ਭਰਿਆ ਜਿਵੇਂ ਜੇਠੇ ਪੁੱਤ ਦੇ ਮਰਨ ਦੀ ਗੱਲ ਯਾਦ ਆ ਗਈ ਹੋਵੇ।

'ਸਰਦਾਰ ਨੇ ਕਾਹਨੂੰ ਮਾਰਿਐ। ਉਹ ਤਾਂ ਹਰਨਾਮੀ ਦੇ ਮੁੰਡਿਆਂ ਦੀ ਭੈਣ ਦੇ...'

'ਉਏ ਮੁੰਡਿਆ ਤੂੰ ਨਹੀਂ ਸਮਝਦਾ ਇਨ੍ਹਾਂ ਚਾਲਾਂ ਨੂੰ। ਤੈਨੂੰ ਮੈਂ ਆਖਿਆ ਉਹ ਪੱਗ ਵਟ ਭਰਾ ਸੀ। ਜਿੱਦਣ ਕਾਰਾ ਹੋਇਆ ਓਦਣ ਵੀ ਇਕੱਠੇ ਪੀ ਕੇ ਗਏ ਸੀ। ਇਹ ਤਾਂ ਸਾਰੀ ਸਰਦਾਰ ਦੀ ਕਾਰਸਤਾਨੀ ਸੀ। ਉਸ ਦਾ ਕੀ ਰੌਲਾ ਸੀ ? ਤੇਰੇ ਪਿਓ ਦੀ ਜ਼ਮੀਨ ਤਾਂ ਸੀ ਭਲਾ। ਹਰਨਾਮੀ ਦੇ ਪੁੱਤਾਂ ਦੇ ਕਿਹੜੇ ਵਿਸਵੇ ਸੀ। ਉਹਨੇ ਇਹੋ ਜੀ ਚੁੱਕ ਦਿੱਤੀ ਤੇਰੇ ਪਿਓ ਨੂੰ ਪਾਣੀ ਵੱਢਣ ਈ ਨਾ ਦਿੱਤਾ। ਬਥੇਰਾ ਤੇਰੇ ਪਿਓ ਨੇ ਸਮਝਾਇਆ। ਨਾ ਮੰਨੇ। ਗੱਲ ਕੀ ਸਰਦਾਰ ਦੀ ਇਹੋ ਜਿਹੀ ਚੁੱਕ ਸੀ ਬਸ ਗਲ ਵੱਢ ਕੇ ਦਮ ਲਿਆ। ਪਿਛੋਂ ਰੋਣ ਪਏ। ਆਖਣ ਸਰਦਾਰ ਨੇ ਅਨਰਥ ਕਰਾ ਤਾ। ਨਾਲੇ ਆਪ ਹੁਣ ਬੰਨੇ ਬੈਠੇ ਨੇ।

ਭਾਵੇਂ ਕੁਛ ਐ ਮਾਰਿਆ ਤਾਂ ਉਨ੍ਹਾਂ ਨੇ ਐ....'

'ਜ਼ਿਆਦਾ ਕਸੂਰ ਭਾਈ ਉਨ੍ਹਾਂ ਦਾ ਹੁੰਦੈ ਜਿਹੜਾ ਚੁੱਕ ਦੇਵੇ। ਹੁਣ ਉਹ ਤਾਂ ਸਰਦਾਰ ਦੇ ਮੁਜਾਰੇ ਹੋਏ, ਜਿਵੇਂ ਕਹੇ ਕਰਨਗੇ। ਇਹਦਾ ਅਸਲੀ ਕਸੂਰਵਾਰ ਤਾਂ ਉਹੋ ਐ।'

'ਹੱਛਾ !'

'ਆਹ।'

ਜੇ ਕਦੇ ਹਰਨਾਮੀ ਦੇ ਪੋਤੇ ਮਿਲ ਜਾਂਦੇ ਉਨ੍ਹਾਂ ਨੂੰ ਫੜ ਕੇ ਬਹਾ ਲੈਂਦਾ।

'ਕਿੰਨਾ ਚਿਰ ਰਹਿ ਗਿਆ ਉਏ ਮੁੰਡਿਉ ਸੋਡੇ ਬਾਪੂਆ ਦੇ ਆਉਣ 'ਚ ?'

'ਬਸ ਸਾਲ ਕੁ ਰਹਿ ਗਿਆ।'

'ਲੈ ਜਿਥੇ ਇੰਨੇ ਸਾਲ ਲੰਘ ਗੇ ਇਹ ਵੀ ਆਇਆ ਕਿੰਨੀ ਭੈੜੀ ਹਾਲਤ ਹੋ ਗੀ ਸੋਡੀ ਪਿਛੋਂ। ਰੰਗ ਲੱਗੇ ਪਏ ਸੀ। ਸੋਡੇ ਨਿਆਣਿਆਂ ਸਿਰ ਪੈ ਗਈ ਸਾਰੀ ਕਬੀਲਦਾਰੀ। ਹਾਲੇ ਤਾਂ ਕਿਸਮਤ ਨਾਲ ਸੋਡਾ ਤਾਇਆ ਬਚ ਗਿਆ। ਜੇ ਕਿਤੇ ਉਹ ਵੀ ਨੁੜਿਆ ਜਾਂਦਾ, ਪਤਾ ਨੀਂ ਹੁਣ ਨੂੰ ਤੁਸੀਂ ਕਿਧਰ ਰੁਲਦੇ ਫਿਰਦੇ।'

'ਦੇਖੀ ਜਾਂਦੀ। ਆਪੇ ਲਿਆ ਸੀ ਪੰਗਾ। ਕੀ ਲੋੜ ਸੀ ਭਲਾ ?'

'ਪੁੱਤਰੋ ਨਿਆਣੇ ਓ ਤੁਸੀਂ। ਜੇ ਲਿਖੀ ਐ ਬਣ ਕੇ ਰਹਿੰਦੀ ਐਂ। ਉਨ੍ਹਾਂ ਦਾ ਦਿਲ ਕਰਦਾ ਸੀ ਸੋਨੇ ਵਰਗੇ ਪੁੱਤਰਾਂ ਨੂੰ ਛੱਡ ਕੇ ਕਾਲ ਕੋਠੜੀਆਂ ਵਿਚ ਰਹਿਣ ਦਾ। ਇਹ ਜਿਹੜਾ ਸਰਦਾਰ ਇਹਨੇ ਕਰਾਏ ਸਾਰੇ ਕਾਰੇ। ਉਨ੍ਹਾਂ ਦੀ ਦੋਸਤੀ ਪਿੰਡ 'ਚ ਮਸ਼ਹੂਰ ਸੀ। ਪਹਿਲਾਂ ਤਾਂ ਲੋਕਾਂ ਨੂੰ ਯਕੀਨ ਏ ਨਾ ਆਵੇ। ਆਖਣ ਹੋ ਈ ਨੀ ਸਕਦਾ। ਪਹਿਲਾਂ ਤਾਂ ਇਹ ਵੀ ਫੜਾਂ ਮਾਰਦਾ ਸੀ, ਆਥਨ ਨੂੰ ਛੁਡਾ ਲਿਆਊਂ। ਫੇਰ ਇਕ ਦਿਨ ਪਿਛੇ ਵੀ ਨਾ ਗਿਆ। ਕਾਹਨੂੰ ਸੋਡੇ ਸਿਰ ਕਰਜ਼ੇ ਚੜ੍ਹਦੇ। ਫੇਰ ਹੋਰ ਦੇਖ ਲੈ ਰਹਿੰਦੀ ਖੂੰਹਦੀ ਕੁਰਕੀ ਕਰਾ ਤੀ। ਚਾਰ ਪੈਸੇ ਮੁਕੱਦਮੇ ਤੇ ਲਾ ਤੇ ਸੀ ਫਾਹਾ ਤਾ ਨੀਂ ਸੀ ਆ ਗਿਆ। ਪਤਾ ਨੀਂ ਕਿਹੋ ਜਿਹੇ ਦਿਨ ਆ ਗੇ। ਰੱਬ ਭਲੀ ਕਰੇ।'

'ਕੋਈ ਨੀਂ ਜੀ ਕਦੇ ਸਾਡੇ ਦਿਨ ਵੀ ਆਉਣਗੇ। ਆ ਜਾਣ ਦਿਉ ਉਨ੍ਹਾਂ ਨੂੰ। ਸਮਝਾਂਗੇ ਕਦੇ ਇਸ ਵਿਹੁ ਦੀ ਗੰਦਲ ਨਾਲ ਵੀ।'

ਦੂਸਰੇ ਮੂੰਹੋਂ ਆਪਣੇ ਦਿਲ ਦੀ ਗੱਲ ਸੁਣ ਕੇ ਉਹ ਬੜਾ ਖ਼ੁਸ਼ੀ ਹੁੰਦਾ। ਬਾਕੀ ਬਚਦੀਆਂ ਸਾਰੀਆਂ ਰੇੜੀਆਂ ਉਨ੍ਹਾਂ ਨੂੰ ਫੜਾ ਕੇ ਕਿਸੇ ਹੋਰ ਨਾਲ ਗੱਲ ਤੋਰਦਾ।

'ਸੋਡਾ ਕਿਵੇਂ ਚਲਦੈ ਭਾਈ ਰੋਟੀ ਟੁੱਕ ਦਾ ? ਕੁੜੀ ਲਾਹ ਲੈਂਦੀ ਹੋਣੀ ਐਂ ?'

'ਮਾਰ ਏ ਲੈਂਦੀ ਐ ਹੱਥ ਪੈਰ ਜੇ। ਪਰ ਰੋਟੀ ਤਾਂ ਬਾਪੂ ਏ ਲਾਹੁੰਦੈ।'

'ਕਿੰਨਾ ਔਖਾ ਹੋ ਗਿਆ ਜਿੰਦ ਕੁਰ ਦੇ ਮਰਨ ਨਾਲ ਸੋਨੂੰ। ਪਰ ਤੀਵੀਂ ਉਹ ਅਣਖ ਵਾਲੀ ਸੀ। ਉਹ ਕਾਹਦੀ ਤੀਵੀਂ ਹੋਈ, ਜਿਸ ਦੀ ਇੱਜ਼ਤ ਨਾ ਹੋਵੇ। ਮਜਾਲ ਸੀ ਕੋਈ ਝਾਕ ਜਾਂਦਾ। ਦੇਖੀ ਐ ਤੂੰ ?'

'ਸੁਰਤ ਨੀਂ ਮੈਨੂੰ ਤਾਂ।'

'ਲੈ ਸੱਚ ਤੂੰ ਕਿਵੇਂ ਦੇਖ ਲੀ। ਤੂੰ ਤਾਂ ਮਾੜਾ ਜਿਹਾ ਸੀ। ਸੌਹਰੀ ਨੇ ਇਹੋ ਜੀ ਨਮੋਸ਼ੀ ਖਾਧੀ ਜਾਨ ਏ ਦੇ ਤੀ। ਠੀਕ ਐ ਭਾਈ ਜੱਟੀ ਸੀ। ਕਿਵੇਂ ਝਲਦੀ ਐ ਸ਼ਰੀਕ ਦੀ। ਤੈਨੂੰ ਤਾਂ ਪਤਾ ਈ ਹੋਣੈ ਗੱਲ ਦਾ ?'
'ਨਾ ਜੀ।'

'ਤੈਨੂੰ ਕੀ ਪਤਾ ਹੋਣੈ। ਲੈ ਤੂੰ ਹੁਣ ਕਿਹੜਾ ਨਿਆਣੈ। ਤੇਰਾ ਪਿਓ ਤਾਂ ਚੁੱਪ ਕਰ ਗਿਆ। ਹੋਰ ਵਿਚਾਰਾ ਕਰਦਾ ਵੀ ਕੀ। ਤੁਸੀਂ ਨਿਆਣੇ ਸੀ। ਪਰ ਜੱਟ ਦੇ ਪੁੱਤ ਕਦੇ ਬਦਲਾ ਲਏ ਬਿਨਾਂ ਹਟਦੇ ਨੇ। ਹੁਣ ਉਹ ਤਾਂ ਬੁੜਾ ਹੋ ਗਿਆ।

ਤੂੰ ਉਡਾਰ ਐਂ। ਤੁਹੀਂ ਕਰੇਂਗਾ ਕੋਈ ਉਪਰਾਲਾ। ਉਨਾ ਚਿਰ ਤੇਰੀ ਬੇਬੇ ਦੀ ਰੂਹ ਨੂੰ ਚੈਨ ਨੀ ਮਿਲਣਾ। ਭੜਕਦੀ ਹੋਣੀ ਐਂ ਵਿਚਾਰੀ।'

'ਆਪਾਂ ਕਾਹਦਾ ਬਦਲਾ ਲੈਣਾ ?'

'ਕਾਹਦਾ ਬਦਲਾ ? ਤੈਨੂੰ ਨੀਂ ਪਤਾ ? ਤੇਰੇ ਬਾਪੂ ਨੇ ਨੀਂ ਦੱਸਿਆ ? ਤੈਨੂੰ ਨੀਂ ਪਤਾ ਤੇਰੀ ਬੇਬੇ ਨੇ ਖੂਹ 'ਚ ਛਾਲ ਕਿਉਂ ਮਾਰੀ ਸੀ ? ਓਏ ਪੁੱਤਰਾ ਹੁਣ ਤੈਨੂੰ ਮੈਂ ਕਿਵੇਂ ਦੱਸਾਂ। ਮੈਨੂੰ ਦੱਸਦੇ ਨੂੰ ਸ਼ਰਮ ਆਉਂਦੀ ਐ, ਉਹਨੂੰ ਕਰਦੇ ਨੂੰ ਨੀ ਆਈ। ਸਰਦਾਰ ਨੇ ਇਕ ਦਿਨ ਹੱਥ ਪਾ ਲਿਆ ਸੀ, ਭਾਈ ਤੇਰੀ ਅਣਖੀਲੀ ਮਾਂ ਨੂੰ। ਪਰ ਜਿਹੜੀਆਂ ਹੋਣ ਬੇਸ਼ਰਮ ਉਨ੍ਹਾਂ ਦਾ ਕੀ ਕਹਿਣਾ। ਸ਼ਰਮ ਆਲੀ ਪਿਛੇ ਨੀਂ ਹਟਦੀ। ਜਿਹੜਾ ਬੱਠਲ ਮਿੱਟੀ ਦਾ ਸਿਰ 'ਤੇ ਸੀ ਉਹਨੇ ਸਰਦਾਰ ਦੇ ਸਿਰ 'ਚ ਮਾਰਿਆ। ਸਰਦਾਰ ਦੇ ਲਹੂ ਦੀਆਂ ਤਤੀਰੀਆਂ ਪੈਣ। ਡਰਦੀ ਮਾਰੀ ਨੇ ਖੂਹ ਜਾਨ ਦੇ ਤੀ ਜਾ ਕੇ। ਆਹ ਆ ਅਸਲੀ ਗੱਲ। ਹੋਰ ਉਹਨੂੰ ਕੀ ਝੱਲ ਸੀ, ਚੰਨ ਵਰਗੇ ਜਵਾਕਾਂ ਨੂੰ ਛੱਡ ਕੇ ਖੂਹ ਖਾਤਾ ਗੰਦਾ ਕਰਨ ਦੀ|'

ਸਾਰਾ ਸਾਰਾ ਦਿਨ ਮਰਿਆਂ ਖਪਿਆਂ ਨਾਲ ਨਵੀਆਂ ਨਵੀਆਂ ਤੇ ਝੂਠੀਆਂ ਕਹਾਣੀਆਂ ਜੋੜਦਾ ਚੌਧਰੀ ਭੋਲੇ ਭਾਲੇ ਜਵਾਕਾਂ ਵਿਚ ਨਫ਼ਰਤ ਪੈਦਾ ਕਰਦਾ ਰਹਿੰਦਾ।

'ਤੂੰ ਨਵਾਂ ਕੁੜਤਾ ਨੀਂ ਪਾਇਆ ? ਸੀਤਾ ਨੀਂ ਹਾਲੇ ?'

'ਉਹ ਤਾਂ ਬੇਬੇ ਨੇ ਬੰਸੋ ਦਾ ਬਨਾ ਤਾ। ਮੇਰੇ ਇਸ ਤੇ ਲਾ ਤੀ ਟਾਕੀ। ਆ ਸੀ।'

'ਉਹਦੇ ਕੋਲੇ ਵਿਚਾਰੀ ਕੋਲੇ ਹੋਣਾ ਨੀਂ| ਓਏ ਰੱਬਾ ! ਇਹ ਕਿਥੇ ਜਾ ਕੇ ਭਰੂ ? ਕਿਹੜਾ ਘਰ ਐ ਜਿਹੜਾ ਇਹਨੇ ਖਰਾਬ ਨੀਂ ਕੀਤਾ। ਕੋਈ ਨੀਂ ਪੁੱਤਰਾ ਹੋਰ ਬਥੇਰੇ ਤੈਨੂੰ।'

ਜੈਲੇ ਨੇ ਚੰਗਾ ਆਖ ਕੇ ਸਿਰ ਹਲਾਇਆ, ਭਾਵੇਂ ਉਹਨੂੰ ਪਤਾ ਸੀ ਇਹ ਕੱਲ੍ਹ ਕਦੇ ਵੀ ਨਹੀਂ ਆਉਣੀ|

'ਜੇ ਕਦੇ ਬਲਦੇਵ ਸਿਉਂ ਨਾ ਮਰਦਾ ਆ ਦਿਨ ਕਦੇ ਵੀ ਨਾ ਆਉਂਦੈ। ਤੇਰਾ ਪਿਓ ਬੜਾ ਵਧੀਆ ਕਾਮਾ ਸੀ। ਵੀਹ ਸਾਲ ਉਹਨੇ ਮੇਰੇ ਖੇਤਾਂ 'ਚ ਏਂ ਕੱਟੇ ਸੀ। ਜਿਹੜੇ ਕੰਮ ਨੂੰ ਪੈ ਗਿਆ ਬਸ ਪੈ ਗਿਆ। ਮਜਾਲ ਐ ਵਿਚਾਲੇ ਰਹਿ ਜੇ। ਇਕ ਵਾਰੀ ਸਾਨੂੰ ਪਾਣੀ ਨਾ ਮਿਲਿਆ। ਸਾਰੀ ਰਾਤ ਇਕੱਲੇ ਨੇ ਹੀ ਹਲਟ ਦਾ ਗੇੜਾ ਨਹੀਂ ਖਲੋਣ ਦਿੱਤਾ। ਸਵੇਰ ਨੂੰ, ਅੱਧੇ ਕਿਆਰੇ ਰਸਾ ਤੇ। ਪਰ ਇਹ ਜਿਹੜਾ ਸਪੋਲੀਐ ਇਹਨੇ ਇਹੋ ਜੀ ਪੁੱਠੀ ਪੜ੍ਹਾਈ ਜਾਨ ਲੈ ਕੇ ਛੱਡੀ।'

ਹੈਰਾਨੀ ਨਾਲ ਮੂੰਹ ਅੱਡੀ ਜੈਲਾ ਚੌਧਰੀ ਦੇ ਚਿਹਰੇ 'ਤੇ ਬਦਲਦੇ ਰੰਗ ਦੇਖਦਾ ਰਹਿੰਦਾ। ਜੈਲੇ ਦੇ ਲਾਲ ਚਿਹਰੇ ਨੂੰ ਦੇਖ ਕੇ ਚੌਧਰੀ ਆਪਣੇ ਭਾਸ਼ਣ ਦੀਆਂ ਤੰਦਾਂ ਹੋਰ ਕੱਸ ਦਿੰਦਾ।

'ਮੈਂ ਬਥੇਰਾ ਅੰਦਰ ਵੜ ਕੇ ਸਮਝਾਇਆ। ਪਰ ਪਤਾ ਨੀ ਇਹਨੇ ਉਹਦੇ ਸਿਰ 'ਚ ਕੀ ਘੋਲ ਕੇ ਪਾਇਆ ਇਉਂ ਈ ਪਤਾ ਲੱਗਿਆ ਜਦੋਂ ਉਹਦੇ ਖੇਤਾਂ ਨੂੰ ਤੁਰ ਗਿਆ। ਇਹ ਬੜਾ ਪਤੇਬਾਜ ਬੰਦੈ। ਇਕ ਵਾਰ ਪਤਾ ਲਗਿਆ ਇਹਨੂੰ ਬਈ ਬਲਦੇਵ ਫੇਰ ਚੌਧਰੀਆਂ ਦੇ ਚਲਿਐ। ਹੱਥ 'ਤੇ ਚੜ੍ਹਾ ਕੇ ਸਾਡੇ ਪਿੜਾਂ ਨੂੰ ਅੱਗ ਲਵਾ ਤੀ। ਬਸ ਫਸ ਗਿਆ ਵਿਚਾਰਾ। ਮੁੜ ਕੇ ਜਦੋਂ ਵੀ ਸਾਡੇ ਕਨੀ ਆਉਣ ਲਈ ਆਖਿਆ ਉਹ ਝੱਟ ਧਮਕਾ ਦਿੰਦਾ। ਛੋਟੀ ਹੁੰਦੀ ਤੇਰੀ ਬੇਬੇ ਬੜੀ ਸੋਹਣੀ ਸੀ। ਸਰਦਾਰ ਕੰਜਰ ਐ ਪੱਕਾ। ਕਿਸੇ ਧੀ ਭੈਣ ਨੂੰ ਨੀਂ ਛੱਡਦਾ। ਇਕ ਦਿਨ ਤੇਰੀ ਬੇਬੇ ਨਾਲ ਪੰਗਾ ਲੈ ਬੈਠਾ। ਉਹਨੇ ਇਹੋ ਜੀ ਕੀਤੀ ਰਹੇ ਰੱਬ ਦਾ ਨਾਂਅ। ਉਦਨ ਦੀ ਇਹਨੂੰ ਅੱਗ ਲੱਗ ਗੀ। ਬਸ ਪੁੱਤਰ ਜੀ ਇਹ ਸਾਰੇ ਪੁਆੜੇ ਉਸੇ ਗੱਲ ਦੇ ਨੇ। ਮੇਰੇ ਕੋਲੇ ਤਾਂ ਤੇਰੀ ਬੇਬੇ ਦਿਲ ਫੋਲ ਲੈਂਦੀ ਐ। ਤੂੰ ਨਿਆਣੈ ਤੈਨੂੰ ਕੀ ਆਖੇ। ਜਦੋਂ

ਤੇਰੀ ਬੇਬੇ ਉਹਦੇ ਹੱਥ ਨਾ ਆਈ ਉਹਨੇ ਤੇਰੇ ਬਾਪੂ ਨੂੰ ਨਸ਼ਾ ਲਾ ਤਾ। ਦਿਲ 'ਚ ਬੇਈਮਾਨੀ ਸੀ, ਨਸ਼ਈ ਹੋਇਆ ਨਿਕਾਰਾ ਹੋ ਜੂ ਉਹ ਦਿਲ ਆਈਆਂ ਕਰੂ। ਹੋਇਆ ਵੀ ਇਵੇਂ। ਦਿਨਾਂ 'ਚ ਤੇਰਾ ਬਾਪੂ ਕੌਡੀ ਦਾ ਨਾ ਰਿਹਾ। ਨਸ਼ੇ ਕਿਤੇ ਛਡਦੇ ਨੇ ਬੰਦੇ ਨੂੰ। ਪਰ ਉਹ ਤਾਂ ਪਿੰਡ ਫਿਰਦੇ ਨੂੰ ਵੀ ਨਾ ਜਰ ਸਕਿਆ। ਉਹ ਵੀ ਕੰਮ ਮੁਕਾ ਤਾ। ਪਤਾ ਨੀਂ ਕਿਹੜੇ ਹਾਲੀਂ ਮਰਵਾਇਆ ?'

ਚੌਧਰੀ ਨੇ ਇਹ ਕਹਾਣੀ ਕਈ ਵਾਰ ਸੁਣਾਈ ਸੀ। ਹਰ ਵਾਰ ਜੈਲੇ ਦਾ ਅੰਗ ਅੰਗ ਭੱਖ ਉਠਿਆ ਸੀ। ਹਰ ਵਾਰ ਉਹ ਅੱਗ ਭਬੂਲਾ ਹੋ ਕੇ ਇਕੋ ਗੱਲ ਆਖਦਾ।

'ਮੈਂ ਆਪਣੇ ਬਾਪੂ ਦਾ ਬਦਲਾ ਜ਼ਰੂਰ ਲਊਂ। ਉਹਨੇ ਮੇਰੇ ਬਾਪੂ ਨੂੰ ਮਾਰਿਐ। ਮੈਂ ਆਪਣੀ ਅੱਖੀਂ ਦੇਖਿਐ।

ਉਸ ਦਿਨ ਜੀਪ 'ਚ। ਮੇਰੇ ਥੱਪੜ ਮਾਰੇ ਮੇਰੇ... ਪੁੱਤਾਂ ਨੇ। ਮੈਨੂੰ ਵੱਡਾ ਤਾਂ ਹੋ ਜਾਣ ਦੇ ਮੈਂ ਉਨ੍ਹਾਂ ਦੀ...।'

'ਉਹੋ ਅਸਲੀ ਪੁੱਤ ਕਹਾਉਣ ਦਾ ਹੱਕਦਾਰ ਐ, ਜਿਹੜਾ ਪਿਓ ਦਾ ਬਦਲਾ ਲਵੇ। ਦੂਜੇ ਕੀ ਅੱਗ ਲਾਉਣੇ ਨੇ। ਸ਼ੇਰਨੀ ਦਾ ਤਾਂ ਇਕੋ ਹੁੰਦੈ।'

'ਉਹੋ ਅਸਲੀ ਪੁੱਤ ਕਹਾਉਣ ਦਾ ਹੱਕਦਾਰ ਐ, ਜਿਹੜਾ ਪਿਓ ਦਾ ਬਦਲਾ ਲਵੇ। ਦੂਜੇ ਕੀ ਅੱਗ ਲਾਉਣੇ ਨੇ। ਸ਼ੇਰਨੀ ਦਾ ਤਾਂ ਇਕੋ ਹੁੰਦੈ।'

'ਮੈਨੂੰ ਗੰਡਾਸਾ ਲਿਆ ਕੇ ਦੇਈਂ। ਮੈਂ....'

'ਉਹ ਵੀ ਲਿਆਵਾਂਗੇ। ਲੈ ਉਹਨੇ ਸੋਡੀ ਬੁੜੀ ਕਿਹੜਾ ਮਾਰੀ ਨੀ। ਕੀ ਹੋਇਆ ਸੀ ਉਹਨੂੰ। ਬਲਦੇਵ ਦਾ ਇਹੋ ਜਾ ਗ਼ਮ ਲਾਇਆ ਬਸ ਹੱਡਾਂ ਦੇ ਨਾਲ ਗਿਆ।'

'ਆਹੋ ਵੱਡੀ ਬੇਬੇ ਵੀ ਆਖਿਆ ਕਰਦੀ ਸੀ, ਇਸੇ ਨੇ ਮਰਵਾਇਐ ਮੇਰਾ ਬਾਪੂ।'

ਸ਼ਾਮਾਂ ਢਲੀਆਂ ਤਕ ਬੈਠਾ ਚੌਧਰੀ ਕਹਾਣੀਆਂ ਛੇੜੀ ਰੱਖਦਾ। ਜਦ ਹਰ ਇਕ ਨਫ਼ਰਤ ਨਾਲ ਭਰ ਜਾਂਦਾ ਤੇ ਇਹ ਨਫ਼ਰਤ ਸਰਦਾਰ ਨੂੰ ਕੱਢੀਆਂ ਜਾਂਦੀਆਂ ਗਾਲ੍ਹਾਂ ਵਿਚੋਂ ਟਪਕਨ ਲੱਗਦੀ, ਉਹ ਹੌਲੇ ਜਿਹੇ ਉਠਦਾ ਤੇ ਆਪਣੀ ਖੂੰਡੀ ਨੂੰ ਸਾਂਭਦਾ ਤੁਰਦਾ ਬਣਦਾ।

ਉਸ ਦੀਆਂ ਜ਼ਹਿਰੀ ਗੱਲਾਂ ਦਾ ਅਸਰ ਕੰਮੀ ਮੁੰਡਿਆਂ 'ਤੇ ਕਈ ਦਿਨ ਜ਼ੋਰਾਂ ਤਕ ਰਹਿੰਦਾ। ਦਿਨ ਵਿਚ ਕਈ ਕਈ ਮਹਿਫ਼ਲਾਂ ਲਾਉਂਦੇ। ਘੰਟਿਆਂ ਬੱਧੀ ਸੋਚਦੇ। ਹਰ ਵਾਰ ਇਕੋ ਨਤੀਜੇ 'ਤੇ ਪੁੱਜਦੇ ਕਿ ਉਨ੍ਹਾਂ ਦੇ ਦੁੱਖਾਂ ਦਾ ਜੇ ਕੋਈ ਕਾਰਨ ਸੀ ਤਾਂ ਸਰਦਾਰ। ਇਸ ਕੋਹੜ ਦੀ ਜੜ੍ਹ ਪੁੱਟਣ ਲਈ ਸੈਂਕੜੇ ਮਨਸੂਬੇ ਬਣਦੇ। ਸੈਂਕੜੇ ਝੂਠੀਆਂ ਲੜਾਈਆਂ ਰਾਹੀਂ ਅਭਿਆਸ ਹੁੰਦਾ।

ਅੱਠਾਂ ਦਸਾਂ ਦਿਨਾਂ ਬਾਅਦ ਜਦੋਂ ਇਨ੍ਹਾਂ ਗੱਲਾਂ ਦਾ ਜੋਸ਼ ਕੁਝ ਮੱਠਾ ਪੈਣ ਲੱਗਦਾ, ਚੌਧਰੀ ਫੇਰ ਗੇੜ੍ਹਾ ਮਾਰਦਾ। ਉਨ੍ਹਾਂ ਦੇ ਦਿਲਾਂ ਵਿਚ ਬਲਦੀ ਅੱਗ ਫੇਰ ਭਾਂਬੜ ਬਣ ਕੇ ਮਚ ਉਠਦੀ।

23

ਖੰਘੂਰੇ ਮਾਰਦਾ ਭੇਰੂ ਜਦੋਂ ਅੰਦਰ ਵੜਿਆ ਕਰਤਾਰੋ ਖੇਸ ਤਾਣੀ ਲੰਮੀ ਪਈ ਸੀ। ਉਹ ਸਵੇਰ ਤੋਂ ਉਦਾਸ ਸੀ। ਜਿਹੜੇ ਵੀ ਕੰਮ ਨੂੰ ਹੱਥ ਪਾਉਂਦੀ ਸਿਰੇ ਨਾ ਚੜ੍ਹਦਾ। ਅੱਕ ਕੇ ਉਹਨੇ ਮੰਜੀ ਮੱਲ ਲਈ ਸੀ। ਘਬਰਾਈ ਬੰਸੋ ਬਿੰਦੇ ਝਟੇ ਉਹਦੇ ਹੱਥ ਪੈਰ ਟੋਹਦੀ। ਪਰ ਕੁਝ ਨਹੀਂ ਆਖ ਕੇ ਉਹ ਹਰ ਵਾਰ ਬੰਸੋ ਨੂੰ ਟਾਲ ਦਿੰਦੀ। ਉਂਝ ਉਸ ਨੂੰ ਹੋਇਆ ਕੁਝ ਵੀ ਨਹੀਂ ਸੀ। ਪਰ ਜਿਸ ਦਿਨ ਉਸ ਦੇ ਪਿੰਡੇ ਨੂੰ ਤ੍ਰੇਲੀ ਆਉਂਦੀ ਕੁਝ ਨਾ ਕੁਝ ਮਾੜਾ ਵਾਪਰਦਾ ਸੀ। ਇਹੋ ਜਿਹਾ ਹੀ ਉਹ ਦਿਨ ਸੀ ਜਦੋਂ ਬਲਦੇਵ ਥਾਣੇ ਗਿਆ ਸੀ ਤੇ ਮੁੜ ਅੱਜ ਤੱਕ ਵਾਪਸ ਨਹੀਂ ਸੀ ਆਇਆ। ਉਹ ਵੀ ਇਹੋ ਜਿਹਾ ਹੀ ਦਿਨ ਸੀ ਜਦੋਂ ਘਰੋਂ ਚੰਗੀ ਭਲੀ ਗਈ ਬੁੱਢੀ ਦੀ ਆਥਨ ਨੂੰ ਲੋਥ ਘਰੇ ਮੁੜੀ ਸੀ। ਤੇ ਉਸ ਦਿਨ ਵੀ ਉਹਦੀ ਇਹੋ ਜਿਹੀ ਹੀ ਹਾਲਤ ਸੀ ਜਦੋਂ ਬੰਸੋ ਦੀ ਚੌਧਰੀਆਂ ਦੇ ਕਾਕੇ ਨਾਲ ਝਪਟ ਹੋਈ ਸੀ। ਕਈ ਵਾਰ ਕਰਤਾਰੋ ਨੇ ਇਹਨਾਂ ਭਰਮਾਂ ਤੋਂ ਖਹਿੜਾ ਛੁਡਾਉਣ ਦਾ ਯਤਨ ਕੀਤਾ ਪਰ ਹਰ ਵਾਰ ਉਹ ਹੋਰ ਉਲਝ ਜਾਂਦੀ।

ਭੇਰੂ ਦੇ ਖੰਘੂਰੇ ਨਾਲ ਉਹ ਉਠ ਕੇ ਬੈਠ ਗਈ। ਭੇਰੂ ਨੂੰ ਦੇਖਦਿਆਂ ਹੀ ਉਸ ਦਾ ਮੱਥਾ ਠਨਕਿਆ। ਅੱਗੇ ਨਾ ਪਿੱਛੇ ਭੇਰੂ ਕਦੇ ਉਹਨਾਂ ਦੇ ਘਰੇ ਨਹੀਂ ਸੀ ਆਇਆ। ਭੇਰੂ ਦੀ ਭੈਣ ਸ਼ਿੰਦਰ ਤੇ ਕਰਤਾਰੋ ਦਾ ਬਚਪਨ ਦਾ ਸੁਹੇਲਪੁਨਾ ਸੀ। ਇਸ ਲਈ ਭੇਰੂ ਉਹਦੇ ਨਾਲ ਭੈਣਾਂ ਵਰਗਾ ਮੋਹ ਕਰਦਾ ਸੀ। ਕਿਸ ਆਫਤ ਦਾ ਉਹ ਪੈਗਾਮ ਲੈ ਕੇ ਆਇਆ ਹੈ ਇਹ ਪੁੱਛਣ ਦੀ ਕਰਤਾਰੋ ਦੀ ਹਿੰਮਤ ਨਹੀਂ ਸੀ ਪੈ ਰਹੀ। ਚੁੱਪ ਚਾਪ ਉਹ ਭੇਰੂ ਦੀਆਂ ਡਰੀਆਂ ਅੱਖਾਂ ਵਿਚ ਦੇਖਦੀ ਰਹੀ।

ਤੈਨੂੰ ਆਪਣੀ ਸਮਝ ਕੇ ਇਕ ਗੱਲ ਆਖਣ ਆਇਆਂ ਭਾਈ ਮੈਂ ਸੁਣਿਐ। ਸੁਣਿਆ ਕੀ ਐ ਦੇਖਿਆ ਕਿ ਸਰਦਾਰ ਸੋਡੀ ਇੱਜ਼ਤ ਲੁੱਟਣ ਨੂੰ ਫਿਰਦੈ। ਬੰਤੇ ਤੇ ਸ਼ੇਰੂ ਦੋਹਾਂ ਨੂੰ ਹਵਾ ਦੇਣ ਲਗਿਆ ਪਿਆ ਸੀ। ਮੈਂ ਆਖਿਆ ਜਿਹੀ ਸਿੰਦਰ ਤੇਹੀ ਕਰਤਾਰੋ। ਕੰਨਾ ਸੇਰੀ ਕਰ ਆਵਾਂ|

ਮੰਜੇ ਦੇ ਪੈਂਦੀ ਬੈਠਦਿਆਂ ਆਪੇ ਭੇਰੂ ਨੇ ਗੱਲ ਤੋਰੀ।

ਕਰਤਾਰੋ ਦਾ ਮੰਜਾ ਜਿਵੇਂ ਘੁੰਮਣ ਘੇਰੀਆਂ ਖਾਣ ਲੱਗਿਆ। ਕਰਤਾਰੋ ਨੇ ਘੁੱਟ ਕੇ ਮੰਜੇ ਦੀਆਂ ਬਾਹੀਆਂ ਨੂੰ ਹੱਥ ਪਾ ਲਿਆ। ਫੇਰ ਉਹ ਕੁਝ ਸੰਭਲੀ|

'ਕਿਸ ਕੰਜਰ ਦੀ ਹਿੰਮਤ ਐ ਸਾਡੀ ਹਵਾ ਵੱਲ ਵੀ ਦੇਖੇ। ਅੱਖਾਂ ਨਾ ਕੱਢ ਦਿਊਂ ਸੂਰ ਦੇ ਹੱਡ ਦੀਆਂ।' 'ਉਹ ਤਾਂ ਠੀਕ ਐ। ਪਰ ਜੇ ਰਾਤ ਬਰਾਤੇ ਕੁਸ ਕਰ ਦੇਣ ਤਾਂ ਕਿਹਦੀ ਮਾਂ ਨੂੰ ਮਾਸੀ ਆਖੇਂਗੀ। ਆਪਣੇ 'ਤੇ ਤਾਂ ਕਿਸੇ ਨੇ ਯਕੀਨ ਵੀ ਨਹੀਂ ਕਰਨਾ। ਉਲਟੀਆਂ ਚਹੇਂਡਾ ਕਰਨਗੇ। ਭਾਈ ਬਣੀ ਵਿਚਾਰ| ਮੈਂ ਆਖਿਆ ਕੁੜੀ ਨੂੰ ਆਖ ਆਵਾਂ। ਸਮਝ ਸੋਚ ਲੂ|'

'ਤੂੰ ਤਾਂ ਬੜਾ ਚੰਗਾ ਕੀਤਾ ਭਾਈ।...ਕੋਈ ਨੀ ਮੈਂ ਦੇਖੂੰ ਜੋ ਬਣੂ।' ਕਰਤਾਰੋ ਦਾ ਗਲਾ ਭਰ ਆਇਆ ਤੇ ਮੁੜ ਉਹ ਲੰਬੀਆਂ ਤਾਨ ਕੇ ਪੈ ਗਈ।

ਹਰ ਵਾਰ ਕਰਤਾਰੋ ਅਜਿਹੀ ਅੱਗ ਵਿਚ ਘਿਰਦੀ ਕਿ ਸਵਾਹ ਤੱਕ ਵੀ ਨਾ ਬਚਦੀ। ਇਸ ਨਵੀਂ ਔਕੜ ਤੋਂ ਬਚਣ ਲਈ ਉਸ ਕੋਲ ਕੋਈ ਸਹਾਰਾ ਨਹੀਂ ਸੀ। ਨਾ ਕੋਈ ਆਕ-ਸਾਕ ਨਾ ਰਿਸ਼ਤੇਦਾਰੀ। ਕਲਮ ਕੱਲਾ ਆਲ੍ਹਣਾ

ਜਾਂ ਫੇਰ ਦੋ ਬੋਟ। ਪਹਿਲਾਂ ਮਾੜਾ ਮੋਟਾ ਚੌਧਰੀ ਹੁੰਗਾਰਾ ਭਰਦਾ ਸੀ। ਪਰ ਜਦੋਂ ਤੋਂ ਬੰਸੋ ਨੇ ਉਹਨਾਂ 'ਤੇ ਹੱਥ ਚੁੱਕਿਆ ਸੀ ਉਹ ਟੇਕ ਵੀ ਜਾਂਦੀ ਰਹੀ ਸੀ। ਨਾ ਫੇਰ ਕਦੇ ਉਹਨਾਂ ਸੱਦਿਆ ਨਾ ਕਰਤਾਰੋ ਗਈ। ਜਾਂ ਫੇਰ ਉਸ ਦੀ ਨਜ਼ਰ ਸ਼ਹਿਰ ਵੱਲ ਜਾਂਦੀ ਸੀ। ਪਰ ਉਥੋਂ ਦੇ ਰੰਗਾਂ ਢੰਗਾਂ ਨੇ ਕਰਤਾਰੋ ਦਾ ਇਹ ਸੁਪਨਾ ਵੀ ਖੇਰੂੰ ਖੇਰੂੰ ਕਰ ਦਿੱਤਾ ਸੀ। ਆਪਣਾ ਉਸ ਨੂੰ ਕੋਈ ਫ਼ਿਕਰ ਨਹੀਂ ਸੀ। ਪਰ ਬੰਸੋ ਦੀ ਇੱਜ਼ਤ ਉਸ ਲਈ ਇਕ ਪਹਾੜ ਜਿੱਡਾ ਪ੍ਰਸ਼ਨ ਚਿੰਨ੍ਹ ਸੀ। ਜਿੰਨਾਂ ਚਿਰ ਕਰਤਾਰੋ ਦਾ ਵਸ ਚੱਲਿਆ ਉਸ ਨੇ ਦਲੇਰੀ ਨਾਲ ਦਿਨ ਕੱਟੇ। ਭਾਵੇਂ ਕਿਸੇ ਨਾਲ ਲੜੀ ਭਾਵੇਂ ਝਗੜੀ ਪਰ ਆਪਣੀ ਅਣਖ ਨੂੰ ਆਂਚ ਨਹੀਂ ਆਉਣ ਦਿੱਤੀ। ਪਰ ਜਦੋਂ ਤੋਂ ਬੰਸੋ ਜਵਾਨ ਹੋਈ ਸੀ ਤੇ ਉਸ ਨਾਲ ਹੱਥਾਂ ਪਾਈਆਂ ਹੋਣ ਲੱਗੀਆਂ ਸਨ ਉਸ ਨੂੰ ਕਿਸੇ ਸਹਾਰੇ ਦੀ ਲੋੜ ਮਹਿਸੂਸ ਹੋਣ ਲੱਗੀ। ਅਜਿਹਾ ਸਹਾਰਾ ਜਿਹੜਾ ਉਹਨਾਂ ਲਈ ਅੜ ਸਕੇ, ਉਹਨਾਂ ਦੀ ਹਿਫਾਜਤ ਕਰ ਸਕੇ। ਇਹ ਕੰਮ ਕੋਈ ਧੜੱਲੇਦਾਰ ਮਰਦ ਹੀ ਕਰ ਸਕਦਾ ਸੀ।

ਪਰ ਕਿਹੜਾ ਮਰਦ ? ਉਹ ਪ੍ਰਸ਼ਨ ਸੀ ਜਿਸਦਾ ਉਸ ਨੂੰ ਉੱਤਰ ਨਹੀਂ ਸੀ ਲੱਭ ਰਿਹਾ। ਕਈ ਮਰਦਾਂ ਦੇ ਫੌਲਾਦੀ ਡਉਲੇ ਉਹਦੀਆਂ ਅੱਖਾਂ ਅੱਗੇ ਫਰ ਫਰਾ ਰਹੇ ਸਨ। ਪਰ ਸਰਦਾਰ ਦੀ ਦੁਸ਼ਮਣੀ ਪੱਟੀ ਨਹੀਂ ਸੀ ਬੰਨ੍ਹਣ ਦੇ ਰਹੀ। ਉਹ ਖੁਲਮ ਖੁੱਲ੍ਹਾ ਕਿਸੇ ਨੂੰ ਘਰੇ ਵੀ ਨਹੀਂ ਸੀ ਰੱਖ ਸਕਦੀ। ਧੀ ਜਵਾਨ ਸੀ ਪੁੱਤ ਜਵਾਨੀ ਦੀਆਂ ਪੌੜੀਆਂ ਚੜ੍ਹ ਰਿਹਾ ਸੀ।

ਉਸ ਦੀ ਸੋਚ ਸਰਦਾਰ 'ਤੇ ਆ ਕੇ ਅਟਕ ਗਈ। ਕਿਉਂ ਨਾ ਸਰਦਾਰ ਨੂੰ ਲਾਰਾ ਲਾ ਕੇ ਰੱਖਿਆ ਜਾਵੇ। ਇਸ ਦੇ ਕਈ ਫਾਇਦੇ ਉਸ ਨੂੰ ਨਜ਼ਰ ਆ ਰਹੇ ਸਨ। ਇਕ ਦੁਸ਼ਮਣ ਦਾ ਖਾਤਮਾ, ਪੈਸਾ ਟਕਾ, ਬੰਸੋ ਦਾ ਵਿਆਹ ਤੇ ਸਭ ਤੋਂ ਵੱਧ ਜੇ ਕਿਤੇ ਉਹ ਆਪਣੇ ਬਲਦੇਵ ਦਾ ਬਦਲਾ ਲੈ ਸਕੇ।

ਇਸ ਫੈਸਲੇ ਉੱਪਰ ਦੁਬਾਰਾ ਉਸ ਨੂੰ ਸੋਚਣ ਦੀ ਲੋੜ ਨਾ ਪਈ। ਪੁਰਾਣੀ ਖੇਸੀ ਲਾਹ ਕੇ ਉਸ ਨੇ ਪਰ੍ਹਾਂ ਵਗਾਹ ਮਾਰੀ ਤੇ ਬਣ ਸੰਵਰ ਕੇ ਸਰਦਾਰ ਦੇ ਖੇਤਾਂ ਵੱਲ ਨੂੰ ਹੋ ਗਈ।

ਸਾਰੇ ਰਾਹ ਕਰਤਾਰੋ ਕਈ ਸਵਾਲਾਂ ਵਿਚ ਉਲਝੀ ਰਹੀ। ਕਈ ਵਾਰ ਉਹਦੇ ਕਦਮ ਰੁਕੇ, ਪਿਛਾਂਹ ਨੂੰ ਮੁੜੇ। ਪਰ ਹਰ ਵਾਰ ਉਹ ਆਪਣੇ ਨਾਲ ਸਮਝੌਤਾ ਕਰਕੇ ਅੱਗੇ ਵੱਧ ਪੈਂਦੀ। ਕਈ ਵਾਰ ਉਸ ਨੂੰ ਰਸਤਾ ਰੋਕੀ ਖੜੇ ਬਲਦੇਵ ਦੇ ਝਉਲੇ ਪਏ। ਪਰ ਹਰ ਵਾਰ ਉਹ ਉਸ ਨੂੰ ਪਿਆਰ ਨਾਲ ਸਮਝਾਉਂਦੀ।

'ਮੇਰੇ ਅੰਦਰ ਸਾਲਾਂ ਤੋਂ ਧੂਣੀ ਧੁੱਖ ਰਹੀ ਹੈ। ਇਸ ਨੂੰ ਬਲਣ ਦੀ ਲੋੜ ਹੈ। ਮੈਂ ਤੇਰੇ ਨਾਲ ਕੋਈ ਗਦਾਰੀ ਨਹੀਂ ਕਰ ਰਹੀ। ਚੰਮ ਦੇ ਰਿਸ਼ਤੇ ਕੋਈ ਰਿਸ਼ਤੇ ਨਹੀਂ। ਮਨ ਦੇ ਰਿਸ਼ਤੇ ਹੀ ਰਿਸ਼ਤੇ ਹੁੰਦੇ ਨੇ। ਮੈਨੂੰ ਬੰਸੋ ਨੂੰ ਸੁਖ ਸਾਂਦ ਨਾਲ ਵਿਆਹ ਲੈਣ ਦੇ, ਫੇਰ ਦੇਖੀਂ ਕੀ ਕਰਦੀ ਹਾਂ ਮੈਂ....'

ਬਲਦੇਵ ਜਿਵੇਂ ਉਸ ਦੇ ਮਨ ਨੂੰ ਸਮਝ ਗਿਆ ਸੀ। ਉਹ ਇਕ ਪਾਸੇ ਹਟ ਗਿਆ ਤੇ ਕਰਤਾਰੋ ਨੂੰ ਅੱਗੇ ਵਧਣ ਦਿੱਤਾ।

ਨਵੇਂ ਜੋਸ਼ ਨਾਲ ਭਰੀ ਕਰਤਾਰੋ ਲੰਬੀਆਂ ਪੁਲਾਂਘਾਂ ਭਰਦੀ ਸਰਦਾਰ ਦੇ ਖੇਤ ਅੱਪੜ ਗਈ। ਸਰਦਾਰ ਪਿੱਪਲ ਦੀ ਛਾਂ ਹੇਠ ਮੰਜਾਂ ਡਾਹੀ ਪਿਆ ਸੀ। ਸ਼ਰਾਬ ਦੀ ਬੋਤਲ, ਪਾਣੀ ਵਾਲਾ ਤਪਲਾ ਤੇ ਕੱਚ ਦਾ ਗਿਲਾਸ ਉਸ ਦੇ ਸਿਰਹਾਣੇ ਪਏ ਸਨ।

ਸਰਦਾਰ ਦੇ ਸਿਰਹਾਣੇ ਖੜ ਕੇ ਕਰਤਾਰੋ ਨੇ ਖੰਗੂਰਾ ਮਾਰਿਆ ਤੇ ਖਾਲ ਦੀ ਵੱਟ 'ਤੇ ਉਗੇ ਖੱਬਲ ਵਿਚ ਖੁਰਪੀ ਚਲਾਉਣ ਲੱਗੀ।

ਸੁੱਕੀ ਮਿੱਟੀ ਵਿਚ ਵਜਦੀ ਖੁਰਪੀ ਨੇ ਸਰਦਾਰ ਦਾ ਧਿਆਨ ਉਖੇੜਿਆ। ਉਹ ਸਹਿਮ ਕੇ ਮੰਜੇ ਦੇ ਵਿਚਕਾਰ ਹੋ ਕੇ ਬੈਠ ਗਿਆ। ਟਿਕਟਿਕੀ ਲਾ ਕੇ ਉਹ ਘਾਹ ਖੋਦਦੀ ਔਰਤ ਦੀ ਸ਼ਨਾਖਤ ਕਰਦਾ ਰਿਹਾ। ਦੇਖਣ ਨੂੰ ਉਹ ਕਰਤਾਰੋ ਲੱਗਦੀ ਸੀ। ਪਰ ਕਰਤਾਰੋ ਤੇ ਉਸ ਦਾ ਖੇਤ ਇਹ ਗੱਲ ਮੇਲ ਨਹੀਂ ਸੀ ਖਾਂਦੀ। ਇਸ ਨੇ ਇਕ ਦੋ ਵਾਰ ਅੱਖਾਂ ਨੂੰ ਮਲਿਆ ਤੇ ਫੇਰ ਦੇਖਿਆ। ਉਸ ਦੀਆਂ ਅੱਖਾਂ ਹਾਲੀਂ ਇੰਨੀਆਂ ਕਮਜ਼ੋਰ ਨਹੀਂ ਸੀ ਹੋਈਆਂ। ਉਹ ਸੌ ਫੀ ਸਦੀ ਕਰਤਾਰੋ ਸੀ। ਬਿਲਕੁਲ ਉਹੋ ਜਿਹੀ, ਜਿਹੋ ਜਿਹੀ ਉਹ ਪੰਦਰਾਂ ਵੀਹ ਵਰ੍ਹੇ ਪਹਿਲਾਂ ਹੁੰਦੀ ਸੀ। ਪੰਦਰਾਂ ਵੀਹ ਵਰ੍ਹੇ ਪਹਿਲਾਂ ਦਾ ਖ਼ਿਆਲ ਆਉਂਦਿਆਂ ਹੀ ਉਸ ਦੇ ਮੋਢੇ ਵਿਚ ਦਰਦ ਹੋਣ ਲੱਗਿਆ। ਕਰਤਾਰੋ ਦੀ ਦੰਦੀ ਦਾ ਦਰਦ ਫੇਰ ਤਾਜ਼ਾ ਹੋ ਗਿਆ।

ਕਰਤਾਰੋ ਦੇ ਸਿਰੋਂ ਚੁੰਨੀ ਲੱਥ ਗਈ ਸੀ। ਉਸ ਦੇ ਵਾਲ ਵਾਰ ਵਾਰ ਉਸ ਦੇ ਮੂੰਹ ਨੂੰ ਚੁੰਮ ਰਹੇ ਸਨ। ਸਰਦਾਰ ਦਾ ਦਿਲ ਕੀਤਾ ਉਹ ਉੱਠ ਕੇ ਕਰਤਾਰੋ ਨੂੰ ਬਾਹਾਂ ਵਿਚ ਘੁੱਟ ਲਏ। ਉਸ ਨੇ ਚਾਰੋਂ ਪਾਸੇ ਨਿਗਾਹ ਦੋੜਾਈ....ਦੂਰ ਦੂਰ ਤੱਕ ਵਿਰਾਨੀ ਹੀ ਵਿਰਾਨੀ ਸੀ।

ਸਰਦਾਰ ਨੇ ਸਾਰੀ ਹਿੰਮਤ ਬਟੋਰੀ ਤੇ ਉਠ ਕੇ ਕਰਤਾਰੋ ਵੱਲ ਹੋ ਗਿਆ : 'ਕਰਤਾਰੋ ਆ....'

'ਆਹੋ ਜੀ....!' ਆਖਦੀ ਕਰਤਾਰੋ ਨੇ ਨੰਗੇ ਸਿਰ ਨੂੰ ਚੁੰਨੀ ਨਾਲ ਢਕਿਆ ਤੇ ਕੱਖਾਂ ਨੂੰ ਸਮੇਟਨ ਲੱਗ ਪਈ। 'ਤੂੰ ਕਾਹਨੂੰ ਔਖੀ ਹੋਣਾ ਸੀ...ਸੁਨੇਹਾ ਘੱਲ ਦੇਂਦੀ ਮੈਂ ਆਪੇ ਘਰ ਪੰਡ ਘੱਲ ਦਿੰਦਾ....।' ਆਖਦਾ ਸਰਦਾਰ ਉਸ ਦੇ ਸਿਰ ਉੱਪਰ ਹੀ ਜੋ ਖੜੋਤਾ। ਉਸ ਦੇ ਪਰਛਾਵੇਂ ਨੇ ਕਰਤਾਰੋ ਨੂੰ ਛਾਂ ਕਰ ਦਿੱਤੀ।

ਸਰਦਾਰ ਦਾ ਦਿਲ ਆਪੇ ਤੋਂ ਬਾਹਰ ਹੋ ਰਿਹਾ ਸੀ। ਉਸ ਦੀ ਨਿਗਾਹ ਕਰਤਾਰੋ ਦੇ ਜੈਂਪਰ ਉੱਪਰ ਟਿਕੀ ਹੋਈ ਸੀ, ਜਿਸ ਵਿਚੋਂ ਉਸ ਦੀਆਂ ਅੱਧ-ਨੰਗੀਆਂ ਛਾਤੀਆਂ ਟਪੂਸੀਆਂ ਮਾਰ ਰਹੀਆਂ ਸਨ। ਪਰ ਉਹ ਬੁੱਤ ਬਣਿਆ ਦੇਖਦਾ ਰਿਹਾ। ਕਰਤਾਰੋ ਉਸ ਦੇ ਖੇਤ ਆਈ ਸੀ, ਕੋਈ ਗੱਲ ਜ਼ਰੂਰ ਸੀ।

ਕਰਤਾਰੋ ਨੇ ਖੱਬਲ ਦੀ ਪੰਡ ਬਣਾ ਲਈ। ਸਰਦਾਰ ਨੇ ਝੁਕ ਕੇ ਉਹਦਾ ਭਾਰ ਵੰਡਾਇਆ। ਕਰਤਾਰੋ ਦੇ ਹੱਥਾਂ ਨਾਲ ਜਾਨ ਬੁਝ ਕੇ ਉਹਨੇ ਆਪਣੇ ਹੱਥ ਛੁਹਾਏ। ਪਰ ਕਰਤਾਰੋ ਨੇ ਕੋਈ ਔਖ ਮਹਿਸੂਸ ਨਹੀਂ ਕੀਤੀ, ਸਗੋਂ ਉਹ ਮਿਨਾ ਜਿਹਾ ਮੁਸਕਰਾਈ।

'ਚੰਗਾ ਜੀ....ਰੱਬ ਸੋਨੂੰ ਬਹੁਤਾ ਦੇਵੇ....।' ਆਖਦੀ ਕਰਤਾਰੋ ਇਕ ਵਾਰ ਫੇਰ ਮੁਸਕਰਾਈ ਤੇ ਹੌਲੀ ਹੌਲੀ ਪਹੀ ਵੱਲ ਤੁਰ ਪਈ।

ਸਰਦਾਰ ਕੁਝ ਪਲ ਖੜਾ ਦੇਖਦਾ ਰਿਹਾ। ਪਰ ਉਸ ਤੋਂ ਰਿਹਾ ਨਾ ਗਿਆ। ਤੇਜ਼ ਕਦਮ ਪੁੱਟਦਾ ਉਹ ਉਹਦੇ ਨਾਲ ਜਾ ਰਲਿਆ।

'ਮੈਂ ਕਿਹਾ ਕੋਈ ਡੰਗਰ ਪਸ਼ੂ ਰੱਖ ਲਿਆ...ਤੂੰ ਘਾਹ ਨਾ ਖੋਤਿਆ ਕਰ.... ਉਹ ਜਿਹੜਾ ਕਿਆਰਾ ਐ ਉਥੋਂ ਬਰਸੀਮ ਦੀ ਪੰਡ ਲੈ ਜਿਆ ਕਰ...ਤੇਰਾ ਇਹ ਆਪਣਾ ਖੇਤ ਆ...।'

'ਕੋਈ ਨੀ ਜੀ....ਆਪਣਾ ਕਰਕੇ ਹੀ ਆਈ ਸੀ...ਬੰਤੇ ਨੂੰ ਆਖ ਦਿਓ...ਮੈਂ ਬਰਸੀਮ ਲੈ ਜਿਆ ਕਰੂੰ....ਮੈਨੂੰ ਰੋਕੇ ਟੋਕੇ ਨਾ...।

ਉਸ ਕੰਜਰ ਦੀ ਕੀ ਮਜਾਲ ਐ...ਤੂੰ ਆਖੇ ਤਾਂ ਮੈਂ ਉਹਨੂੰ ਖੇਤੂੰ ਹੀ ਕੱਢ ਦਿਊਂ....।'

'ਕੋਈ ਨੀ ਜੀ...ਰੱਬ ਥੋਡਾ ਭਲਾ ਕਰੇ...।' ਆਖਦੀ ਕਰਤਾਰੋ ਟਾਹਲੀਆਂ ਵਿਚ ਅਲੋਪ ਹੋ ਗਈ। ਬੁੱਤ ਬਣਿਆ ਸਰਦਾਰ ਪਹੀ ਦੀ ਵੱਟ ਉਤੇ ਹੀ ਖੜੋ ਗਿਆ। ਕਦੇ ਉਸ ਨੂੰ ਲੱਗਦਾ ਕਰਤਾਰੋ ਆਖਰ ਆਨੇ ਵਾਲੀ ਥਾਂ ਉੱਪਰ ਆ ਹੀ ਗਈ। ਕਦੇ ਫੇਰ ਉਸ ਨੂੰ ਲੱਗਦਾ ਇਹ ਲੂੰਮੜੀ ਜ਼ਰੂਰ ਕੋਈ ਚਾਲ ਚਲ ਗਈ ਹੋਊ। ਇੰਨੀ ਜਲਦੀ ਉਹ ਹਥਿਆਰ ਸੁੱਟਣ ਵਾਲੀ ਨਹੀਂ।

ਪਰ ਕੁਝ ਵੀ ਸੀ, ਉਹ ਜਿੱਗਤਿਆ ਜਿੱਤਿਆ ਮਹਿਸੂਸ ਕਰ ਰਿਹਾ ਸੀ।

24

ਜਦੋਂ ਤੋਂ ਪਿੰਡ ਵਿਚ ਦੀ ਸੜਕ ਨਿਕਲੀ ਸੀ, ਪਿੰਡ ਦੀ ਨੁਹਾਰ ਦਿਨੋਂ ਦਿਨ ਤੇਜ਼ੀ ਨਾਲ ਬਦਲਦੀ ਜਾ ਰਹੀ ਸੀ। ਪਿੰਡ ਦੇ ਕੱਚੇ ਘਰ ਢਹਿ ਢਹਿ ਪੱਕੇ ਬਣਨੇ ਸ਼ੁਰੂ ਹੋ ਗਏ ਸਨ, ਪਿੰਡ ਵਿਚ ਦੋ ਟਰੈਕਟਰ ਆ ਗਏ ਸਨ ਤੇ ਕਈ ਘਰੀਂ ਰੇਡੀਓ ਵੱਜਣ ਲੱਗ ਪਏ ਸਨ। ਸਰਦਾਰਾਂ ਨੇ ਹਵੇਲੀ ਛੱਡ ਕੇ ਬਾਹਰ ਸੜਕ ਕਿਨਾਰੇ ਕੋਠੀ ਬਣਵਾ ਲਈ, ਟਰੈਕਟਰ ਲਿਆਂਦਾ ਤੇ ਸਰਦਾਰ ਦੇ ਕਾਲਜ ਪੜ੍ਹਦੇ ਮੁੰਡੇ ਨੇ ਸਕੂਟਰ ਵੀ ਖਰੀਦ ਲਿਆ ਸੀ। ਬਦਲਦੇ ਮਹੌਲ ਵਿਚ ਚੌਧਰੀ ਵੀ ਕਿਸੇ ਤੋਂ ਪਿੱਛੇ ਨਹੀਂ ਸਨ ਰਹੇ। ਉਨ੍ਹਾਂ ਵੀ ਨਵੇਂ ਢੰਗ ਦੀ ਕੋਠੀ ਉਸਾਰ ਲਈ ਸੀ। ਉਨ੍ਹਾਂ ਦਾ ਇਕ ਮੁੰਡਾ ਵਕਾਲਤ ਕਰ ਆਇਆ ਸੀ ਤੇ ਇਕ ਓਵਰ ਸੀਅਰੀ।

ਪਿਛਲੀਆਂ ਚੋਣਾਂ ਵਿਚ ਪਿੰਡ ਨੇ ਸਭ ਤੋਂ ਵੱਡੀ ਮਾਰ ਮਾਰੀ ਸੀ, ਜਦੋਂ ਸਰਪੰਚ ਦੀਆਂ ਚੋਣਾਂ ਲਈ ਖੜੇ ਹੋਏ ਸਰਦਾਰ ਨੇ ਪ੍ਰਾਇਮਰੀ ਸਕੂਲ ਖੁਲਵਾ ਦਿੱਤਾ। ਸੱਥ ਵਿਚ ਬੈਠੇ ਸੇਵੇ ਨੰਬਰਦਾਰ ਨੇ ਸਰਦਾਰ ਨਾਲ ਕੌਲ ਕੀਤਾ ਸੀ, 'ਲੈ ਬਈ ਸਰਦਾਰਾ ਜੇ ਤੂੰ ਇਕ ਗੱਲ ਸਾਡੀ ਮੰਨ ਲੇਂ, ਅਸੀਂ ਤੈਨੂੰ ਬਿਨਾ ਮੁਕਾਬਲੇ ਸਰਪੰਚ ਬਣਾ ਦਾਂ ਗੇ। ਬਸ ਸਾਡੀ ਐਨੀ ਅਰਜ਼ ਸੁਣ ਲੈ ਬਈ ਪਿੰਡ ਸਕੂਲ ਖੁਲਵਾ ਦੇ। ਮੈਂ ਆਪ ਪੈਰੀਂ ਪੈ ਲੂੰ ਨਿਹਾਲ ਸਿਉਂ ਦੇ।'

'ਲੈ ਨੰਬਰਦਾਰਾ ਆਪਣਾ ਹੋ ਗਿਆ ਵਾਅਦਾ। ਅਲੈਕਸ਼ਨਾਂ ਤੋਂ ਪਹਿਲਾਂ ਪਹਿਲਾਂ ਪਿੰਡ ਸਕੂਲ ਖੁਲਵਾ ਦੂੰ। ਬਾਕੀ ਤੂੰ ਆਪਣਾ ਕੌਲ ਨਿਭਾਈਂ।

'ਜੇ ਇਹ ਕੰਮ ਹੋ ਜੇ ਅਸੀਂ ਸਾਰੇ ਤੇਰੇ ਨਾਲ ਆਂ। ਭਾਈਚਾਰੇ ਦੀ ਮੰਨ ਕੇ ਬੈਠ ਗਿਆ ਤਾਂ ਠੀਕ। ਨਹੀਂ ਫੇਰ ਅਸੀਂ ਉਹਨੂੰ ਵੋਟਾਂ ਨਾਲ ਤਾਂ ਹਾਰ ਦੇ ਈ ਦਿਆਂਗੇ। ਸਾਨੂੰ ਗੁਰਦੁਆਰੇ ਦੀ ਸਹੁੰ ਜੇ ਆਪਣੇ ਵਚਨਾਂ ਤੋਂ ਫਿਰੀਏ।'

ਬਾਬੇ ਫਿਦੇ ਨੇ ਵੀ ਸਰਦਾਰ ਨੂੰ ਯਕੀਨ ਦਿਵਾਇਆ ਸੀ।

ਸਰਦਾਰ ਨੇ ਤਿੰਨਾਂ ਦਿਨਾਂ ਦੇ ਅੰਦਰ ਅੰਦਰ ਮਨਜ਼ੂਰੀ ਲਿਆ ਦਿੱਤੀ। ਸਰਦਾਰ ਦੀ ਕਮਰਿਆਂ ਦੀ ਮੰਗ ਵੀ ਉਹਨੇ ਆਪ ਹੀ ਪੂਰੀ ਕੀਤੀ। ਵੋਟਾਂ ਤੋਂ ਤਿੰਨ ਦਿਨ ਪਹਿਲਾਂ ਪਿੰਡ ਵਿਚ ਮਾਸਟਰ ਅੱਖੜ ਗਿਆ। ਡਰਦੇ ਨਿਹਾਲ ਨੇ ਆਪ ਹੀ ਨਾਂ ਵਾਪਸ ਲੈ ਲਿਆ।

ਪਿਛਲੀਆਂ ਪ੍ਰਾਪਤੀਆਂ ਤੋਂ ਗਿੱਝੇ ਲੋਕਾਂ ਨੇ ਇਸ ਵਾਰ ਫੇਰ ਮੌਕੇ ਦਾ ਫਾਇਦਾ ਉਠਾਇਆ। ਇਸ ਵਾਰ ਉਨ੍ਹਾਂ ਦੀ ਮੰਗ ਮਿਡਲ ਤਕ ਸਕੂਲ ਤੇ ਹਰ ਬੱਸ ਪਿੰਡ ਰੁਕ ਕੇ ਜਾਣ ਦੀ ਸੀ। ਅੱਗੇ ਬੱਸਾਂ ਆਉਂਦੀਆਂ ਤੇ ਫੁਰਨ ਦੇ ਕੇ ਕੋਲ ਦੀ ਲੰਘ ਜਾਂਦੀਆਂ। ਪਿੰਡ ਵਾਲੇ ਦੇਖਦੇ ਰਹਿ ਜਾਂਦੇ। ਨਿਹਾਲ ਨੇ ਫੇਰ ਕੋਸ਼ਿਸ਼ ਕੀਤੀ। ਇਸ ਵਾਰ ਆਪ

ਕੰਮ ਕਰਾ ਕੇ ਸਰਪੰਚੀ ਸਾਂਭੇ। ਪਰ ਉਸ ਤੋਂ ਕੰਮ ਨਾ ਹੋਏ। ਇਸ ਵਾਰ ਫੇਰ ਸਰਪੰਚੀ ਦਾ ਸੇਹਰਾ ਸਰਦਾਰ ਦੇ ਸਿਰ ਬਝਿਆ। ਭਾਵੇਂ ਅੱਗੇ ਜਿੰਨਾ ਸੌਖਾ ਨਹੀਂ। ਨਿਹਾਲਾ ਇਸ ਵਾਰ ਬੈਠਣ ਦੀ ਥਾਂ ਪਾਰਟੀਆਂ ਵਿਚ ਫਸ ਗਿਆ ਤੇ ਕਈ ਦਿਨ ਖਿਚੋਤਾਣ ਰਹੀ। ਇਕੜ ਦੁੱਕੜ ਵਾਰਦਾਤਾਂ ਵੀ ਹੋਈਆਂ, ਪਰ ਸਰਦਾਰ ਫੇਰ ਵੀ ਸਰਪੰਚੀ ਲੈ ਗਿਆ। ਸਕੂਲ ਚੂਹੜਿਆਂ ਦੇ ਵੇਹੜੇ ਨੂੰ ਸਭ ਤੋਂ ਨਜ਼ਦੀਕ ਪੈਂਦਾ ਸੀ। ਪੜ੍ਹਦੇ ਬੱਚਿਆਂ ਵਿਚ ਉਨ੍ਹਾਂ ਦਾ ਹਿੱਸਾ ਆਟੇ ਵਿਚ ਲੂਣ ਜਿੰਨਾ ਵੀ ਨਹੀਂ ਸੀ। ਕਦੇ ਕਦਾਈਂ ਜੇ ਕੋਈ ਆ ਵੀ ਵੜਦਾ ਅਗਲੇ ਦਿਨ ਕੋਈ ਨਾ ਕੋਈ ਉਹਦੇ ਕੰਨ 'ਤੇ ਜੜ੍ਹ ਕੇ ਉਹਨੂੰ ਮੂਰੇ ਲਾ ਲੈਂਦਾ।

'ਅੱਗੇ ਤਾਂ ਪਿਓ ਦਾਦੇ ਕੁਰਸੀਆਂ 'ਤੇ ਈ ਬੈਠੇ ਹੋਣਗੇ, ਬਈ ਹੁਣ ਇਹ ਬਣੂ ਜੱਜ।' ਅਗਲੀਆਂ ਪਿਛਲੀਆਂ ਫੋਲਦੇ ਉਹ ਫੇਰ ਉਨ੍ਹਾਂ ਨੂੰ ਡੰਗਰਾਂ ਪਿੱਛੇ ਜਾ ਜੋੜਦੇ। ਸਕੂਲੋਂ ਉਠਾ ਕੇ ਲਿਜਾਣ ਵਾਲਿਆਂ ਵਿਚ ਬਹੁਤੀ ਗਿਣਤੀ ਉਨ੍ਹਾਂ ਦੀ ਹੁੰਦੀ ਜਿਹੜੇ ਚੰਦ ਕੁ ਰੁਪਿਆਂ ਬਦਲੇ ਇਨ੍ਹਾਂ ਮੁੰਡਿਆਂ ਨੂੰ ਕਈ ਕਈ ਸਾਲਾਂ ਲਈ ਖਰੀਦ ਚੁੱਕੇ ਸਨ। ਜਾਂ ਉਨ੍ਹਾਂ ਮਾਪਿਆਂ ਦੀ ਜਿਹੜੇ ਕਰਜ਼ੇ ਦੇ ਬੋਝ ਹੇਠ ਦੱਬੇ ਦਸਾਂ-ਪੰਦਰਾਂ ਸਾਲਾਂ ਦੀ ਉਡੀਕ ਨਹੀਂ ਸੀ ਕਰ ਸਕਦੇ। ਉਨ੍ਹਾਂ ਨੂੰ ਆਥਨ ਦੀ ਰੋਟੀ ਦਾ ਫਿਕਰ ਹੁੰਦਾ। ਕਦੋਂ ਉਨ੍ਹਾਂ ਦੇ ਪੁੱਤ ਪੜ੍ਹੇ ਤੇ ਕਦੋਂ ਚਾਰ ਛਿੱਲੜ ਕਮਾਉਣ ਲੱਗੇ। ਨਹੀਂ ਉਸ ਸਮੇਂ ਤਾਂ ਹਰ ਇਕ ਦੀ ਛੁੱਟੀ ਹੋ ਜਾਂਦੀ, ਜਦੋਂ ਕਿਸੇ ਵਰਦੀ, ਕਿਤਾਬ ਜਾਂ ਕੈਦੇ ਦੀ ਫਰਮਾਇਸ਼ ਹੁੰਦੀ।

'ਚੁੱਪ ਕਰਕੇ ਬੈਠ ਜਾ। ਹੈ ਨੀ ਇਹ ਨਵੇਂ ਖਰਚੇ ਕਰਨ ਨੂੰ ਨੋਟ ਸਾਡੇ ਕੋਲੇ।'

ਇਕ ਦੋ ਦਿਨ ਰੋ ਧੋ ਕੇ ਜਵਾਕ ਮੁੜ ਆਪਣੇ ਆਪਣੇ ਕੰਮੀਂ ਪਰਤ ਜਾਂਦੇ।

ਜੇ ਮਰ ਮਰਾ ਕੇ ਇੰਦਰ ਦੇ ਪੁੱਤ ਰੋਡੇ ਨੇ ਅੱਠ ਪਾਸ ਕਰ ਵੀ ਲਈਆਂ, ਉਸ ਤੋਂ ਅੱਗੇ ਨਾ ਟੱਪਿਆ ਗਿਆ। ਨਾ ਉਹਨਾਂ ਕੋਲ ਸਾਈਕਲ ਖ੍ਰੀਦਣ ਲਈ ਪੈਸੇ ਸੀ ਨਾ ਸੱਤ ਆਨੇ ਰੋਜ਼ ਕਿਰਾਇਆ ਭਰਨ ਦੀ। ਜਾਂ ਗਿੰਦਰ ਦੇ ਪੋਤੇ ਨੇ ਅੱਠ ਕੀਤੀਆਂ ਸਨ, ਪਰ ਉਹ ਵੀ ਸੱਧਰਾਂ ਪੂਰੀਆਂ ਨਾ ਕਰ ਸਕਿਆ। ਸ਼ਹਿਰ ਜਾਂਦੇ ਨੂੰ ਛਿਮਾਹੀ ਵੀ ਨਹੀਂ ਸੀ ਹੋਈ ਕਿ ਪਿਓ ਚੱਲ ਵਸਿਆ। ਅਗਲੇ ਦਿਨ ਕਿਤਾਬਾਂ ਖੂੰਝੇ ਲਾ ਕੇ ਮੁੜ ਉਹੋ ਡੰਡਾ ਡੋਰੀ ਚੁੱਕ ਲਈ। ਸਮੇਂ ਨੇ ਪਿੰਡ ਦਾ ਕਾਫੀ ਰੰਗ ਬਦਲਿਆ ਸੀ। ਪਰ ਇਸ ਚੂਹੜਿਆਂ ਵੇਹੜੇ ਕੁਝ ਵੀ ਤਬਦੀਲੀ ਨਜ਼ਰ ਨਹੀਂ ਸੀ ਆਉਂਦੀ। ਉਵੇਂ ਆਥਨ ਉਗਨ ਉਨ੍ਹਾਂ ਦੇ ਘਰੇ ਸ਼ਾਹਾਂ ਦੇ ਗੇੜੇ ਵਜਦੇ। ਸਰਦਾਰਾਂ ਦੀਆਂ ਝਿੜਕਾਂ ਪੈਂਦੀਆਂ, ਧੀਆਂ ਭੈਣਾਂ ਉਵੇਂ ਜਿਵੇਂ ਲੋਕਾਂ ਦੀ ਹਵਸ਼ ਦਾ ਸ਼ਿਕਾਰ ਬਣਦੀਆਂ, ਉਵੇਂ ਉਨ੍ਹਾਂ ਦੀਆਂ ਪੱਗਾਂ ਲੋਕਾਂ ਦੇ ਪੈਰੀਂ ਰੁਲਦੀਆਂ, ਹਵਾ ਵਿਚ ਵਗਾਈਆਂ ਜਾਂਦੀਆਂ, ਪੁਲਿਸ ਦੀ ਮਾਰ ਦੇ ਸ਼ਿਕਾਰ ਬਣਦੇ ਤੇ ਉਨ੍ਹਾਂ ਦੇ ਘਰਾਂ ਵਿਚ ਉਵੇਂ ਜਿਵੇਂ ਭੰਗ ਭੁੱਜਦੀ ਸੀ। ਉਨ੍ਹਾਂ ਦੇ ਕੁੱਲੀ ਨੁਮਾ ਘਰ ਜਿਵੇਂ ਅਜ਼ਾਦੀ ਤੋਂ ਪਹਿਲਾਂ ਸਨ, ਉਸੇ ਹਾਲਤ ਵਿਚ ਦਿਖਾਈ ਦਿੰਦੇ ਸਨ। ਕੁੱਲੀਆਂ ਦੇ ਵਸਿੰਦੇ ਉਵੇਂ ਮੂੰਹ ਹਨੇਰੇ ਉਠਦੇ, ਦੋ ਦੋ ਚਾਰ ਚਾਰ ਰੁੱਖੀਆਂ ਸੁੱਖੀਆਂ ਰੋਟੀਆਂ ਪੱਕਦੀਆਂ ਤੇ ਟਿੱਕੀ ਨਿਕਲਣ ਤੋਂ ਕਈ ਘੰਟੇ ਪਹਿਲਾਂ ਘਰੋਂ ਨਿਕਲ ਤੁਰਦੇ। ਅੱਧੀ ਰਾਤੀਂ ਘਰੀਂ ਪਰਤਦੇ। ਦੋ ਘੰਟਿਆਂ ਲਈ ਫੇਰ ਰੌਣਕਾਂ ਬੱਝਦੀਆਂ। ਫੇਰ ਰੁੱਖੀਆਂ ਸੁੱਖੀਆਂ ਪੱਕਦੀਆਂ। ਕਈ ਮੰਜਿਆਂ 'ਚ ਢੇਰ ਹੋ ਜਾਂਦੇ ਤੇ ਕਈ ਮੁੜ ਸਾਰੀ ਸਾਰੀ ਰਾਤ ਦੇ ਜਗਰਾਤੇ ਕੱਟਣ ਮੁੜ ਜਾਂਦੇ। ਸਾਰੀ ਸਾਰੀ ਰਾਤ ਦੁੱਖਾਂ ਦੇ ਝੋਰੇ ਹੁੰਦੇ। ਪੜ੍ਹਾਈ ਲਿਖਾਈ, ਸਿਆਸਤਾਂ ਤੇ ਸਾਇੰਸਾਂ ਸਭ ਉਨ੍ਹਾਂ ਦੀ ਪਹੁੰਚ ਤੋਂ ਪਰ੍ਹੇ ਦੀਆਂ ਗੱਲਾਂ ਸਨ। ਦੋ ਡੰਗ ਦੀ ਰੋਟੀ ਦਾ ਫਿਕਰ ਉਨ੍ਹਾਂ ਲਈ ਸਭ ਕੁਝ ਸੀ। ਜੇ ਕਿਸੇ ਘਰ ਨੂੰ ਸੁਖ ਦਾ ਸਾਹ ਆਉਂਦਾ ਵੀ ਸੀ ਤਾਂ ਉਹ ਇਸ ਲਈ ਕਿ ਜਾਂ ਤਾਂ ਉਨ੍ਹਾਂ ਦੇ ਬੰਦੇ

ਸ਼ਹਿਰ ਦਿਹਾੜੀ ਕਰਨ ਜਾਂਦੇ ਤੇ ਜਾਂ ਫੇਰ ਇਕ ਅੱਧ ਫ਼ੌਜ ਨੂੰ ਤੁਰ ਗਿਆ ਹੁੰਦਾ। ਬਾਕੀ ਸਭ ਦੀ ਹਾਲਤ ਖਸਤਾ ਸੀ। ਕਰਤਾਰੋ ਦਾ ਘਰ ਜਿਹੜਾ ਵੇਹੜੇ ਦੀ ਨੁੱਕਰ 'ਤੇ ਸੀ ਪਿਛਲੇ ਕਈਆਂ ਮਹੀਨਿਆਂ ਤੋਂ ਤੇਜ਼ੀ ਨਾਲ ਬਦਲ ਰਿਹਾ ਸੀ। ਉਹੋ ਘਰ ਜਿਸ ਨੂੰ ਪਿਛਲੇ ਕਈਆਂ ਸਾਲਾਂ ਤੋਂ ਕੱਚੀ ਤਲੀ ਵੀ ਨਹੀਂ ਸੀ ਜੁੜੀ, ਹੁਣ ਚੰਗੀਆਂ ਕਾਲੀ ਮਿੱਟੀ ਦੀਆਂ ਚੌਹਰੀਆਂ ਤਲੀਆਂ ਨਾਲ ਲਿਸ਼ ਲਿਸ਼ ਕਰਨ ਲੱਗ ਪਿਆ ਸੀ। ਸਾਰਾ ਦਿਨ ਲੋਕਾਂ ਦੇ ਘਰ ਲਿਪਦੀ ਕਰਤਾਰੋ ਨੂੰ ਕਦੇ ਇੰਨੀ ਬੇਹਲ ਨਹੀਂ ਸੀ ਮਿਲੀ, ਕਦੇ ਉਹ ਆਪਣੇ ਵੀ ਚਾਰ ਥੋਬੇ ਲਾ ਲਵੇ। ਪਿਛਲੀ ਸਾਰੀ ਬਰਸਾਤ ਉਸ ਦਾ ਕੋਠਾ ਚੋਂਦਾ ਰਿਹਾ ਸੀ। ਇਹੋ ਦਿਨ ਤਾਂ ਉਸ ਦੇ ਕਮਾਈ ਦੇ ਹੁੰਦੇ। ਆਪਣੇ ਕੰਮੀਂ ਜੁੱਟ ਕੇ ਕਿਵੇਂ ਆਪਣੀ ਰੋਟੀ ਗਾਲ ਲੈਂਦੀ।

ਕਰਤਾਰੋ ਦੇ ਵੇਹੜੇ ਕਿੱਕਰ ਸੀ, ਜਿਸ ਦੁਆਲੇ ਗਰਮੀ ਦੇ ਦਿਨ ਕੱਟਣ ਨੂੰ ਛੋਟਾ ਜਿਹਾ ਚਬੂਤਰਾ ਬਣਾਇਆ ਹੋਇਆ ਸੀ। ਕਈਆਂ ਮਹੀਨਿਆਂ ਤੋਂ ਉਸ ਦੇ ਬਨੇਰਿਆਂ ਦੀ ਵੀ ਮੁਰੰਮਤ ਨਹੀਂ ਸੀ ਹੋਈ। ਕਿੱਕਰ ਦੀਆਂ ਮੋੜ੍ਹੀਆਂ ਦੀ ਕੀਤੀ ਵਾੜ ਵੀ ਉਹਨੇ ਤਾਂ ਇਕ ਇਕ ਮੋਹੜੀ ਕਰਕੇ ਬਾਲ ਲਈ ਸੀ। ਪਰ ਹੁਣ ਉਸ ਦੇ ਹਲਾਤ ਦਿਨਾਂ ਵਿਚ ਕਿਵੇਂ ਸੁਧਰ ਗਏ, ਲੋਕਾਂ ਨੂੰ ਸਮਝ ਨਹੀਂ ਸੀ ਆਉਂਦੀ।

ਆਂਢਣਾਂ ਗੁਆਂਢਣਾਂ ਹੈਰਾਨ ਸਨ ਕਾਰਖ਼ਾਨੇ ਵਿਚ ਤਾਂ ਉਹਨੂੰ ਸਾਰੇ ਚਾਰ ਦਿਨ ਹੀ ਕੰਮ ਮਿਲਿਆ ਸੀ। ਇੰਨੇ ਕਿੰਨੇ ਕੁ ਪੈਸੇ ਕਮਾ ਲਿਆਈ। ਆਥਨ ਉਗਨ ਵਿੜਕਾਂ ਭੰਨਦੀਆਂ। ਹੁਣ ਉਨ੍ਹਾਂ ਦਾ ਅੱਗੇ ਵਾਂਗ ਕੋਈ ਡੰਗ ਬਿਨਾਂ ਪਕਾਏ ਖਾਧੇ ਨਹੀਂ ਸੀ ਲੰਘਦਾ। ਹੁਣ ਤੇ ਸਗੋਂ ਕਦੇ ਰੁੱਖੀ ਰੋਟੀ ਵੀ ਨਹੀਂ ਸੀ ਪੱਕੀ। ਕਰਤਾਰੋ ਨਿੱਤ ਨਵੇਂ ਬਦਲਦੀ ਸੀ। ਇਹੋ ਹਾਲ ਉਹਦੇ ਜਵਾਕਾਂ ਦਾ ਸੀ। ਗੁਆਂਢਣਾਂ ਦਾ ਖ਼ਿਆਲ ਸੀ ਕੁਝ ਕਾਰਖ਼ਾਨੇ ਤੋਂ ਹੱਥ ਲੱਗਿਆ ਸੀ। ਕੋਈ ਆਖਦੀ ਪਤਾ ਨੀ ਉਥੇ ਜ਼ਿਆਦਾ ਈ ਕਮਾਈ ਹੁੰਦੀ ਹੋਵੇ। ਕੋਈ ਹੋਰ ਆਖਦੀ, 'ਕੀ ਪਤੈ ਨਿੱਤ ਬੁੱਥੜ ਚੱਕ ਕੇ ਸ਼ਹਿਰ ਜਾਂਦੀ ਐ, ਕੋਈ ਕਾਰਾ ਕਰਦੀ ਹੋਊ। ਕਾਰਖ਼ਾਨੇ ਕੋਈ ਨੋਟਾਂ ਦੀ ਮਸ਼ੀਨ ਤਾਂ ਨੀ ਲੱਗੀ ਹੋਈ।' ਸਭ ਆਪਣੇ ਖ਼ਿਆਲ ਦੌੜਾਉਂਦੀਆਂ, ਪਰ ਅਸਲੀਅਤ ਤਕ ਕਦੇ ਕੋਈ ਨਾ ਪੁੱਜਦੀ।

ਪਰ ਕਰਤਾਰੋ ਨੇ ਜੋ ਸੋਚ ਕੇ ਸਰਦਾਰ ਵੱਲ ਹੱਥ ਵਧਾਇਆ ਸੀ ਉਹ ਪੂਰਾ ਹੁੰਦਾ ਨਜ਼ਰ ਨਹੀਂ ਸੀ ਆ ਰਿਹਾ। ਲੁਕ ਛਿਪ ਕੇ ਜਦੋਂ ਵੀ ਕਦੇ ਉਹ ਸਰਦਾਰ ਨੂੰ ਮਿਲਦੀ, ਇਕੋ ਗੱਲ ਦੀ ਰੱਟ ਲਾਈ ਰੱਖਦੀ। 'ਮੈਂ ਕਿਹਾ ਜੀ ਕਿਤੇ ਬੰਸੋ ਦੇ ਹੱਥ ਪੀਲੇ ਹੋ ਜਾਣ ਤਾਂ ਮੇਰਾ ਫਿਕਰ ਜਾ ਮੁੱਕ ਜੇ। ਮੁੰਡੇ ਨੂੰ ਕੀ ਜਾਣਦੀ ਆਂ ਮੈਂ। ਫੇਰ ਨਾ ਕਿਸੇ ਦਾ ਡਰ ਨਾ ਡੁੱਕਰ। ਜਿਥੇ ਜੀ ਕਰੂ ਆਊਂ, ਜਿਥੇ ਜੀ ਕਰੂ ਜਾਊਂ। ਹੁਣ ਤਾਂ ਔਂਤਰੀ ਬੰਸੋ ਪਰਛਾਵੇਂ ਵਾਂਗੂ ਪਿੱਛੇ ਲੱਗੀ ਰਹਿੰਦੀ ਐ। ਦੋ ਘੜੀ ਕਿਧਰੇ ਆਇਆ ਜਾਇਆ ਵੀ ਨਹੀਂ ਜਾਂਦਾ।'

ਪਰ ਸਰਦਾਰ ਨੇ ਕਦੇ ਵੀ ਚੰਗਾ ਹੁੰਗਾਰਾ ਨਹੀਂ ਸੀ ਭਰਿਆ। ਉਹ ਜਿਸ ਅੱਖ ਨਾਲ ਕਰਤਾਰੋ ਨੂੰ ਦੇਖਦਾ ਸੀ, ਉਸੇ ਅੱਖ ਨਾਲ ਬੰਸੋ ਨੂੰ ਵੀ ਦੇਖਦਾ ਸੀ। ਨਾਲੇ ਹਾਲੇ ਕਿਹੜਾ ਸਰਦਾਰ ਦੀ ਸੱਧਰ ਪੂਰੀ ਹੋਈ ਸੀ, ਜੋ ਬੰਸੋ ਉਤੇ ਪੈਸੇ ਲੁਟਾ ਦੇਵੇ। ਨਾਲੇ ਬੰਸੋ ਹਾਲੇ ਕਿਸ ਤਰ੍ਹਾਂ ਵਿਆਹੀ ਜਾ ਸਕਦੀ ਸੀ ? ਪਹਿਲਾਂ ਉਹ ਸਰਦਾਰਾਂ ਅੱਗੇ ਪੇਸ਼ ਹੋਵੇ, 'ਅਸ਼ੀਰਵਾਦ' ਲਏ ਅਤੇ ਫੇਰ ਜਾਵੇ ਆਪਣੇ ਘਰ।

ਜਿਸ ਚਾਲ ਨਾਲ ਕਰਤਾਰੋ ਮੋਹਰਾ ਸੁੱਟਦੀ ਸੀ, ਉਸੇ ਚਾਲ ਨਾਲ ਸਰਦਾਰ ਉਹਦਾ ਜਵਾਬ ਦਿੰਦਾ ਸੀ : 'ਹਾਲੇ ਕਿਹੜਾ ਉਹ ਬੁੜੀ ਹੋ ਗਈ। ਜੇ ਬਹੁਤੀ ਕਾਹਲੀ ਐ ਦੇਖ ਲੈ ਕੋਈ। ਇਧਰੋਂ ਉਧਰੋਂ ਕਰਕੇ ਲਾ ਦੂੰ,

ਮੈਂ ਵੀ ਪੰਜ ਚਾਰ ਸੌ। ਬਹੁਤਾ ਤਾਂ ਹਾਲੇ ਹੋ ਨਹੀਂ ਸਕਣਾ...।'

ਪਰ ਕਰਤਾਰੋ ਨੂੰ ਕਦੇ ਵੀ ਉਸ ਦੇ ਜਵਾਬ 'ਤੇ ਤਸੱਲੀ ਨਹੀਂ ਸੀ ਹੁੰਦੀ। ਸਾਰਾ ਦਿਨ ਡਰ ਉਹਦੇ ਉਤੇ ਸਵਾਰ ਰਹਿੰਦਾ। ਜੇ ਕਿਧਰੇ ਬੰਸੋ ਦੇ ਵਿਆਹ ਤੋਂ ਪਹਿਲਾਂ ਪਿੰਡ ਵਿਚ ਉਹਦੀ ਸਰਦਾਰ ਨੂੰ ਮਿਲਣ ਵਾਲੀ ਗੱਲ ਉੱਡ ਗਈ ਤਾਂ ਉਹ ਕਿਸੇ ਪਾਸੇ ਦੀ ਵੀ ਨਹੀਂ ਸੀ ਰਹਿਣੀ।

ਖਿਝੀ ਖਿਝਾਈ ਜਦੋਂ ਜੈਲਾ ਘਰ ਆਉਂਦਾ ਉਹ ਉਸ ਦੇ ਗਲ ਪੈ ਜਾਂਦੀ :

'ਤੂੰ ਹੁਣ ਨਿਆਣਾ ਨੀ ਰਿਹਾ। ਦਾੜ੍ਹੀ ਫੁੱਟਣ ਲੱਗ ਪਈ। ਡੰਗਰਾਂ ਪਿੱਛੇ ਫਿਰਦਾ ਚੰਗਾ ਲਗਦੈਂ....ਸੌ ਵਾਰੀ ਆਖਿਐ ਕਿਤੇ ਸੀਰੀ ਰਲ ਜਾ। ਪੈਰਾਂ 'ਤੇ ਪਾਣੀ ਨੀ ਪੈਣ ਦਿੰਦਾ।'

ਅਗੋਂ ਕਰਤਾਰੋ ਦੇ ਸੁਭਾਅ ਵਿਚ ਆਏ ਚਿੜਚਿੜੇਪਣ ਤੋਂ ਅੱਕ ਕੇ ਉਹ ਆਖਦਾ,

'ਬਸ ਘਰੇ ਵੜੇ ਨਹੀਂ ਕਿ ਲੱਗ ਜਾਂਦੀ ਐ ਨਵੀਆਂ ਨਵੀਆਂ ਸੁਨਾਉਣ। ਮੈਂ ਕਿਹੜੇ ਖੂਹ 'ਚ ਮਰਾਂ। ਰਲਾ ਦੇ ਜਿਹਦੇ ਰਲਾਉਣੈ। ਤੂੰ ਆਖਦੀ ਐਂ ਛੋਟੇ ਵਰਗਾ ਹੋ ਗਿਆ ਅਗਲੇ ਆਖਦੇ ਨੇ ਨਲੀ ਨੀ ਸੰਭਦੀ। ਮੈਂ ਕੀ ਕਰਾਂ...'

ਕਈ ਵਾਰ ਉਹ ਰੁੱਸ ਕੇ ਉਹਨੀਂ ਪੈਰੀਂ ਮੁੜ ਜਾਂਦਾ। ਕਰਤਾਰੋ ਦਾ ਦਿਲ ਨਾ ਟਿਕਦਾ। ਸਿਖਰ ਦੁਪਹਿਰੇ ਉਠ ਕੇ ਉਸ ਦੇ ਪਿੱਛੇ ਤੁਰ ਪੈਂਦੀ। ਬਾਹੋਂ ਫੜ ਕੇ ਕਿਸੇ ਦਰੱਖ਼ਤ ਹੇਠਾਂ ਬੈਠਾ ਲੈਂਦੀ। ਘੰਟਾ ਘੰਟਾ ਮੱਥਾ ਮਾਰਦੀ।

'ਜੇ ਕਿਤੇ ਬੰਸੋ ਦਾ ਵਿਆਹ ਹੋ ਜੇ ਆਪਾਂ ਗੰਗਾ ਨਹਾ ਲਈਏ। ਤੂੰ ਕਿਤੇ ਲਗੋਂ ਦੋ ਪੈਸੇ ਵੱਧ ਆਉਣ ਕੰਮ ਨਬੇੜ ਲਈਏ। ਹੋਰ ਮੈਂ ਤੈਥੋਂ ਕੋਈ ਬਹੁਤਾ ਕੰਮ ਕਰਾ ਕੇ ਤਾ ਨੀ ਰਾਜ਼ੀ।'

'ਨਾ ਮੈਂ ਕਦੋਂ ਕਹਿਣੈ। ਮੈਂ ਤਾਂ ਆਖਦਾਂ ਰਲਾ ਦੇ ਜਿਹਦੇ ਨਾਲ ਮਰਜ਼ੀ। ਕੋਈ ਰਲਾਵੇ ਵੀ।'

'ਤੈਨੂੰ ਸੌ ਵਾਰੀ ਆਖਿਐ ਸਰਦਾਰ ਦੇ ਜਾ ਰਹਿ। ਮੰਨੇ ਵੀ। ਇਥੇ ਨਾਲੋਂ ਦੁਗਣੇ ਪੈਸੇ। ਨਾਲੇ ਟਰੈਕਟਰ...।

'ਬੇਬੇ ਕਦੇ ਤੇਰੀ ਸੰਘੀ ਘੁੱਟ ਦੂੰ ਮੈਂ। ਮੇਰੇ ਕੋਲ ਉਸ ਕਬੀਨ ਦਾ ਨਾਂਅ ਨਾ ਲਿਆ ਕਰ। ਮੈਂ ਤਾਂ ਉਹਦਾ ਸਿਰ ਲਾਹੁਣੇ ਤੇ ਤੂੰ ਆਖਦੀ ਐਂ...।'

ਕਰਤਾਰੋ ਅੱਖਾਂ ਭਰ ਲੈਂਦੀ ਤੇ ਉਸ ਨੂੰ ਨਾਲ ਘੁੱਟ ਕੇ ਆਖਦੀ, 'ਮੈਂ ਤੇਰੀ ਮਾਂ ਆਂ। ਮਾਂਵਾਂ ਕਦੇ ਪੁੱਤਾਂ ਨੂੰ ਧੋਖਾ ਨੀ ਦਿੰਦੀਆਂ। ਮੈਂ ਕਿਤੇ ਤੈਨੂੰ ਭੈੜੇ ਥਾਂ ਤਾਂ ਨੀ ਭੇਜਦੀ।'

ਪਰ ਜੈਲਾ ਨਾ ਮੰਨਦਾ। ਕਰਤਾਰੋ ਨੂੰ ਸਮਝ ਨਾ ਆਉਂਦੀ ਉਹ ਜੈਲੇ ਨੂੰ ਕਿਵੇਂ ਸਮਝਾਵੇ ਉਹਦੇ ਦਿਲ ਦੀਆਂ ਕੀ ਸਨ। ਹਾਰ ਕੇ ਰੋ ਧੋ ਕੇ ਉਹ ਤੁਰ ਆਉਂਦੀ।

ਇਹਨਾਂ ਦਿਨਾਂ ਵਿਚ ਕਰਤਾਰੋ ਨੇ ਜੈਲੇ ਦੀਆਂ ਕਈ ਨਿੱਕੀਆਂ ਨਿੱਕੀਆਂ ਮੁਲਾਕਾਤਾਂ ਸਰਦਾਰ ਨਾਲ ਭਰਵਾਈਆਂ। ਇਹਨਾਂ ਮਿਲਣੀਆਂ ਤੋਂ ਤਾਂ ਜੈਲੇ ਨੂੰ ਸਰਦਾਰ ਗੁੜ ਵਰਗਾ ਮਿੱਠਾ ਲਗਿਆ। ਉਸ ਵਿਚ ਜੈਲੇ ਨੂੰ ਕੋਈ ਵੀ ਬੁਰਾਈ ਨਜ਼ਰ ਨਹੀਂ ਆਈ। ਉਸ ਨੂੰ ਯਕੀਨ ਨਹੀਂ ਸੀ ਆਉਂਦਾ ਇਹ ਉਹੋ ਸਰਦਾਰ ਸੀ ਜਿਸ ਦੀਆਂ ਚੌਧਰੀ ਬੁਰਾਈਆਂ ਕਰਦੇ ਨਹੀਂ ਸੀ ਥੱਕਦੇ ਜਾਂ ਕੋਈ ਹੋਰ। ਉਸ ਨੂੰ ਸਰਦਾਰ ਨਾਲ ਮੋਹ ਜਿਹਾ ਹੋਣ ਲੱਗਿਆ ਸੀ। ਅਖੇ ਨਾ ਚੰਗੇ ਦਿਨ ਕਿਸੇ ਨੂੰ ਪੁੱਛ ਕੇ ਆਉਂਦੇ ਹਨ ਤੇ ਨਾ ਹੀ ਮਾੜੇ। ਜਦੋਂ ਕਰਤਾਰੋ ਦੀਆਂ ਸਮੱਸਿਆਵਾਂ ਸੁਲਝਣ ਲੱਗੀਆਂ ਤਾਂ ਸੁਲਝਦੀਆਂ ਹੀ ਗਈਆਂ।

'ਮੈਂ ਹੁਣ ਕਦੇ ਵੀ ਨਹੀਂ ਜਾਣਾ ਉਹਨਾਂ ਦੇ। ਉਹਨਾਂ ਦੀ ਮਾਂ ਦੀ....ਉਹਨਾਂ ਦੀ ਭੈਣ....।'

ਇਕ ਸ਼ਾਮੀ ਗਾਲ੍ਹਾਂ ਕੱਢਦਾ ਜੈਲਾ ਜਦੋਂ ਘਰ ਮੁੜਿਆ ਤਾਂ ਉਸ ਦਾ ਕੁੜਤਾ ਲੀਰੋ ਲੀਰ ਸੀ ਤੇ ਮੂੰਹ ਉੱਪਰ ਵੱਜੇ ਘਰੂਟਾਂ ਵਿਚੋਂ ਖ਼ੂਨ ਸਿਮ ਰਿਹਾ ਸੀ।

'ਕੀ ਹੋ ਗਿਆ ਔਂਤਰਿਆ ? ਨਿੱਤ ਝਗੜੇ ਖੜੇ ਕਰੀ ਰੱਖਦੈਂ ? ਕਦੇ ਕਿਸੇ ਨਾਲ ਸੁਲਾਹ ਵੀ ਰੱਖੀ ਐ ?' 'ਮੈਂ ਕੀ ਕਰਦਾ ? ਮੈਂਹ ਭਜ ਗੀ ਕਿਤੇ । ਕਿੰਨਾ ਹਨੇਰ ਵਗਦਾ ਸੀ। ਮੈਂ ਬਥੇਰਾ ਆਖਿਆ ਹਨੇਰੀ ਟਿਕੇ ਤੋਂ ਲੱਭ ਲਿਆਊਂ। ਅਗੋਂ ਕੁੱਟਣ ਬਹਿ ਗਏ। ਨਾਲੇ ਝੱਗਾ ਪਾਟ ਤਾ ਨਾਲੇ ਗਾਲ੍ਹਾਂ ਕੱਢੀਆਂ....ਬੰਸੋ ਨੂੰ ਵੀ ਠੀਕ ਨਹੀਂ ਬੋਲਦੇ...ਉਹਨਾਂ ਦੀ ਮਾਂ ਦੀ...।'

'ਤੂੰ ਕਿਹੜਾ ਟੁੱਟ ਪੈਇਆ ਮੰਨਦਾ ਕਿਸੇ ਦੀ...ਸੌ ਵਾਰੀ ਆਖਿਆ....ਸਰਦਾਰ ਦੇ ਤੁਰ ਜਾ...ਨਾਲੇ ਦੋ ਟਕੇ ਵੱਧ ਮਿਲਣ....ਆਕੜ ਦਾ ਫੂਕਿਆ ਪਿਐਂ...।'

'ਮੈਂ ਹੁਣ ਸਰਦਾਰਾਂ ਦੇ ਜਾਊਂਗਾ...ਕੱਲ ਨੂੰ ਗੱਲ ਕਰ ਲਈਂ...।'

ਜੈਲੇ ਦੇ ਇਹਨਾਂ ਸ਼ਬਦਾਂ ਨੇ ਉਹਦਾ ਮਨ ਹਲਕਾ ਫੁੱਲ ਕਰ ਦਿੱਤਾ।

ਬਹੁਤਾ ਉਸ ਤੋਂ ਉਡੀਕ ਨਾ ਹੋਇਆ। ਹਨੇਰੀ ਝੱਖੜ ਦੀ ਬਿਨਾਂ ਪ੍ਰਵਾਹ ਕਰੇ ਉਹ ਜੈਲੇ ਦੀ ਗੱਲ ਕਰਨ ਸਰਦਾਰ ਦੀ ਕੋਠੀ ਵੱਲ ਤੁਰ ਪਈ।

25

ਜਿਸ ਖੇਤ ਵਿਚ ਹੁਣ ਜੈਲਾ ਕੰਮ ਕਰਦਾ ਸੀ ਉਹ ਸ਼ਹਿਰ ਨੂੰ ਜਾਂਦੀ ਸੜਕ ਦੇ ਨਾਲ ਲੱਗਦਾ ਸੀ। ਸਵੇਰੇ ਸ਼ਹਿਰ ਨੂੰ ਪੜ੍ਹਨ ਜਾਂਦੇ ਮੁੰਡੇ ਕੁੜੀਆਂ ਦੀਆਂ ਰੰਗ-ਬਰੰਗੀਆਂ ਡਾਰਾਂ ਕੰਮ ਕਰਦੇ ਜੈਲੇ ਦਾ ਧਿਆਨ ਉਖੇੜ ਦਿੰਦੀਆਂ। ਸਾਈਕਲਾਂ ਦੀਆਂ ਟੱਲੀਆਂ ਦੀ ਟਣ ਟਣ ਉਹਦਾ ਸੀਨਾ ਵਿੰਨ੍ਹ ਦਿੰਦੀ ਤੇ ਉਹ ਆਪਣੇ ਸਾਰੇ ਕੰਮ ਛੱਡ ਕੇ ਵੱਟ 'ਤੇ ਆ ਬੈਠਦਾ। ਟੋਲੀਆਂ ਹੱਸਦੀਆਂ ਖੇਡਦੀਆਂ ਉਹਦੇ ਕੋਲ ਦੀ ਲੰਘਦੀਆਂ ਰਹਿੰਦੀਆਂ। ਉਹ ਟਿਕਟਿਕੀ ਪਾ ਕੇ ਉਹਨਾਂ ਨੂੰ ਦੇਖਦਾ ਤੇ ਝੁਰਦਾ ਰਹਿੰਦਾ।

ਉਸ ਦੀਆਂ ਅੱਖਾਂ ਸਾਈਕਲਾਂ 'ਤੇ ਟਿਕੀਆਂ ਰਹਿੰਦੀਆਂ, ਪਰ ਖ਼ਿਆਲੀ ਘੋੜੇ ਕਿਧਰੇ ਹੋਰ ਨਿਕਲ ਤੁਰਦੇ। ਉਹ ਸੋਚਦਾ ਜੇ ਕਿਧਰੇ ਉਹ ਵੀ ਸਕੂਲ ਪੜ੍ਹਨ ਜਾਂਦਾ, ਅੱਜ ਇਹ ਡਾਰਾਂ ਉਸ ਦੀ ਪਹੁੰਚ ਤੋਂ ਪਰ੍ਹੇ ਨਾ ਹੁੰਦੀਆਂ। ਕੋਲੋਂ ਲੰਘਦੇ ਮੁੰਡੇ ਕੁੜੀਆਂ ਦੇ ਬਚਪਨ ਉਹਨੂੰ ਯਾਦ ਆਉਂਦੇ। ਇਨ੍ਹਾਂ ਯਾਦਾਂ ਤੋਂ ਖਿਝਿਆ ਉਹ ਰੋਣ ਹਾਕਾ ਹੋ ਜਾਂਦਾ। ਸੀਤੂ-ਜਿਹਨੂੰ ਉਹਨੇ ਕਈ ਵਾਰ ਕੁਟਾਪਾ ਚਾੜ੍ਹਿਆ ਸੀ, ਸ਼ੀਸ਼ੇ ਵਾਂਗ ਲਿਸ਼ਕ ਕੇ ਰਹਿੰਦਾ ਸੀ। ਮਿੰਦੋ-ਜਿਸ ਤੋਂ ਆਪਣੀ ਨਲੀ ਵੀ ਨਹੀਂ ਸੀ ਸੰਭਦੀ ਤੰਗ ਮੂਰੀ ਦੀ ਸਲਵਾਰ ਪਾ ਕੇ ਨਿਰੀ ਮੇਮ ਲੱਗਦੀ ਸੀ। 'ਜੇ ਕਿਤੇ ਮੇਰਾ ਵੀ ਪਿਉ ਜਿਊਂਦਾ ਹੁੰਦਾ ?' ਕਦੇ ਆਪਣੀ ਅਨਪੜ੍ਹਤਾ ਦਾ ਕਾਰਨ ਲੱਭਦਾ ਉਹ ਆਪਣੇ ਪਿਉ ਦੀ ਅਣਹੋਂਦ ਮਹਿਸੂਸ ਕਰਦਾ।

'ਜੇ ਉਹ ਹੁੰਦਾ ਮੈਨੂੰ ਪੜ੍ਹਾਉਂਦਾ ਜ਼ਰੂਰ। ਫੇਰ ਮੈਨੂੰ ਕਾਹਦੀ ਲੋੜ ਸੀ, ਜੰਮਦੇ ਨੂੰ ਡੰਗਰਾਂ ਪਿੱਛੇ ਫਿਰਨ ਦੀ। ਉਹ ਇੰਦਰ ਦਾ ਵੀ ਤਾਂ ਅੱਠ ਪੜ੍ਹ ਈ ਗਿਆ। ਮੈਂ ਤਾਂ ਜੇ ਐਨਾ ਵੀ ਪੜ੍ਹ ਜਾਂਦਾ ਜ਼ਰੂਰ ਕੁਛ ਨਾ ਕੁਛ ਲੱਗ ਜਾਂਦਾ। ਜਦੋਂ ਪਿਉ ਈ ਨਾ ਰਿਹਾ ਕਿਸੇ ਦਾ ਕੀ ਦੋਸ਼।' ਸੋਚ ਕੇ ਉਹ ਠੰਢਾ ਹਉਕਾ ਭਰਦਾ।

ਪਿੰਡ ਦੇ ਪੰਜ ਚਾਰ ਮੁੰਡੇ ਜਿਹੜੇ ਥੋੜਾ ਮੋਟਾ ਪੜ੍ਹ ਪੜ੍ਹਾ ਗਏ ਸਨ, ਕਿਸੇ ਨਾ ਕਿਸੇ ਨੌਕਰੀ 'ਤੇ ਅਟਕ ਗਏ ਸਨ। ਪਿੰਡ ਵਿਚ ਉਨ੍ਹਾਂ ਦੇ ਚਲਦੇ ਚਰਚੇ ਸੁਣ ਕੇ ਜੈਲੇ ਨੂੰ ਚਿੜ ਚੜ੍ਹ ਜਾਂਦੀ। ਪਿੰਡ ਦਾ ਇਕ ਮੁੰਡਾ ਨੇਵੀ ਵਿਚ

ਭਰਤੀ ਹੋ ਗਿਆ। ਸਾਲ ਬਾਅਦ ਜਦੋਂ ਉਹ ਪਿੰਡ ਆਉਂਦਾ ਲੋਕ ਟੋਲੇ ਬਣਾ ਬਣਾ ਉਹਦੇ ਦੁਆਲੇ ਆ ਬੈਠਦੇ। ਘਰ ਬੁਲਾ ਬੁਲਾ ਦੁੱਧ ਦੇ ਛੰਨੇ ਪਿਆਉਂਦੇ। ਮੱਖਣਾਂ ਦੇ ਪੇੜੇ ਘਲਦੇ। ਪਿੰਡ ਦਾ ਜੀਅ ਜੀਅ ਉਹਨੂੰ ਸਲਾਮਾਂ ਮਾਰਦਾ। ਸਰਦਾਰ ਨੂੰ ਜਦੋਂ ਵੀ ਮਿਲਦਾ ਸਰਦਾਰ ਆਪ ਹੱਥ ਮਿਲਾਉਂਦਾ। ਉਹਦੀਆਂ ਸਿਆਣਪ ਤੇ ਮਿੱਠੀਆਂ ਗੱਲਾਂ ਸੁਣ ਕੇ ਜੈਲਾ ਵੀ ਹੈਰਾਨ ਰਹਿ ਜਾਂਦਾ। ਇਕ ਵਾਰ ਉਹਨੇ ਜੈਲੇ ਨੂੰ ਇਹ ਆਖ ਕੇ ਬੈਟਰੀ ਦਿੱਤੀ ਸੀ, 'ਸਾਰੀ ਰਾਤ ਫਿਰਦਾ ਰਹਿਣੈ, ਲੈ ਫੜ ਰਾਤ ਬਰਾਤੇ ਕਦੇ ਕੰਮ ਦੇਊ।'

'ਤੇਰਾ ਸਰੀਰ ਬੜਾ ਵਧੀਐ। ਜੇ ਕਿਤੇ ਮਾੜਾ ਮੋਟਾ ਪੜ੍ਹਿਆ ਲਿਖਿਆ ਹੁੰਦਾ ਮੈਂ ਨਾਲੇ ਲੈ ਜਾਂਦਾ।' ਫ਼ੌਜ ਵਿਚ ਜਾਣ ਦਾ ਉਹਦਾ ਆਪਣਾ ਵੀ ਦਿਲ ਕਰਦਾ ਸੀ, ਪਰ ਇਹ ਖਾਹਿਸ਼ ਹੋਠਾਂ ਤੱਕ ਨਹੀਂ ਸੀ ਅੱਪੜ ਸਕੀ। ਅਨਪੜ੍ਹਤਾ ਕਾਰਨ ਜਦੋਂ ਉਸ ਦੀ ਇਹ ਸੱਧਰ ਪੂਰੀ ਨਾ ਹੋਈ ਬੜਾ ਨਿਰਾਸ਼ ਹੋਇਆ ਸੀ। 'ਓ ਲੰਬਰਦਾਰਾਂ ਦਾ ਮੁੰਡਾ ਦਸ ਪੜ੍ਹ ਕੇ ਪੁਲਿਸ 'ਚ ਭਰਤੀ ਹੋ ਗਿਆ ਸੀ। ਹੁਣ ਉਹ ਥਾਨੇਦਾਰ ਐ। ਜਦੋਂ ਪਿੰਡ ਆਵੇ ਗੱਡਾ ਭਰ ਕੇ ਚੀਜ਼ਾਂ ਦਾ ਲਿਆਉਂਦੈ। ਸ਼ਾਹਾਂ ਦਾ ਤਿੰਨ ਪੀੜ੍ਹੀਆਂ ਦਾ ਕਰਜ਼ਾ ਉਹਨੇ ਪਹਿਲੇ ਵਰ੍ਹੇ ਲਾਹ ਤਾ। ਹੁਣ ਤਾਂ ਸੜਕ 'ਤੇ ਕੋਠੀ ਵੀ ਲਿਸ਼ਕਦੀ ਐ। ਲੋਕ ਡਰਦੇ ਲੰਬਰਦਾਰ ਦਾ ਪਾਣੀ ਭਰਦੇ ਨੇ। ਆਥਨ ਉਗਨ ਸਰਦਾਰ ਉਹਦੇ ਘਰੇ ਚੱਕਰ ਮਾਰਨ ਜਾਂਦੈ।'

'ਹੋਰ ਤਾਂ ਹੋਰ ਲੈ ਉਹ ਬਖਤੌਰ ਦਾ ਕਰਮਜੀਤ ਈ ਨੀ ਮਾਨ। ਜਦੋਂ ਦਾ ਮਾਸਟਰ ਲਗਿਐ ਘਰ 'ਚ ਰੌਣਕ ਆ ਗਈ। ਮਾਸਟਰਨੀ ਉਹਨੇ ਵਿਆਹ ਕੇ ਲਿਆਂਦੀ ਐ। ਅਗਲਿਆਂ ਘੂੰ ਘੂੰ ਕਰਦਾ ਸਕੂਟਰ ਦਿਤੈ।'

'ਚਲ ਉਹ ਤਾਂ ਭਲਾ ਜੱਟਾਂ ਦੇ ਮੁੰਡੇ ਹੋਏ। ਉਨ੍ਹਾਂ ਦੇ ਵੀ ਤਾਂ ਦੋ ਤਿੰਨ ਪੜ੍ਹ ਗਏ ਸੀ। ਇਕ ਅੱਠ ਪਾਸ ਕਰਕੇ ਸ਼ਹਿਰ ਜਾਣ ਲੱਗ ਪਿਆ ਸੀ ਤੇ ਦੂਜਾ ਅੱਠਵੀਂ ਵਿਚੋਂ ਪਹਿਲੇ ਨੰਬਰ 'ਤੇ ਆਇਆ ਸੀ। ਪੜ੍ਹਨ ਤਾਂ ਅੱਜ ਕੱਲ ਵੱਗਾਂ ਦੇ ਵੱਗ ਜਾਂਦੇ ਨੇ। ਸਰਕਾਰ ਵੀ ਤਾਂ ਅਕੇ ਸਾਡੀ ਜਾਤ ਨੂੰ ਪਹਿਲਾਂ ਰੱਖਦੀ ਐ...।'

'ਲੈ ਇਹਦੀ ਭੈਣ ਦੀ....ਸਰਕਾਰ ਦੀ....ਜੇ ਕੋਈ ਪੜ੍ਹੇ ਤਾਂ ਈ ਨੌਕਰੀ ਮਿਲੇ। ਪੜ੍ਹਾਊ ਸਾਨੂੰ ਇਹਦਾ ਬੁੜਾ।' ਸਰਕਾਰ ਨੂੰ ਕਈ ਗੰਦੀਆਂ ਗਾਲ੍ਹਾਂ ਕੱਢ ਕੇ ਉਹਨੇ ਮਨ ਦਾ ਬੋਝ ਲਾਹਿਆ।

ਹੌਲੀ ਹੌਲੀ ਉਹਦਾ ਗੁੱਸਾ ਸਰਦਾਰ 'ਤੇ ਆ ਟਿਕਦਾ।

'ਸਰਦਾਰ ਦੀ ਮਾਂ ਦੀ...ਨਹੀਂ ਕਾਹਨੂੰ ਮੇਰਾ ਬਾਪੂ ਮਰਦਾ। ਕਾਹਨੂੰ ਆ ਦਿਨ ਆਉਂਦੇ। ਉਹ ਮੈਨੂੰ ਪੜ੍ਹਾਉਂਦਾ...ਮੈਂ ਅਫਸਰ ਬਣ ਜਾਂਦਾ। ਮੇਰੇ ਵਿਚ ਕੀ ਘਾਟ ਐ। ਮੇਰੀ ਵੀ ਠਾਠ ਹੁੰਦੀ। ਮੈਨੂੰ ਵੀ ਸਲਾਮਾਂ ਹੁੰਦੀਆਂ। ਬੰਸੋ ਦੇ ਵਿਆਹ ਲਈ ਵੀ ਇੰਨੇ ਟੰਟੇ ਨਾ ਹੁੰਦੇ।'

ਵੱਟ 'ਤੇ ਬੈਠਾ ਜੈਲਾ ਕਈ ਕਈ ਘੰਟੇ ਸਮੇਂ ਨੂੰ ਨਥਨ ਦੇ ਯਤਨਾਂ ਵਿਚ ਖੋਇਆ ਸੋਚਦਾ ਰਹਿੰਦਾ। ਪਰ ਨਾ ਸਮੇਂ ਨੇ ਪਿੱਛੇ ਮੁੜਨਾ ਸੀ, ਨਾ ਉਹਦਾ ਪਿਓ ਜਿਊਂਦਾ ਹੋਣਾ ਸੀ ਤੇ ਨਾ ਅਫਸਰ ਬਣੇ ਜੈਲੇ ਦੀ ਠਾਠ। ਹੋਰ ਤਾਂ ਕੀ ਉਹਦੀ ਇੰਨੀ ਵੀ ਸੱਧਰ ਪੂਰੀ ਨਹੀਂ ਸੀ ਹੁੰਦੀ, ਬਈ ਇਨ੍ਹਾਂ ਪਾੜ੍ਹਿਆਂ ਨਾਲ ਦੋ ਚਾਰ ਪਲ ਬੈਠ ਕੇ ਗੱਲਾਂ ਹੀ ਕਰ ਲਏ। ਪੁੱਛੇ ਉਹ ਸਾਰਾ ਦਿਨ ਕੀ ਕੀ ਪੜ੍ਹਦੇ ਰਹਿੰਦੇ ਹਨ। ਇਨ੍ਹਾਂ ਕਿਤਾਬਾਂ ਵਿਚ ਕੀ ਹੁੰਦੇ, ਜਿਹੜਾ ਇਨ੍ਹਾਂ ਨੂੰ ਸੋਹਣੇ ਸੋਹਣੇ ਤੇ ਮਿੱਠੇ ਮਿੱਠੇ ਬਣਾ ਦਿੰਦੈ।

ਪਰ ਕਦੇ ਵੀ ਉਹਦੀ ਖਾਹਿਸ਼ ਹੋਠਾਂ ਤੱਕ ਨਾ ਅੱਪੜੀ। ਉਨ੍ਹਾਂ ਨੂੰ ਖੜਾ ਕੇ ਗੱਲ ਕਰਨ ਦੀ ਹਿੰਮਤ ਉਹਦੇ ਵਿਚ ਕਦੇ ਵੀ ਨਾ ਆਈ। ਕਿਸ ਬਹਾਨੇ ਗੱਲ ਕਰੇ ਇਹ ਔਕੜ ਸੀ।

ਕਦੇ ਕਦੇ ਉਹ ਟਾਇਮ ਪੁੱਛਣ ਦੇ ਬਹਾਨੇ ਉਨ੍ਹਾਂ ਦੇ ਨਜ਼ਦੀਕ ਹੋ ਜਾਂਦਾ। ਉਨ੍ਹਾਂ ਦੇ ਹੋਠਾਂ ਤੋਂ ਉਚਰੇ ਸ਼ਬਦ ਉਹਨੂੰ ਪਿਆਰੇ ਲੱਗਦੇ। ਉਹਦਾ ਦਿਲ ਸਮੇਂ ਨੂੰ ਬੰਨ੍ਹ ਲੈਣ ਨੂੰ ਕਰਦਾ। ਅੱਧਾ ਅੱਧਾ ਘੰਟਾ ਉਹ ਇਵੇਂ ਖੜਾ ਵਕਤ ਪੁੱਛਦਾ ਰਹਿੰਦਾ।

'ਟਾਇਮ ਪੁੱਛਣ ਨੂੰ ਜੱਜ ਲਗਿਐਂ ਵੀ ਫਾਂਸੀ ਦਾ ਵਕਤ ਲੰਘ ਜੂ।' ਇਕ ਦਿਨ ਚੌਧਰੀ ਦੇ ਮੁੰਡੇ ਨੇ ਆਪਣਾ ਮੋਟਾ ਮੂੰਹ ਫੁਲਾ ਕੇ ਉਹਨੂੰ ਝਿੜਕਿਆ। ਮੁੜ ਕਈ ਦਿਨ ਉਹਦੀ ਟਾਇਮ ਪੁੱਛਣ ਦੀ ਹਿੰਮਤ ਨਾ ਪਈ। ਉਸ ਦਿਨ ਉਹ ਬੜਾ ਖ਼ੁਸ਼ ਹੋਇਆ, ਜਦੋਂ ਕਾਲਜ ਪੜ੍ਹਦਾ ਜਸਬੀਰ ਸਾਈਕਲ ਤੋਂ ਉਤਰ ਕੇ ਉਸ ਕੋਲ ਆਪਣਿਆਂ ਵਾਂਗ ਆ ਗਿਆ।

'ਜੈਲਿਆ ਹੁਣ ਤੂੰ ਟਾਈਮ ਕਿਉਂ ਨਹੀਂ ਪੁੱਛਦਾ ਬਈ ?''

'ਜੀ ਬਸ...' ਜੈਲਾ ਡਰ ਨਾਲ ਕੰਬਣ ਲੱਗਿਆ। ਪਤਾ ਨਹੀਂ ਚੌਧਰੀ ਵਾਂਗ ਉਹ ਕੀ ਕੀ ਸੁਣਾਏਗਾ। 'ਡਰ ਗਿਆ ਤੂੰ ? ਅਸੀਂ ਸਾਰੇ ਤੇਰੇ ਯਾਰ ਆਂ ਯਾਰ। ਸਾਡਾ ਤੂੰ ਛੋਟਾ ਭਾਈ ਐਂ। ਜੀ ਜੂ ਨਾ ਆਖਿਆ ਕਰ। ਸਿੱਧਾ ਆਖਿਆ ਕਰ ਉਏ ਜੱਸਿਆ....ਉਰ੍ਹੇ ਆ। ਠੀਕ ਐ ਨਾ ?'

ਜੈਲੇ ਦੇ ਮੋਢਿਆਂ 'ਤੇ ਆਪਣੀ ਸੱਜੀ ਬਾਂਹ ਰੱਖ ਕੇ ਉਹ ਕਿੰਨਾ ਚਿਰ ਉਸ ਨਾਲ ਗੱਲਾਂ ਕਰਦਾ ਰਿਹਾ। ਹੌਲੀ ਹੌਲੀ ਉਨ੍ਹਾਂ ਦੀ ਦੋਸਤੀ ਹੋ ਗਈ। ਉਹਦੇ ਨਾਲ ਆਉਂਦੇ ਜਾਂਦੇ ਮੁੰਡੇ ਵੀ ਉਹਨੂੰ ਮੋਹ ਕਰਨ ਲੱਗੇ। ਜੈਲੇ ਦਾ ਸਿਰ ਫਖਰ ਨਾਲ ਉੱਚਾ ਹੋ ਜਾਂਦਾ, ਜਦੋਂ ਵੀ ਉਹ ਪਾੜ੍ਹਿਆਂ ਵਿਚ ਬੈਠ ਕੇ ਗੱਲਾਂ ਸੁਣਦਾ। ਉਹ ਬੜਾ ਹੈਰਾਨ ਹੁੰਦਾ, ਜਦੋਂ ਦੇਖਦਾ ਪਾੜੇ ਮੁੰਡੇ ਵੀ ਉਨ੍ਹਾਂ ਵਾਂਗ ਹੀ ਗੱਲਾਂ ਕਰਦੇ, ਹੱਸਦੇ ਖੇਡਦੇ ਇਕ ਦੂਜੇ ਨੂੰ ਗਾਲ੍ਹਾਂ ਕੱਢਦੇ ਤੇ ਪਿਆਰਦੇ ਸਨ। ਉਨ੍ਹਾਂ ਵਿਚ ਕੁਝ ਵੀ ਤਾਂ ਵੱਖਰਾ ਨਹੀਂ ਸੀ। ਜਦੋਂ ਉਹ ਆਪਣੀਆਂ ਗੱਲਾਂ ਛੇੜ ਬਹਿੰਦੇ ਉਹ ਉਸ ਨੂੰ ਰੱਬ ਵਰਗੇ ਲੱਗਦੇ। ਅਮੀਰਾਂ, ਜਗੀਰਦਾਰਾਂ ਤੇ ਸਰਦਾਰਾਂ ਦੀਆਂ ਗੱਲਾਂ। ਉਨ੍ਹਾਂ ਦੀ ਇਕ ਇਕ ਗੱਲ ਤੇ ਉਹ ਸਾਰਾ ਦਿਨ ਸੋਚਦਾ। ਉਨ੍ਹਾਂ ਵਿਚੋਂ ਇਕ ਵੀ ਗੱਲ ਝੂਠੀ ਨਾ ਹੁੰਦੀ।

'ਤੁਸੀਂ ਇਹੋ ਜੀਆਂ ਗੱਲਾਂ ਸਿੱਖਦੇ ਕਿੱਥੋਂ ਓ।' ਇਕ ਦਿਨ ਉਹਨੇ ਹੌਸਲਾ ਕਰਕੇ ਪੁੱਛਿਆ। 'ਕਿਤਾਬਾਂ 'ਚੋਂ।'

ਕਿਤਾਬਾਂ ਦਾ ਨਾਂਅ ਸੁਣ ਕੇ ਉਹ ਉਦਾਸ ਹੋ ਗਿਆ। ਕਾਲਾ ਅੱਖਰ ਉਸ ਲਈ ਮੈਂਹ ਬਰਾਬਰ ਸੀ। 'ਉਦਾਸ ਹੋ ਗਿਆ ? ਬਈ ਤੈਨੂੰ ਪੜ੍ਹਨਾ ਨੀ ਆਉਂਦਾ ? ਤੂੰ ਪੜ੍ਹਨ ਵਾਲਾ ਬਣ ਤੈਨੂੰ ਦਸਾਂ ਦਿਨਾਂ ਵਿਚ ਪੜ੍ਹਨ ਜੋਗਾ ਬਣਾ ਦਿਆਂਗੇ।'

'ਚਹੇਡਾਂ ਨਾ ਕਰੋ। ਅਸੀਂ ਡੰਗਰਾਂ ਪਿੱਛੇ ਫਿਰਨ ਵਾਲੇ ਅੱਖਰਾਂ ਦੀ ਦੁਨੀਆਂ ਨੀ ਸਮਝ ਸਕਦੇ।' 'ਤੂੰ ਗੱਲਾਂ ਤਾਂ ਬਹੁਤ ਪੜ੍ਹਿਆਂ ਲਿਖਿਆਂ ਵਰਗੀਆਂ ਕਰਦੈਂ। ਤੂੰ ਸਾਡੇ ਸਾਹਮਣੇ ਆਪਣੇ ਆਪ ਨੂੰ ਮਾੜਾ ਨਾ ਆਖਿਆ ਕਰ। ਤੇਰੇ 'ਚ ਕੋਈ ਘਾਟ ਸਾਨੂੰ ਤਾਂ ਨਜ਼ਰ ਨੀ ਆਉਂਦੀ। ਤੂੰ ਹਿੰਮਤ ਕਰੇਂ ਤਾਂ ਦੁਨੀਆਂ ਪਲਟ ਸਕਦੈਂ। ਅਸੀਂ ਕਾਲਜੋਂ ਪੜ੍ਹਦੇ ਤੇਰੇ ਕੋਲ ਅਟਕਿਆ ਕਰਾਂਗੇ। ਦੇਖਦੇ ਆਂ ਤੂੰ ਸਾਡੇ ਜਿੰਨੀਆਂ ਗੱਲਾਂ ਕਿਵੇਂ ਨਹੀਂ ਸਿੱਖ ਜਾਂਦਾ।'

ਇਹ ਕਿਸੇ ਬਾਹਰਲੇ ਪਿੰਡੋਂ ਆਉਂਦਾ ਗੁਲਜ਼ਾਰ ਸੀ। ਪਿਛਲੀਆਂ ਇਕ ਦੋ ਮਿਲਣੀਆਂ ਵਿਚ ਹੀ ਉਹ ਜੈਲੇ ਦਾ ਗੂੜ੍ਹਾ ਯਾਰ ਬਣ ਗਿਆ ਸੀ। ਹਰ ਵਾਰ ਗੁਲਜ਼ਾਰ ਆਪਣੇ ਦੋਸਤਾਂ ਨੂੰ ਬੜੇ ਫਖਰ ਨਾਲ ਆਖਦਾ :

'ਇਹ ਵਧੀਆ ਕਾਮਰੇਡ ਬਣੂੰ। ਸਾਨੂੰ ਇਸ ਨੇ ਇਸ ਪਿੰਡ 'ਚ ਬੜਾ ਕੰਮ ਦੇਣੈ।'

ਉਸੇ ਸ਼ਾਮ ਉਹ ਉਸ ਲਈ ਕੈਦਾ ਲੈ ਆਏ। ਜੈਲਾ ਸਾਰਾ ਦਿਨ ਟਾਹਲੀ ਹੇਠਾਂ ਬੈਠਾ ਪਾਠ ਯਾਦ ਕਰਦਾ ਰਿਹਾ। ਉਹ ਬੜਾ ਕਾਹਲਾ ਸੀ, ਕਦੋਂ ਅੱਖਰ ਸ਼ਬਦਾਂ ਵਿਚ ਵਟ ਜਾਣ ਤੇ ਉਹ ਵੀ ਨਵੀਆਂ ਸੋਚਾਂ ਸੋਚਣ ਲੱਗੇ। ਪਰ ਅੱਖਰ ਸਨ ਕਿ ਉਸ ਨੂੰ ਯਾਦ ਹੀ ਨਹੀਂ ਸੀ ਹੋ ਰਹੇ।

26

ਕਾਲਜਾਂ ਸਕੂਲਾਂ ਵਿਚ ਜ਼ਿੰਦਗੀ ਦੇ ਯਥਾਰਥ ਨੂੰ ਸਮਝ ਰਹੇ ਨੌਜਵਾਨ ਮੁੰਡੇ ਕੁੜੀਆਂ ਦਾ ਅਸਰ ਉਨ੍ਹਾਂ ਤਕ ਹੀ ਸੀਮਤ ਨਹੀਂ ਸੀ ਰਿਹਾ, ਸਗੋਂ ਉਨ੍ਹਾਂ ਤੋਂ ਤਿਲਕ ਕੇ ਸਾਧਾਰਣ ਜਵਾਕ-ਜਲਿਆਂ, ਨੌਜਵਾਨਾਂ ਤੇ ਕਦੇ ਕਦੇ ਬੁੱਢਿਆਂ ਠੇਰਿਆਂ 'ਤੇ ਵੀ ਅਸਰ ਕਰਨ ਲੱਗਿਆ ਸੀ। ਸੱਥ ਵਿਚ ਜੰਮੀਆਂ ਮਹਿਫਲਾਂ ਹੋਣ, ਮਰਨ ਜੰਮਨ ਤੇ ਇਕੱਠੀਆਂ ਹੋਈਆਂ ਤੀਵੀਆਂ ਤੇ ਭਾਵੇਂ ਛੱਪੜ ਕਿਨਾਰੇ ਕੰਮੀ-ਮੁੰਡਿਆਂ ਦੀਆਂ ਟੋਲੀਆਂ ਸਭਨਾਂ ਉੱਪਰ ਉਨ੍ਹਾਂ ਦੀਆਂ ਗੱਲਾਂ ਦੀ ਮੋਹਰ ਸੁਭਾਵਕ ਹੀ ਤੱਕੀ ਜਾ ਸਕਦੀ ਸੀ।

ਸਾਰਾ ਦਿਨ ਡੰਗਰਾਂ ਪਿੱਛੇ ਫਿਰਦੇ ਪਾਲੀ ਜਦੋਂ ਡੰਗਰਾਂ ਨੂੰ ਛੱਪੜਾਂ ਵਿਚ ਵਾੜ ਕੇ ਭੋਰਾ ਦਮ ਮਾਰਨ ਨੂੰ ਬੈਠਦੇ। ਉਨ੍ਹਾਂ ਵਿਚ ਨਿੱਕੀਆਂ ਨਿੱਕੀਆਂ ਬਹਿਸਾਂ ਛਿੜਦੀਆਂ।

'ਪਿੰਡ ਦਾ ਸਰਪੰਚ ਅਖੇ ਬੜਾ ਹਰਾਮੀ ਐ। ਬੜੇ ਪੈਸੇ ਖਾਂਦਾ ਪਿੰਡ ਦੇ।'

'ਇਹ ਕਿਸ ਨੂੰ ਨੀ ਪਤਾ। ਹੁਣ ਤਾਂ ਕੁਛ ਘੱਟ ਗਿਆ। ਅੱਗੇ ਪੂਰਾ ਵੈਲੀ ਹੁੰਦਾ ਸੀ। ਉਦੋਂ ਜ਼ਮੀਨ ਵੀ ਬੜੀ ਹੁੰਦੀ ਸੀ, ਇਹਦੇ ਕੋਲੇ।'

'ਆ ਨੀ ਸਮਝ ਆਉਂਦੀ ਇਹਦੇ ਕੋਲੇ ਇੰਨੀ ਜ਼ਮੀਨ ਪਤਿਆਉਰੇ ਦੇ ਆਈ ਕਿਥੋਂ। ਆਪਣੇ ਬਾਪੂ ਤਾਂ ਪੀੜ੍ਹੀਆਂ ਤੋਂ ਨੰਗ ਨੇ।'

'ਕਦੇ ਆਪਣੇ ਕਾਲਜ ਆਲੇ ਮੁੰਡਿਆਂ ਦੀਆਂ ਗੱਲਾਂ ਸੁਣਿਆ ਕਰ। ਉਹ ਬੜੀਆਂ ਵਧੀਆ ਗੱਲਾਂ ਦੱਸਦੇ ਹੁੰਦੇ ਨੇ। ਆਖਦੇ ਸੀ ਇਹ ਸਭ ਸਾਨੂੰ ਲੁੱਟ ਲੁੱਟ ਬਣੀਆਂ ਨੇ।'

'ਐਵੇਂ ਗੱਲਾਂ ਬਣਾਉਂਦੇ ਨੇ। ਆਪਣੇ ਕੋਲੇ ਕੀ ਐ ਲੁੱਟਣ ਨੂੰ।'

'ਚਲੋ ਦੇਖੋ ਉਹ ਜਿਹੜੇ ਹੁਣ ਹਰਨਾਮੀ ਦੇ ਪੁੱਤ ਛੁੱਟ ਕੇ ਆਏ ਨੇ, ਭਲਾ ਇਹਦੇ 'ਚ ਹਰਨਾਮੀ ਦੇ ਪੁੱਤ ਦਾ ਕੀ ਦੋਸ਼ ਸੀ ?'

ਇਹ ਕੀ ਗੱਲ ਹੋਈ। ਜਿਹੜਾ ਪੰਗਾ ਲਵੇ ਸਿਰ ਤਾਂ ਭੰਨਣਾ ਹੋਇਆ। ਚਾਰ ਦਿਨ ਕੱਟ ਆਏ ਫੇਰ ਕੀ ਐ ?'
'ਆਹੀ ਗੱਲਾਂ ਤਾਂ ਸਾਨੂੰ ਸਮਝ ਨੀ ਪੈਂਦੀਆਂ। ਤਾਂ ਹੀ ਸਾਨੂੰ ਇਹ ਲੁੱਟੀ ਜਾਂਦੇ ਨੇ। ਇਹ ਸਾਰੇ ਕਾਰਨਾਮੇ ਸਰਦਾਰ ਜੀ ਮਹਾਰਾਜ ਦੇ ਸੀ। ਉਨ੍ਹਾਂ ਦੀ ਤਾਂ ਯਾਰੀ ਸੀ ਆਪਸ 'ਚ। ਇਹ ਦੇਖੋ ਇਹਦਾ ਫ਼ਾਇਦਾ ਕੀਹਨੂੰ ਹੋਇਆ। ਤੇ ਨੁਕਸਾਨ ਕੀਹਨੂੰ...।'

'ਗੱਲ ਠੀਕ ਐ। ਕੈਦਾਂ ਵਿਚਾਰੇ ਉਹ ਕੱਟਦੇ ਫਿਰਦੇ ਰਹੇ ਫਸਲਾਂ ਹੁਣ ਤਾਈਂ ਸਰਦਾਰ ਖਾਈ ਜਾਂਦੈ। ਨਾਲੇ ਹੁਣ ਤਾਂ ਉਨ੍ਹਾਂ ਦੀ ਜ਼ਮੀਨ ਵੀ ਬੈਅ ਕਰਾ ਲੀ। ਪੱਟੇ ਗਏ ਦੋਨੋਂ ਘਰ ਵਿਚਾਰੇ।'

'ਨਾਲੇ ਸਰਦਾਰ ਦਾ ਡਕਾ ਨੀ ਲੱਗਿਆ।'

'ਸੱਚੀਂ ਉਏ ਇਹ ਤਾਂ ਸਾਨੂੰ ਐਵੇਂ ਲੜਾਉਂਦਾ ਰਹਿੰਦੈ।'

'ਲੈ ਇਕ ਗੱਲ ਹੋਰ ਦਸਦੈਂ। ਅਖੇ ਇਹਨੇ ਫੌਜੀ ਛੜੇ ਦੀ ਜ਼ਮੀਨ 'ਤੇ ਵੀ ਗੂਠਾ ਲੁਆ ਲਿਆ।' 'ਫੇਰ ਕੀ ਹੋ ਗਿਆ ? ਤੀਵੀਂ ਨੀ ਲਿਆ ਕੇ ਦਿੱਤੀ ਫੂਟ ਵਰਗੀ। ਉਹ ਐਵੀਂ ਨੀ ਆਈ। ਤੂੰ ਦੇਖ ਤਾਂ ਕਿਸੇ ਵਨੀ ਝਾਕ ਕੇ।'

'ਤੂੰ ਤਾਂ ਨਿਰਾ ਝੁੱਡੂ ਐਂ। ਤੂੰ ਸਾਡੇ 'ਚ ਨਾ ਬੈਠਿਆ ਕਰ। ਉਹ ਪਤੈ ਸਾਰੀ ਬਾਰ੍ਹਾਂ ਸੌ ਦੀ ਆਈ ਐ। ਉਹ ਵੀ ਦੋ ਸਾਲਾਂ ਨੂੰ ਮੁੜ ਆਊ। ਜ਼ਮੀਨ ਪਤੈ ਕਿੰਨੇ ਦੀ ਐ ?'

'ਦਸ ਤੇ ਤਿੰਨ ਬਿਘੇ ਦੱਸੀ ਦੀ ਐ।'

'ਕਈ ਹਜ਼ਾਰਾਂ ਦੀ ਬਣਦੀ ਐ।

'ਲੋਕ ਤਾਂ ਉਦੋਂ ਵੀ ਸਰਦਾਰ ਨੂੰ ਅਸੀਸਾਂ ਦਿੰਦੇ ਸੀ, ਜਦੋਂ ਸਰਦਾਰ ਨੇ ਛਾਂਗੇ ਦੀ ਕੁੜੀ ਦਾ ਵਿਆਹ ਕੀਤਾ ਸੀ। ਪਰ ਪਤਾ ਉਦੋਂ ਈ ਲਗਿਆ ਜਦੋਂ ਕੁਰਕੀ ਹੋ ਗੀ।'

'ਮੈਂ ਵੀ ਉਸ ਦਿਨ ਉਥੇ ਈ ਸੀ। ਛਾਂਗੇ ਦੀ ਮਾਂ ਨੇ ਕੋਈ ਸੌ ਵਾਰੀ ਪੈਰੀਂ ਚੁੰਨੀ ਧਰੀ ਹੋਣੀ ਐ। ਪਰ ਇਸ ਕਪੂਤ ਨੂੰ ਭੋਰਾ ਰਹਿਮ ਨੀ ਆਇਆ।'

'ਪਰ ਬਈ ਪੁਲਿਸ ਵਾਲੇ ਵੀ ਕਿਉਂ ਇਨ੍ਹਾਂ ਦੇ ਯਾਰ ਬਣੇ ਰਹਿੰਦੇ ਨੇ। ਉਸ ਦਿਨ ਕਿਵੇਂ ਭੱਜੇ ਫਿਰਦੇ ਸੀ ਅੱਗੇ ਪਿੱਛੇ।'

'ਇਹੋ ਗੱਲ ਇਕ ਦਿਨ ਮੈਂ ਪਾੜ੍ਹੇ ਤੋਂ ਪੁੱਛੀ, ਉਹ ਬੜੀਆਂ ਗਾਲ੍ਹਾਂ ਕੱਢਦਾ ਸੀ। ਅਖੇ ਪੁਲਿਸੀਏ ਇਨ੍ਹਾਂ ਦੇ ਸਿਰਾਂ 'ਤੇ ਈ ਪਲਦੇ ਨੇ। ਜਦੋਂ ਆਉਣ ਇਨ੍ਹਾਂ ਦੇ ਸ਼ਰਾਬਾਂ ਉਡਦੀਆਂ ਨੇ। ਗੱਡਿਆਂ ਦੇ ਗੱਡੇ ਇਹ ਨਿੱਤ ਅੱਡ ਭੇਜਦੈ।'

'ਤਾਹੀਂ ਜਦੋਂ ਗੇਂਦੇ ਕੇ ਲੜ ਪਏ ਸੀ ਇਹਨੇ ਝੱਟ ਫੈਸਲਾ ਕਰਾ ਤਾ।'

'ਫੈਸਲਾ ਕੀ ਮੁਫਤ ਹੋ ਗਿਆ ਸੀ ? ਪੰਦਰਾਂ ਸੌ ਦੁਆਇਆ ਸੀ ਪੁਲਿਸ ਨੂੰ।'

'ਸੋਨੂੰ ਇਕ ਗੱਲ ਦਾ ਹੋਰ ਪਤੈ ? ਅਖੇ ਸਰਦਾਰ ਅਫ਼ੀਮ ਵੇਚਦੈ। ਇਕ ਦਿਨ ਮੇਰਾ ਬਾਪੂ ਫਸ ਗਿਆ। ਉਹਨੇ ਬਥੇਰਾ ਸਰਦਾਰ ਤੋਂ ਪੁੱਛਿਆ। ਸਰਦਾਰ ਨੇ ਕੋਈ ਉਘ ਸੁਗ ਨਾ ਦਿੱਤੀ। ਉਦੋਂ ਈ ਪਤਾ ਲੱਗਿਆ ਜਦੋਂ ਛਾਪਾ ਪੈ ਗਿਆ। ਜਿਹੜੀ ਜੀਪ 'ਚ ਮੇਰਾ ਬਾਪੂ ਬੈਠਾ ਸੀ ਉਹ ਅਫ਼ੀਮ ਦੀ ਭਰੀ ਹੋਈ। ਕਿਸੇ ਨੇ ਸਰਦਾਰ ਨੂੰ ਤਾਂ ਕੁਛ ਨੀ ਆਖਿਆ, ਮੇਰੇ ਬਾਪੂ ਦੀ ਛਿਲ ਲਾਹ ਤੀ। ਆ ਕਰਤੂਤਾਂ ਨੇ ਸਾਡੇ ਸਰਪੰਚ ਦੀਆਂ।'

'ਹੋਰ ਕੋਠੀਆਂ ਕੋਈ ਐਵੇਂ ਪੈਂਦੀਆਂ ਨੇ।'

'ਬੜੀ ਮੌਜ ਐ ਇਨ੍ਹਾਂ ਦੀ। ਨਾ ਕੋਈ ਕੰਮ ਨਾ ਕਾਰ। ਸਾਰਾ ਦਿਨ ਕਬੂਤਰੀ ਵਾਂਗੂੰ ਨਿੱਖਰੇ ਰਹਿਣਾ। ਮੁੰਡੇ ਅੱਡ ਅੰਗਰੇਜ਼ ਬਣੇ ਫਿਰਦੇ ਨੇ।'

'ਬਾਪੂ ਆਪਣੇ ਮਰਦੇ ਨੇ। ਐਸ਼ਾਂ ਇਹ ਕਰਦੇ ਨੇ। ਜੇ ਆਪਣੀ ਜ਼ਮੀਨ ਹੋਵੇ ਅੱਧੇ ਦਾਣੇ ਜਿਹੜੇ ਇਹਨੂੰ ਜਾਂਦੇ ਨੇ ਉਹ ਤਾਂ ਬਚ ਰਿਹਾ ਕਰਨ।'

'ਫੇਰ ਤਾਂ ਆਪਾਂ ਵੀ ਠਾਠ ਬਾਠ ਨਾਲ ਰਿਹਾ ਕਰੀਏ। ਕੀ ਲੋੜ ਐ ਡੰਗਰਾਂ ਪਿੱਛੇ ਫਿਰਨ ਦੀ।' 'ਚੁੱਪ ਕਰਕੇ ਡੰਗਰ ਚਾਰਦੇ ਰਿਹਾ ਕਰੋ। ਸੁਣ ਕੇ ਪਾੜ੍ਹਿਆ ਦੀਆਂ ਗੱਲਾਂ...।'

'ਤੂੰ ਐਵੇਂ ਨਾ ਡਰਿਆ ਕਰ। ਉਹ ਜਿਹੜਾ ਜਸਬੀਰ ਐ ਨਾ ਆਖਦਾ ਸੀ, ਬਾਹਰਲੇ ਕਈ ਮੁਲਕਾਂ 'ਚ ਇਵੇਂ ਹੋਇਐ। ਹੁਣ ਉਥੇ ਸਭ ਨੂੰ ਬਰਾਬਰ ਦੀ ਜ਼ਮੀਨ ਮਿਲੀ ਹੋਈ ਐ। ਫੇਰ ਆਪਣੇ ਕਿਉਂ ਨੀ ਕੁਛ ਹੋ ਸਕਦਾ।' 'ਛੱਡ ਯਾਰ ਦੇਖੀ ਜਊ ਜਦੋਂ ਉਹ ਦਿਨ ਆਉਣਗੇ| ਲੈ ਇਕ ਨਵੀਂ ਗੱਲ ਸੁਣਾਵਾਂ। ਅਖੇ ਕਰਤਾਰੋ ਹੁਣ ਸਰਦਾਰ ਨਾਲ ਰਹਿੰਦੀ ਸੀ।'

'ਰਹਿਣ ਦੇ ਓਏ ਕੰਜਰ ਦਿਆ ਪੁੱਤਾ। ਉਨ੍ਹਾਂ ਦੀ ਤਾਂ ਕਦੋਂ ਦੀ ਲੱਗਦੀ ਐ। ਕਿਹਨੂੰ ਨੀ ਪਤਾ ਉਹਦੇ ਘਰਵਾਲੇ ਨੂੰ ਸਰਦਾਰ ਨੇ ਮਰਵਾਇਆ ਸੀ। ਬਣਿਆ ਫਿਰਦਾ ਸਰਪੰਚ ਵੱਡਾ।'

'ਇਹ ਗੱਲ ਇਕ ਦਿਨ ਚੌਧਰੀ ਆਖਦਾ ਸੀ। ਉਹ ਵੱਡਾ ਬੰਦਾ ਤਾਂ ਨੀ ਝੂਠ ਬੋਲਦਾ।'

'ਚੌਧਰੀ ਕਿਧਰਲਾ ਭਲਾਮਾਣਸ ਆ ਗਿਆ। ਸਾਰੇ ਇਕੋ ਬੇਲੋਂ ਟੁੱਟੇ ਨੇ। ਉਹ ਬੋਲ ਕਿਹੜੇ ਪਾਸਿਉਂ ਘੱਟ ਐ। ਸਾਰਾ ਪਿੰਡ ਲੁੱਟ ਕੇ ਖਾ ਗਿਆ।'

'ਮੇਰੇ ਗਲ ਕਿਉਂ ਪੈਨੇ। ਖਾ ਲਿਆ ਹੋਊ। ਆਪਣੀ ਭੈਣ...।'

'ਮੈਂ ਕਿਥੇ ਲੜਦਾ ? ਆਪਾਂ ਬਥੇਰਾ ਚਿਰ ਲੜ ਲਿਆ। ਹੁਣ ਨੀ ਲੜਦੇ| ਹਾਂ ਮੈਂ ਆਖ ਰਿਹਾ ਸੀ ਸੋਨੂੰ ਪਤੈ ਸਾਡੇ ਪਿੰਡ ਤਿੰਨ ਅਮਲੀ ਹੁੰਦੇ ਸੀ, ਜਿਨ੍ਹਾਂ ਕਰਕੇ ਅਮਲੀਆਂ ਵਾਲਾ ਛੱਪੜ ਵਜਦੈ। ਕਰਤਾਰੋ ਬੜੇ ਨਖਰੇ ਆਲੀ ਤੀਵੀਂ ਐਂ। ਉਹਨੇ ਤਾਂ ਸਰਦਾਰ ਨੂੰ ਉਦੋਂ ਗਾਲ੍ਹਾਂ ਕੱਢੀਆਂ ਸੀ ਜਦੋਂ ਉਹਦੀ ਰਾਜਿਆਂ ਵਾਂਗੂੰ ਚਲਦੀ ਸੀ ਪਿੰਡ 'ਚ। ਉਸੇ ਦਾ ਬਦਲਾ ਲੈਣ ਨੂੰ ਤਾਂ ਉਹਨੇ ਬਲਦੇਵ ਨੂੰ ਅਫ਼ੀਮ 'ਤੇ ਲਾਇਆ। ਨਸ਼ਿਆਂ 'ਚ ਖੋਰ ਕੇ ਮੌਤ ਦੇ ਮੂੰਹ 'ਚ ਸੁੱਟ ਤਾ। ਐਵੇਂ ਚੌਧਰੀ ਪਿੱਛੇ ਲੱਗ ਕੇ ਗੱਲ ਨਾ ਉਡਾਇਆ ਕਰੋ। ਉਹ ਐਵੇਂ ਪੁੱਠੀਆਂ ਸਿੱਧੀਆਂ ਪੜ੍ਹਾਉਂਦਾ ਰਹਿੰਦੈ।' 'ਆਪਣੇ ਬੁੜੇ ਵੀ ਕਿੰਨੇ ਸਿਧਰੇ ਨੇ। ਸਰਪੰਚ ਦੇਖ ਸਾਰੀ ਦੁਨੀਆਂ ਦੇ ਠੱਗ ਨੂੰ ਚੁਣਿਐ। ਬਾਕੀ ਜਿਵੇਂ ਸਾਰਾ ਪਿੰਡ ਮਰ ਗਿਆ ਸੀ।'

'ਜਦੋਂ ਸਾਡੀ ਵਾਰੀ ਆਈ ਅਸੀਂ ਤਾਂ ਇਨ੍ਹਾਂ ਪਾੜ੍ਹਿਆਂ 'ਚੋਂ ਬਣਾਵਾਂਗੇ ਕਿਸੇ ਨੂੰ। ਸਾਡੇ ਨਾਲ ਕਿੰਨਾ ਮੋਹ ਕਰਦੇ ਨੇ ਵਿਚਾਰੇ ! ਵੱਡਿਆਂ ਆਲੀ ਕੋਈ ਗੱਲ ਏ ਨੀ।'

'ਤੂੰ ਆਖਦੈਂ ਉਨ੍ਹਾਂ ਦਾ ਸਿਰ-ਵੱਢ ਵੈਰ ਐ, ਮਹੀਨਾ ਹੋ ਗਿਆ ਜੈਲਾ ਉਨ੍ਹਾਂ ਦੇ ਖੇਤ ਜਾਂਦੈ। ਮੈਨੂੰ ਆਪ ਮਿਲਿਐ ਕਿੰਨੀ ਵਾਰੀ|'

'ਫੇਰ ਕੀ ਹੋ ਗਿਆ। ਢਿੱਡਾਂ ਖਾਤਰ ਸਭ ਕੁਝ ਕਰਨਾ ਪੈਂਦੇ। ਕਈ ਵਾਰੀ ਮਰਜ਼ੀ ਤੋਂ ਉਲਟ ਵੀ। ਹੋਰ ਕੋਈ ਰੱਖਦਾ ਵੀ ਨਹੀਂ ਸੀ। ਘਰੇ ਕਿਵੇਂ ਬੈਠ ਜਾਂਦਾ।'

'ਚਲੋ ਛੱਡੋ ਯਾਰ। ਕੋਈ ਜਿਵੇਂ ਮਰਜ਼ੀ ਕਰੇ। ਕੋਈ ਹੋਰ ਗੱਲ ਕਰੋ।'

ਫੇਰ ਉਹ ਕੋਈ ਹੋਰ ਗੱਲ ਅਰੰਭ ਦਿੰਦੇ।

27

ਕਈ ਵਾਰ ਮੁੰਡੇ ਕਈ ਕਈ ਦਿਨ ਵਾਪਸ ਨਾ ਪਰਤਦੇ। ਜੈਲੇ ਨੂੰ ਅਚਵੀ ਜਿਹੀ ਲੱਗੀ ਰਹਿੰਦੀ। ਦੂਸਰੇ ਵੀ ਉਸ ਨੂੰ ਚੈਨ ਨਾ ਲੈਣ ਦਿੰਦੇ। ਦਿਨ ਵਿਚ ਕਈ ਕਈ ਵਾਰ ਉਹਦਾ ਬੂਹਾ ਖਟਕਦਾ। ਕਈ ਵਾਰ ਉਹ ਪਿੰਡ ਜਸਬੀਰ ਨੂੰ ਮਿਲਣ ਜਾਂਦਾ। ਪੰ੍ਰਤੂ ਹਰੇਕ ਵਾਰੀ ਉਹ ਘਰੋਂ ਬੇ-ਘਰ ਹੁੰਦਾ। ਜੇ ਕਦੇ ਮਿਲ ਵੀ ਜਾਂਦਾ ਤਾਂ ਨਾ ਮਿਲਿਆਂ ਵਰਗਾ। ਕਈ ਵਾਰ ਉਹ ਉਦਾਸ ਹੋ ਜਾਂਦਾ ਤੇ ਖਿਝ ਕੇ ਬੋਲਦਾ :

'ਕੀ ਪਤੈ ਕਦੋਂ ਆਉਣਗੇ। ਕਿਹੜਾ ਦੱਸ ਕੇ ਜਾਂਦੇ ਨੇ। ਸੌ ਵਾਰੀ ਆਖਿਐ ਬਈ ਥਹੁ ਪਤਾ ਦੱਸ ਜਾਇਆ ਕਰੋ। ਹੋਰਾਂ ਨੂੰ ਦੱਸਣ ਦਸਾਣ 'ਚ ਸੌਖ ਹੋ ਜਾਂਦੀ ਐ। ਜਦੋਂ ਹੁਣ ਆਏ ਮੈਂ ਆਖੂੰ ਬਈ ਨਾਲੇ ਤਾਂ ਬਿੰਦ ਠਹਿਰਿਆ ਕਰੋ, ਨਾਲੇ ਆਉਣ ਬਾਰੇ ਕੋਈ ਸੁਨੇਹਾ ਜਾਂ ਰੁੱਕਾ ਜ਼ਰੂਰ ਭੇਜਿਆ ਕਰੋ।'

ਪਰ ਜਦੋਂ ਕਦੀ ਉਹ ਪਿੰਡ ਪਹੁੰਚਦੇ ਜੈਲੇ ਦੇ ਖੰਭ ਉੱਗ ਆਉਂਦੇ। ਉਹਦੇ ਸਭ ਗਿਲੇ ਖ਼ਤਮ ਹੋ ਜਾਂਦੇ। ਧਰਤੀ 'ਤੇ ਪੱਬ ਰੱਖਣਾ ਉਸ ਦੇ ਵੱਸ ਨਾ ਰਹਿੰਦਾ। ਫ਼ੌਜੀ ਬੈਟਰੀ ਫੜੀ ਉਹ ਕੋਠੇ ਕੋਠੇ ਗੇੜਾ ਮਾਰਦਾ। 'ਖੜਾ ਹੋ ਬਈ। ਮਸਾਂ ਆਏ ਨੇ। ਆ ਜਾ ਦਬਾ ਦਬ ਜੇ ਮਿਲਣਾ ਕਾਮਰੇਡਾਂ ਨੂੰ।'

ਜੇ ਕਿਧਰੇ ਉਨ੍ਹਾਂ ਕੋਲੇ ਕੋਈ ਖੜਾ ਬੈਠਾ ਹੁੰਦਾ ਉਹ ਬਹਾਨੇ ਘੜਦਾ।

'ਖੜਾ ਹੋਈਂ ਓ ਮਿੰਦਰਾ। ਆ ਅੱਜ ਮੇਰੇ ਕੋਲ ਪਈਂ। ਮੈਂ ਇਕੱਲਾ।'

'ਆਈ ਓ ਜੀਤਿਆ। ਥੋੜਾ ਜਾ ਟੋਕਾ ਰਹਿੰਦੈ। ਨਾਲੇ ਆਪਣਾ ਕੈਦਾ ਚੱਕ ਲਿਆਈਂ। ਠੀਕ ਲੱਗਿਆ ਦੋ ਅੱਖਰ ਪੜ੍ਹਲਾਂਗੇ।'

ਇਕ ਨਸ਼ੇ ਜਿਹੇ ਵਿਚ ਗੜੂੰਦ ਉਹ ਟਟੀਰੀ ਵਾਂਗ ਭਜਿਆ ਫਿਰਦਾ। ਜਦੋਂ ਉਹ ਵਾਪਸ ਮੁੜਦਾ ਕਾਫੀ ਵੱਡੀ ਮਹਿਫਲ ਜੰਮ ਚੁੱਕੀ ਹੁੰਦੀ।

ਗੂਹੜੇ ਹਨੇਰੇ ਜਦੋਂ ਪਸਰ ਜਾਂਦੇ, ਚਾਰੋਂ ਪਾਸੇ ਖਾਮੋਸ਼ੀ ਛਾ ਜਾਂਦੀ, ਅਸਮਾਨ ਹੇਠਾਂ ਉਨ੍ਹਾਂ ਦੀਆਂ ਮੀਟਿੰਗਾਂ ਹੁੰਦੀਆਂ। ਨੌਜਵਾਨ ਕੰਮੀ ਅੱਖਾਂ ਵਿਚ ਕਿਸੇ ਨਵੇਂ ਭਵਿੱਖ ਦੇ ਸੁਪਨੇ ਲਈ, ਸਹਿਮ ਤੇ ਸ਼ਰਧਾ ਨਾਲ ਭਰੇ ਇਨ੍ਹਾਂ ਨੌਜਵਾਨਾਂ ਵੱਲ ਟਿਕਟਿਕੀ ਲਾ ਕੇ ਦੇਖਦੇ ਤੇ ਉਨ੍ਹਾਂ ਨੂੰ ਧਿਆਨ ਨਾਲ ਸੁਣਦੇ।

ਗੰਭੀਰ ਚਿਹਰਿਆਂ ਵਾਲੇ ਬਾਹਰੋਂ ਆਏ ਨੌਜਵਾਨ ਅੱਧੀ-ਅੱਧੀ ਰਾਤ ਤੱਕ ਉਨ੍ਹਾਂ ਨਾਲ ਗੱਲਾਂ ਕਰਦੇ ਰਹਿੰਦੇ।

ਦੋਸਤੋ ਅਸੀਂ ਬੜੇ ਖੁਸ਼ਨਸੀਬ ਹਾਂ ਕਿ ਕਿਸੇ ਟੀਚੇ ਨੂੰ ਲੈ ਕੇ ਅੱਗੇ ਵੱਧੇ ਹਾਂ। ਸਾਡਾ ਉਸ ਸਮੇਂ ਹੀ ਸੇਰ ਖ਼ੂਨ ਵਧ ਜਾਂਦੈ ਜਦੋਂ ਤੁਹਾਡੇ ਵਰਗੇ ਸ਼ੇਰ ਦਿਲ ਨੌਜਵਾਨਾਂ ਦੀਆਂ ਟੋਲੀਆਂ ਇਉਂ ਉਤਸ਼ਾਹ ਨਾਲ ਭਰੀਆਂ ਆ ਬੈਠਦੀਆਂ ਹਨ। ਜੇ ਤੁਸੀਂ ਇਸੇ ਤਰ੍ਹਾਂ ਹੰਭਲੇ ਮਾਰਦੇ ਰਹੇ ਫੇਰ ਕਾਹਦੀ ਦੇਰ ਐ ਸਾਨੂੰ। ਬਥੇਰਾ ਚਿਰ ਅਸੀਂ ਸਰਮਾਏਦਾਰਾਂ ਤੇ ਜਗੀਰਦਾਰਾਂ ਦੀਆਂ ਜੁੱਤੀਆਂ ਖਾਧੀਆਂ ਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਾ ਬੈਠੇ ਹਾਂ। ਸਾਡੀਆਂ ਸੈਂਕੜੇ ਪੀੜ੍ਹੀਆਂ ਨੇ ਹੁਣ ਤਕ ਇਨ੍ਹਾਂ ਦੀਆਂ ਗੋਗੜਾਂ ਪਾਲੀਆਂ। ਹੁਣ ਇਨ੍ਹਾਂ ਨੂੰ ਫੇਹਣ ਦਾ ਕੰਮ ਵੀ ਅਸੀਂ ਹੀ ਕਰਨਾ ਹੈ। ਸਾਨੂੰ ਦੂਜੇ ਦੇਸ਼ਾਂ ਦੇ ਮਜ਼ਦੂਰਾਂ ਕਿਸਾਨਾਂ ਦੀਆਂ ਪ੍ਰਾਪਤੀਆਂ ਤੋਂ ਸਿੱਖਣਾ ਚਾਹੀਦੈ।

ਅਸੀਂ ਵੀ ਦਿਲ ਦਿਮਾਗ ਰੱਖਦੇ ਹਾਂ। ਹੁਣ ਆਪਣੇ ਹਥਿਆਰ ਸਾਂਭ ਕੇ ਪੂਰਾ ਪਟਨੈ। ਇਨ੍ਹਾਂ ਜ਼ਾਲਮਾਂ ਦੇ ਸਿਰ ਵੱਢ ਕੇ ਹੀ ਅਸੀਂ ਹੁਣ ਦਮ ਲੈਣੇ। ਕਿਹੜੀਆਂ ਕਿਹੜੀਆਂ ਧੱਕੇਸ਼ਾਹੀਆਂ ਨੇ ਜਿਹੜੀਆਂ ਅਸੀਂ ਝੱਲ ਨਹੀਂ ਲਈਆਂ। ਅਜ਼ਾਦੀ ਤੋਂ ਪਹਿਲਾਂ ਸਾਨੂੰ ਸਿੱਧੀ ਤਰ੍ਹਾਂ ਲੁੱਟਿਆ ਗਿਆ। ਹੁਣ ਇਹ ਕਾਲੇ ਅੰਗਰੇਜ਼ ਸਾਨੂੰ ਲੁੱਟਣ ਲੱਗੇ ਨੇ। ਇਸ ਸਰਮਾਏਦਾਰੀ ਢਾਂਚੇ ਤੋਂ ਸਾਨੂੰ ਕੀ ਮਿਲਣੈ ? ਸਿਰਫ ਗੋਲੀਆਂ, ਬਾਰੂਦ ਤੇ ਭੁੱਖ-ਨੰਗ। ਰੁਪਈਏ ਤੋਂ ਬਿਨਾਂ ਕੋਈ ਚੀਜ਼ ਸਸਤੀ ਨਹੀਂ ਤੇ ਜਾਂ ਸਾਡੀਆਂ ਜਾਨਾਂ। ਸਾਨੂੰ ਆਪਣੇ ਹੱਥਾਂ ਨਾਲ ਈ ਆਪਣੀ ਕਿਸਮਤ ਸੰਵਾਰਨੀ ਪਏਗੀ। ਅਸੀਂ ਸੋਡੇ ਅੱਗੇ ਲੱਗੇ ਆਂ। ਅਸੀਂ ਸੋਨੂੰ ਸਭ ਕੁਝ ਦਿਆਂਗੇ, ਬੰਬ, ਪਸਤੌਲ ਤੇ ਤਲਵਾਰਾਂ। ਤੁਸੀਂ ਸਾਨੂੰ ਬਸ ਸਾਥ ਦਿਉ। ਜਦੋਂ ਕੋਈ ਸੁਨੇਹਾ ਆਵੇ ਬਸ ਡਟ ਜਾਉ। ਬੇ-ਝਿਜਕ ਹੋ ਕੇ ਚੌਧਰੀਆਂ ਸਰਦਾਰਾਂ ਅੱਗੇ ਅੜਿਆ ਕਰੋ।' ਇਕ ਹਟਦਾ ਤਾਂ ਦੂਜਾ ਗੱਲ ਅੱਗੇ ਤੋਰਦਾ।

'ਪਰ ਏਕਾ ਸਭ ਤੋਂ ਜ਼ਰੂਰੀ ਐ ਦੋਸਤੋ। ਹੁਣ ਆਪਸ ਵਿਚ ਕਦੇ ਨਾ ਲੜੋ। ਲੜਨ ਤੋਂ ਪਹਿਲਾਂ ਥੋੜਾ ਜਿਹਾ ਸੋਚ ਲਿਆ ਕਰੋ, ਇਸ ਵਿਚ ਕਿਸ ਨੂੰ ਜ਼ਿਆਦਾ ਫਾਇਦਾ ਹੁੰਦੈ। ਲੜਾਈਆਂ ਸੋਡੀਆਂ ਹੁੰਦੀਆਂ ਨੇ, ਸਿਰ ਸੋਡੇ ਟੁੱਟਦੇ ਨੇ, ਖ਼ੂਨ ਸੋਡੇ ਹੁੰਦੇ ਨੇ, ਕੈਦਾਂ ਤੁਹਾਨੂੰ ਹੁੰਦੀਆਂ ਨੇ, ਪਰ ਇਹਦਾ ਫਾਇਦਾ ਉਠਾਂਦੇ ਨੇ ਇਹ ਸਰਮਾਏਦਾਰ ਲੋਕ। ਸਿਰ ਸਾਡੇ ਟੁੱਟ ਰਹੇ ਹੁੰਦੇ ਨੇ, ਇਹ ਆਪਣੀਆਂ ਹਵੇਲੀਆਂ ਤੇ ਕੋਠੀਆਂ ਵਿਚ ਇਕੱਠੇ ਸ਼ਰਾਬਾਂ ਪੀਂਦੇ ਤੇ ਸਾਡੀਆਂ ਹੀ ਧੀਆਂ ਭੈਣਾਂ ਦੀਆਂ ਇੱਜ਼ਤਾਂ ਨਾਲ ਖੇਡ ਰਹੇ ਹੁੰਦੇ ਹਨ। ਲੜਾਈ ਝਗੜੇ ਸਰਦਾਰਾਂ ਦੇ, ਜੇਲ੍ਹਾਂ, ਕੈਦਾਂ ਤੇ ਜ਼ੁਰਮਾਨੇ ਸਾਨੂੰ। ਆਪਸ ਵਿਚ ਲੜਨ ਦਾ ਸਮਾਂ ਲੰਘ ਗਿਐ। ਸੌਹਾਂ ਖਾ ਲਉ ਕਿ ਅਸੀਂ ਆਪਸ ਵਿਚ ਕਦੇ ਨਹੀਂ ਲੜਾਂਗੇ। ਸਾਡੇ ਕੋਲ ਹੈ ਹੀ ਕੀ, ਜਿਸ ਲਈ ਲੜ ਲੜ ਮਰੀਏ। ਆਪਣੀਆਂ ਜਾਨਾਂ ਜੋ ਵਾਰਨੀਆਂ ਈ ਨੇ ਤਾਂ ਕਿਸੇ ਚੰਗੇ ਕੰਮ ਲਈ ਤਾਂ ਵਾਰੋ। ਸਾਡੀਆਂ ਨਸਲਾਂ ਤਾਂ ਇਨ੍ਹਾਂ ਦਰਿੰਦਿਆਂ ਤੋਂ ਬਚ ਜਾਣ।' 'ਇਕ ਆ ਨਸ਼ਿਆਂ ਦੀ ਬਿਮਾਰੀ ਵੱਲ ਵੀ ਥੋੜਾ ਜਿਹਾ ਧਿਆਨ ਦਿਉ। ਤੁਸੀਂ ਆਖੋਗੇ ਸਾਨੂੰ ਮਜਬੂਰਨ ਖਾਣਾ ਪੈਂਦੈ। ਕਈ ਵਾਰ ਵੇਲੇ ਕੁਵੇਲੇ ਤੇ ਕਈ ਵਾਰ ਜ਼ਿਆਦਾ ਕੰਮ ਕਰਨ ਲਈ। ਪਰ ਸੋਡੀ ਇਹ ਸੋਚ ਬਿਲਕੁਲ ਗਲਤ ਐ ਤੇ ਨਿਰੀ ਇਕ ਸਰਮਾਏਦਾਰੀ ਚਾਲ ਦਾ ਸ਼ਿਕਾਰ। ਸਾਨੂੰ ਸੋਚਣੋਂ ਵਾਂਹਝੇ ਕਰਨ ਦੀਆਂ ਤੇ ਸਾਡੇ ਪਹਿਲਵਾਨਾਂ ਵਰਗੇ ਸਰੀਰਾਂ ਨੂੰ ਮਿੱਟੀ ਵਰਗੇ ਬਨਾਉਣ ਦੀਆਂ ਸਕੀਮਾਂ ਸੋਨੂੰ ਇਸ ਬੀਮਾਰੀ 'ਚ ਫਸਾਉਣ ਲਈ ਨਸ਼ੇ ਮੁਫਤ ਤਕ ਵੰਡੇ ਜਾਂਦੇ ਨੇ। ਨਸ਼ਾ ਜਦੋਂ ਹੱਡਾਂ 'ਚ ਰਚ ਜਾਂਦੈ ਇਹ ਹੱਥ ਪਿਛੇ ਖਿੱਚਣ ਨੂੰ ਮਿੰਟ ਲਾਉਂਦੇ ਨੇ। ਨਸ਼ੇ ਦੇ ਮਾਰਿਆਂ ਨੂੰ ਸਭ ਕੁਝ ਗੁਆ ਲੈਣ ਲਈ ਮਜਬੂਰ ਹੋਣਾ ਪੈਂਦੇ। ਇਥੋਂ ਤੱਕ ਕਿ ਧੀਆਂ ਭੈਣਾਂ ਦੀਆਂ ਇੱਜ਼ਤਾਂ ਵੀ। ਸੋਡੇ ਪਿੰਡ ਦਾ ਸਰਦਾਰ ਈ ਦੇਖ ਲਉ। ਕਈਆਂ ਦੇ ਘਰ ਇਸ ਨੇ ਇਸੇ ਹਥਿਆਰ ਨਾਲ ਪੱਟੇ ਨੇ। ਘੱਟੋ ਘੱਟ ਤੁਸੀਂ ਜ਼ਰੂਰ ਇਸ ਵੱਧ ਰਹੀ ਬੀਮਾਰੀ ਤੋਂ ਬਚੋ ਤੇ ਇਸ ਨੂੰ ਘਟਾਉਣ ਵਿਚ ਹਿੱਸਾ ਪਾਉ। ਆਪਣੇ ਯਾਰਾਂ ਦੋਸਤਾਂ ਨੂੰ ਬਾਹੋਂ ਫੜ ਕੇ ਇਨ੍ਹਾਂ ਚਾਲਾਂ ਬਾਰੇ ਦੱਸਿਆ ਕਰੋ। ਨਹੀਂ ਤੇ ਇਹ ਸਾਡੀਆਂ ਪ੍ਰਾਪਤੀਆਂ ਦੇ ਰਾਹ 'ਚ ਪਹਾੜਾ ਵਾਂਗ ਅੜ ਕੇ ਖਲੋਣ ਵਾਲੀ ਸਮੱਸਿਆ ਬਣ ਜਾਏਗੀ।'

'ਵਿਚਦੀ ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ। ਉਹ ਹੈ ਜਾਤ ਪਾਤ ਬਾਰੇ। ਅਸੀਂ ਪਹਿਲਾਂ ਵੀ ਕਈ ਵਾਰ ਆਖਿਐ ਕਿ ਇਹ ਸਿਰਫ਼ ਸਾਨੂੰ ਵੰਡ ਕੇ, ਇਕ ਮਜ਼ਦੂਰ ਨੂੰ ਮਜ਼ਦੂਰ ਤੋਂ ਦੂਰ ਰੱਖ ਕੇ ਸਾਡੇ ਉਤੇ ਹਕੂਮਤ ਕਰਨ ਦੇ ਇਕ ਢੌਂਗ ਤੋਂ ਵਧ ਕੁਝ ਨਹੀਂ। ਮੈਨੂੰ ਬੜਾ ਦੁੱਖ ਹੋਇਆ ਜਦੋਂ ਹੁਣੇ ਮੇਰੇ ਇਕ ਦੋਸਤ ਨੇ ਇਸ ਬੀਮਾਰੀ ਦੀ

ਸ਼ਿਕਾਇਤ ਕੀਤੀ। ਮੈਨੂੰ ਸਮਝ ਨਹੀਂ ਆਉਂਦੀ ਬਈ ਚੂਹੜਿਆਂ ਦੇ ਘਰ ਜੰਮਿਆ ਕਿਹੜੀ ਗੱਲੋਂ ਘੱਟ ਐ ਬਈ ਸੋਡਿਆਂ ਜੱਟ ਪੁੱਤਾਂ ਤੋਂ ਸਾਨੂੰ ਤਾਂ ਇਨ੍ਹਾਂ ਨਾਲ ਹੋਰ ਵੀ ਹਮਦਰਦੀ ਐ। ਸਾਡੇ ਸਾਹਮਣੇ ਸਿਰਫ਼ ਦੋ ਜਮਾਤਾਂ ਨੇ।

ਅਮੀਰ-ਜਿਹੜੇ ਸਾਨੂੰ ਲੁੱਟ ਕੇ ਖਾ ਰਹੀ ਹੈ ਤੇ ਗਰੀਬ ਜਿਹੜੇ ਲੁਟੀਂਦੇ ਨੇ। ਅਜਿਹੀ ਕੋਈ ਸੋਚ ਸਾਡੇ ਲਈ ਨੁਕਸਾਨਦਾਇਕ ਹੈ। ਤੁਸੀਂ ਗੁਰੂ ਗੋਬਿੰਦ ਸਿੰਘ ਜੀ ਵੱਲ ਦੇਖੋ। ਉਸ ਵਰਗੀ ਮਹਾਨ ਸ਼ਖਸੀਅਤ ਘੱਟੋ ਘੱਟ ਹਿੰਦੁਸਤਾਨ ਵਿਚ ਤਾਂ ਪੈਦਾ ਨਹੀਂ ਹੋਈ। ਉਹਨਾਂ ਵੀ ਆਪਣੇ ਪੰਜ ਪਿਆਰੇ ਚੁਣਨ ਸਮੇਂ ਕਿਸੇ ਜਾਤ ਪਾਤ ਦਾ ਖ਼ਿਆਲ ਨੀ ਰੱਖਿਆ। ਧਰਮ-ਧੁਰਮ ਸਭ ਸਾਡੀ ਲੁੱਟ ਦਾ ਸਾਧਨ ਐ। ਗਰੀਬਾਂ ਨੂੰ ਗਰੀਬੀ ਨਾਲ ਸੰਤੁਸ਼ਟ ਰੱਖਣ ਦੀ ਗੱਲ। ਬਹੁਤੀਆਂ ਗੱਲਾਂ 'ਚ ਕੀ ਪਿਐ ? ਬਸ ਇੰਨਾਂ ਹੀ ਆਖਾਂਗਾ ਕਿ ਘੱਟੋ ਘੱਟ ਤੁਸੀਂ ਤਾਂ ਪਿੰਡ ਵਿਚ ਉਦਾਹਰਣ ਬਣ ਜਾਓ। ਬਾਹਾਂ ਵਿਚ ਬਾਹਾਂ ਪਾ ਕੇ ਘੁੰਮਿਆ ਕਰੋ। ਇਕੱਠੇ ਖਾਇਆ ਪੀਆ ਤੇ ਨੱਚਿਆ ਟੱਪਿਆ ਕਰੋ। ਅਸੀਂ ਹਰ ਸਰਮਾਏਦਾਰੀ ਚਾਲ ਨੂੰ ਬੜੀ ਹੁਸ਼ਿਆਰੀ ਨਾਲ ਸਮਝਣਾ ਤੇ ਉਸ ਦੀ ਵਿਰੋਧਤਾ ਕਰਨੀ ਹੈ।'

ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਤਕਰੀਰਾਂ ਘੰਟਿਆਂ ਬੱਧੀ ਚਲਦੀਆਂ ਰਹਿੰਦੀਆਂ। ਜਿੰਨੀ ਦੇਰ ਉਹ ਬੋਲਦੇ ਪੱਤਾ ਤਕ ਵੀ ਨਾ ਹਿਲਦਾ। ਬੋਲਣ ਵਾਲੇ ਦੀ ਅਵਾਜ਼ ਤੋਂ ਬਿਨਾਂ ਕੋਈ ਸਾਹ ਤਕ ਵੀ ਨਾ ਲੈਂਦਾ। ਉਨ੍ਹਾਂ ਦਾ ਧਿਆਨ ਉਸ ਸਮੇਂ ਹੀ ਉਖੜਦਾ ਜਦੋਂ ਜਾਂ ਤਾਂ ਗੁਰਦੁਆਰੇ ਦਾ ਘੜਿਆਲ ਤਿੰਨ ਜਾਂ ਚਾਰ ਵਜਾਉਂਦਾ ਤੇ ਜਾਂ ਫੇਰ ਜਦੋਂ ਖੇਤਾਂ ਨੂੰ ਜਾਂਦੇ ਬਲਦਾਂ ਦੇ ਗਲਾਂ ਵਿਚ ਖਟਕਦੀਆਂ ਟੱਲੀਆਂ ਦੀ ਅਵਾਜ਼ ਗੂੰਜਣ ਲੱਗਦੀ। ਸਮੇਂ ਹੱਥੋਂ ਮਜਬੂਰ ਸਭ ਲਈ ਇਹ ਵਿਛੜਨ ਦਾ ਸਮਾਂ ਹੁੰਦਾ।

ਹਰ ਵਾਰ ਕੰਮੀ ਨੌਜਵਾਨ ਉਨ੍ਹਾਂ ਦੇ ਮੁੜ ਆਉਣ ਦੀਆਂ ਤਰੀਖਾਂ ਪੁੱਛਣ ਲਈ ਜਿਦ ਕਰਦੇ। ਪਰ ਹਰ ਵਾਰ ਉਨ੍ਹਾਂ ਨੂੰ ਨਿਰਾਸਤਾ ਦਾ ਮੂੰਹ ਦੇਖਣਾ ਪੈਂਦਾ। ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਹੁੰਦਾ, ਕਦੋਂ ਉਨ੍ਹਾਂ ਦਾ ਮੁੜ ਫੇਰਾ ਵਜੇ। ਇਸ ਤੋਂ ਵੀ ਵੱਧ ਡਰ ਉਨ੍ਹਾਂ ਨੂੰ ਕਿਸੇ ਪੁਲਿਸ-ਟਾਊਟ ਦਾ ਹੁੰਦਾ। ਨਾ ਚਾਹੁੰਦੇ ਵੀ ਉਹ ਦੋਸਤਾਂ ਨੂੰ ਅਗਲੇ ਕਿਸੇ ਨਿਸ਼ਚਿਤ ਦਿਨ ਤੋਂ ਵਾਂਝਿਆ ਕਰ ਜਾਂਦੇ।

ਕਈ ਕਈ ਕੰਮੀ ਦੂਰ ਤਕ ਉਨ੍ਹਾਂ ਨੂੰ ਛੋੜਨ ਜਾਂਦੇ। ਰਾਹ ਵਿਚ ਵੀ ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹਿੰਦੇ:

'ਸਾਡੇ ਆਉਣ ਦੀ ਖ਼ਬਰ ਕਿਸੇ ਦੇ ਕੰਨੀਂ ਨਾ ਪਵੇ। ਨਹੀਂ ਤਾਂ ਤੁਹਾਡੇ ਦੋਸਤ ਸਰਕਾਰੀ ਗੋਲੀਆਂ ਦਾ ਸ਼ਿਕਾਰ ਹੋ ਸਕਦੇ ਨੇ।'

'ਤੁਸੀਂ ਫ਼ਿਕਰ ਨਾ ਕਰੋ। ਅਸੀਂ ਆਪਣੀਆਂ ਜਾਨਾਂ ਤਾਂ ਦੇ ਸਕਦੇ ਆਂ, ਸੋਡੀਆਂ ਨੀ।' ਮੂਰਲਿਆਂ ਦਾ ਜਵਾਬ ਹੁੰਦਾ।

'ਸੋਡੀਆਂ ਜਾਨਾਂ ਸਾਨੂੰ ਆਪਣਿਆਂ ਨਾਲੋਂ ਪਿਆਰੀਆਂ ਨੇ। ਤੁਸੀਂ ਤਾਂ ਸਾਡੇ ਡੌਲੇ ਓ। ਤੁਹਾਡੇ ਬਿਨਾਂ ਸਾਡੇ ਸਰੀਰ ਨਿਕਾਰੇ ਤੇ ਅਧੂਰੇ ਨੇ।

ਇਹੋ ਜਿਹੀਆਂ ਗੱਲਾਂ ਪਿੰਡ ਵੀ ਛੇੜਿਆ ਕਰੋ। ਬੁੱਢੀਆਂ ਠੇਰੀਆਂ ਤੇ ਕੁੜੀਆਂ ਕਤਰੀਆਂ ਨੂੰ ਵੀ ਸਮਝਾਇਆ ਕਰੋ। ਉਨ੍ਹਾਂ ਬਿਨਾਂ ਪੂਰੀ ਨਹੀਂ ਪੈਣੀ।

ਜਦੋਂ ਵੀ ਕਦੇ ਕੰਮੀ ਉਨ੍ਹਾਂ ਨੂੰ ਠਹਿਰਣ ਦਾ ਜ਼ੋਰ ਲਾਉਂਦੇ, ਉਹ ਇਕੋ ਜਵਾਬ ਦਿੰਦੇ। 'ਅਸੀਂ ਸੋਡੇ ਪਿਆਰ ਨੂੰ ਚੰਗੀ ਤਰ੍ਹਾਂ ਸਮਝਦੇ ਆਂ। ਸੋਡੇ ਕੋਲੇ ਰਹਿਣਾ ਵੀ ਚਾਹੁੰਨੇ ਆਂ। ਪਰ ਕਈ ਗੱਲਾਂ ਸਾਨੂੰ ਇਥੋਂ ਜਾਣ ਤੋਂ ਮਜਬੂਰ ਕਰਦੀਆਂ ਨੇ।'

ਇਹੋ ਕੁਝ ਗੱਲਾਂ ਸਨ, ਜਿਹੜੀਆਂ ਉਨ੍ਹਾਂ ਨੂੰ ਵਿਛੜਨ ਤੋਂ ਵੀ ਮਜਬੂਰ ਕਰ ਦਿੰਦੀਆਂ ਸਨ।

28

ਗੁਰਦੁਆਰੇ ਦੇ ਘੜਿਆਲ ਨੇ ਬਾਰਾਂ ਵਜਾਏ।

ਬੇਚੈਨ ਜਾਗ ਰਿਹਾ ਕੇਹਰਾ ਆਪਣੇ ਨਿੱਘੇ ਬਿਸਤਰੇ ਵਿਚੋਂ ਉਠ ਬੈਠਾ। ਉਸ ਦੇ ਮੰਜੇ ਨਾਲ ਜੀਤੋ ਦਾ ਮੰਜਾ ਸੀ, ਜਿਹੜੀ ਠੰਢ ਤੋਂ ਡਰਦੀ ਢਿੱਡ ਵਿਚ ਲੱਤਾਂ ਘਸੋੜੀ ਪਈ ਸੀ। ਫਟਿਆ ਜੁਬੜ ਮੰਜੇ ਤੋਂ ਅੱਧਾ ਹੇਠਾਂ ਲਟਕ ਰਿਹਾ ਸੀ, ਉਸ ਵਿਚਲੀਆਂ ਟਾਕੀਆਂ ਜਿਵੇਂ ਮੁਸਕੜੀਆਂ ਭਰਦੀਆਂ ਸਨ। ਕੇਹਰੂ ਬੈਠਾ ਵੇਖ ਉਹ ਵੀ ਉਠ ਬੈਠੀ।

ਜੁਬੜ ਨੂੰ ਮੰਜੇ ਤੋਂ ਖਿੱਚ ਕੇ ਉੱਪਰ ਲੈ ਲਿਆ|

ਕੁਝ ਦੇਰ ਉਸ ਦੇ ਪੀਲੇ ਪਏ ਚਿਹਰੇ 'ਤੇ ਵੇਖਦੀ ਰਹੀ। ਕੇਹਰੇ ਨੇ ਆਪਣੀਆਂ ਅੰਦਰ ਧਸੀਆਂ ਅੱਖਾਂ 'ਤੇ ਹੱਥ ਫੇਰਿਆ। ਆਪਣੀ ਚਿੱਟੀ ਦਾੜ੍ਹੀ ਵਿਚ ਉਂਗਲਾਂ ਨਾਲ ਕੰਘੀ ਕਰਦਾ ਅੰਗੜਾਈਆਂ ਭੰਨਣ ਲੱਗ ਪਿਆ। ਜੀਤੋ ਨੇ ਉਠ ਕੇ ਲਾਲਟੈਨ ਦੀ ਬੱਤੀ ਵੱਡੀ ਕਰ ਦਿੱਤੀ। ਕੱਚਾ ਕੋਠਾ ਲਾਲੀ ਨਾਲ ਜਗਮਗਾ ਉਠਿਆ। ਹੁਣ ਕੇਹਰੂ ਦੇ ਚਿਹਰੇ ਤੋਂ ਵੀ ਲਾਲੀ ਵਿਖਾਈ ਦਿੰਦੀ ਸੀ।

'ਰਾਤ ਰਸਦ ਬੰਨ੍ਹ ਦਿੱਤੀ ਸੀ।' ਕੇਹਰੂ ਦੇ ਬੁਲ੍ਹ ਫਰਕੇ।

'ਆਹੋ ! ਕਿੰਨੇ ਵਜੇ ਆ ਅੱਜ ਪਾਣੀ ਦੀ ਵਾਰੀ ?'

'ਦੋ ਵਜੇ।'

'ਹਾਲੇ ਤਾਂ ਫੇਰ ਬਾਰਾਂ ਈ ਵਜੇ ਨੇ। ਕੀ ਕਾਹਲ ਪਈ ਏ ਜਾਣ ਦੀ ?'

'ਘੰਟੇ ਵਿਚ ਉਥੇ ਪਹੁੰਚਾਂਗਾ ਵੀ। ਖੇਤ ਦੋ ਮੀਲ ਭਰ ਐ। ਨਾਲੇ ਪਹਿਲਾਂ ਪਹੁੰਚਣ 'ਚ ਹੀ ਭਲਾ।'

'ਪਹਿਲਾਂ ਚੰਗੀ ਭਲੀ ਨਿਆਈਂ ਸੀ। ਲਵੇ ਦੀ ਲਵੇ। ਹੁਣ ਔਹ ਪੰਜਾਹ ਮੀਲ 'ਤੇ ਪਿਐ।'

'.....'

'ਪਾਲਾ ਬਹੁਤ ਪੈਂਦੇ। ਪੋਹ ਦਾ ਮਹੀਨਾ। ਮੇਰੇ ਤਾਂ ਬਿਸਤਰੇ ਵਿਚ ਬੈਠੀ ਦੇ ਵੀ ਹੱਥ ਪੈਰ ਕੰਬੀ ਜਾਂਦੇ ਨੇ।'

'ਕੰਮ ਕਰਦਿਆਂ ਦਾ ਪਾਲਾ ਲੱਥ ਜਾਂਦੇ ਹੁੰਦੈ। ਨਾਲੇ ਇਹ ਕਿਹੜਾ ਬਸ ਬਾਬੇ ਦਾ ਰੋਗ ਆ। ਢਿੱਡ ਭਰਨੇ ਨੇ ਤਾਂ ਸਭ ਕੁਝ ਕਰਨਾ ਪੈਣਾ|'

'ਪਰ ਪਾਣੀ ਤਾਂ ਬਰਫੋਂ ਵੀ ਠੰਡਾ ਹੋਊ। ਜੰਮੇ ਪਾਣੀ ਵਿਚ ਕਿੱਦਾਂ ਖੜੇਂਗਾ ?'

'ਅੱਜ ਤੂੰ ਕਿਹੋ ਜਿਹੀਆਂ ਗੱਲਾਂ ਕਰਨੀ ਏ। ਉਠ ਰਸਦ ਫੜਾ। ਝੱਲੀ।'

'ਮੈਂ ਆਖਿਆ ਜਾਂਦੇ ਜਰਾ ਸਰਦਾਰਾਂ ਦੇ ਕਾਕੇ ਨੂੰ ਵੀ ਲੈਂਦੇ ਜਾਣਾ ਜੇ।'

'ਕਿਉਂ ? ਕੇਹਰੇ ਨੇ ਬੜੀ ਹੈਰਾਨੀ ਨਾਲ ਪੁੱਛਿਆ।

'ਕਿਉਂ ਕੀ ?' ਉਹ ਵੀ ਤਾਂ ਅੱਧੀ ਫਸਲ ਲਿਜਾਂਦੇ ਨੇ। ਜੇ ਕਦੇ ਹੱਥ ਵਟਾ ਦੇਣਗੇ, ਫੇਰ ਕੀ ਮਰਦੇ ਨੇ।

ਪਿੜਾਂ ਵੇਲੇ ਤਾਂ ਟਰਾਲੀਆਂ ਪਹਿਲਾਂ ਭਰ ਲੈਂਦੇ ਨੇ।'

'ਕਮਲੀਏ ਉਹ ਬਾਦਸ਼ਾਹ ਨੇ। ਵੱਡਿਆਂ ਨੂੰ ਵੇਖ ਕੇ ਜਲੀ ਦਾ ਨੀ ਹੁੰਦਾ। ਉਹਨਾਂ ਦੇ ਕਰਮਾਂ ਵਿਚ ਐਸ਼ ਲਿਖੀ ਐ।'

'ਆਖਰ ਐਸ਼ ਵੀ ਤਾਂ ਸਾਡੇ ਸਿਰਾਂ 'ਤੇ ਹੀ ਕਰਦੇ ਨੇ। ਜੇ ਅਸੀਂ ਕੰਮ ਨਾ ਕਰੀਏ ਤਾਂ ਇਹਨਾਂ ਦੀ ਬਾਦਸ਼ਾਹੀ ਕਿਧਰੇ ਜਾਵੇ। ਸ਼ਰਾਬ ਦਾ ਨਸ਼ਾ ਜੋ ਸਾਰਾ ਦਿਨ ਚੜ੍ਹਿਆ ਰਹਿੰਦੈ ਮਿੰਟੀਂ ਉਤਰ ਜਾਏ। ਜੇ ਕਿਤੇ ਮੈਂ ਤੇਰੇ ਥਾਂ ਹੁੰਦੀ, ਹੁਣ ਨੂੰ ਕਿਦਨ ਦੀ ਕੁਝ ਕਰ ਦਿਖਾਦੀਂ। ਕਰਾਂ ਕੀ ਰੱਬ ਨੇ ਚੂੜੀਆਂ ਪਾ ਦਿੱਤੀਆਂ ਨੇ।'

'ਕਮਲੀਏ ਖ਼ੂਨ ਮੇਰਾ ਬਥੇਰਾ ਉਬਾਲੇ ਖਾਂਦਾ ਏ। ਪਰ ਕਰਾਂ ਕੀ ? ਕੱਲਾ ਏਡਿਆਂ ਨਾਲ ਕਿਵੇਂ ਲੜਾਈ ਲਵਾਂ। ਪਿੱਛੇ ਜੇ ਬੋਲਿਆ ਸੀ ਨਾ ਇਕ ਨਾਲ ਦੇ ਪਿੰਡ। ਵਿਚਾਰਾ ਜਾਨ ਗਵਾ ਬੈਠਾ। ਨਾਲੇ ਉਹਤੋਂ ਪੁਲਿਸ ਵੀ ਡਰਦੀ ਸੀ। ਇਹ ਤਾਂ ਬਾਬਾ ਸ਼ੇਰ ਨੇ।'

'ਸ਼ੇਰ ਨੀ। ਸ਼ੇਰ ਬਣਾ ਦਿੱਤੇ ਨੇ। ਅੰਨ੍ਹਿਆਂ 'ਚ ਕਾਣਾ ਰਾਜਾ। ਤੁਸੀਂ ਇਕੱਠੇ ਹੋ ਕੇ ਹੱਲਾ ਕਿਉਂ ਨੀ ਬੋਲ ਦਿੰਦੇ। ਜਦੋਂ ਆਪਸ ਵਿਚ ਈ ਲੜ ਲੜ ਮਰਦੇ ਓ ਤਾਂ ਉਹ ਫਾਇਦਾ ਨਾ ਉਠਾਣ ਤਾਂ ਕੀ ਕਰਨ। ਇਕ ਹਿੰਮਤ ਕਰਦਾ ਦੂਜਾ ਸਰਦਾਰ ਦੇ ਕੰਨ ਭਰ ਦਿੰਦਾ। ਲਾਹਨਤ ਐ ਅਜਿਹੇ ਬੰਦਿਆਂ 'ਤੇ। ਇਕੋ ਸਰਦਾਰ ਪਿੰਡ ਦੇ ਸੈਂਕੜੇ ਕਿਸਾਨਾਂ ਨੂੰ ਕਾਬੂ ਕਰੀ ਬੈਠੈ।'

'ਅੱਜ ਕਿਤੇ ਗੁਲਜ਼ਾਰ ਹੋਰੀਂ ਤਾਂ ਨੀ ਸੀ ਆ ਗਏ, ਜੋ ਅਜਿਹੀਆਂ ਗੱਲਾਂ ਕਰਨੀ ਏਂ ?' ਕੇਹਰੇ ਨੂੰ ਲਗਿਆ, ਜਿਵੇਂ ਜੀਤੋ ਅੰਦਰੋਂ ਕੋਈ ਹੋਰ ਬੋਲ ਰਿਹਾ ਹੋਵੇ।

'ਆਹੋ ਆਏ ਸੀ। ਤੈਨੂੰ ਉਡੀਕਦੇ ਪਏ ਸੀ। ਉਹ ਵੀ ਤਾਂ ਕਾਮਿਆਂ ਦੇ ਜਾਏ ਨੇ। ਦੂਜਿਆਂ ਖਾਤਰ ਰੁੱਖੀਆਂ ਸੁੱਖੀਆਂ ਖਾ ਕੇ, ਭੁੱਖੇ ਰਹਿ ਕੇ ਵੀ ਭਟਕਦੇ ਫਿਰਦੇ ਨੇ। ਹਜ਼ਾਰਾਂ ਰੁਪਏ ਖਰਚ ਕੇ ਵੀ ਨੌਕਰੀਆਂ 'ਤੇ ਨੀ ਲੱਗੇ। ਖੱਦਰਾਂ ਵਿਚ ਫਿਰਦੇ ਨੇ, ਜਿਵੇਂ ਕਾਲਜਾਂ ਦਾ ਮੂੰਹ ਨੀ ਦੇਖਿਆ ਹੁੰਦਾ। ਬਰਫ ਵਾਂਗ ਜੰਮੀਆਂ ਰਾਤਾਂ ਵਿਚ ਘਰੀਂ ਫਿਰਦੇ ਨੇ। ਉਹਨਾਂ ਕੀ ਜ਼ਮੀਨਾਂ ਆਪ ਸਾਂਭਣੀਆਂ ਨੇ। ਤੁਹਾਡੇ ਫਾਇਦੇ ਵਾਸਤੇ ਫਿਰਦੇ ਨੇ...।'

'ਫੇਰ ਆਉਣਗੇ ਕਿ ਨਹੀਂ ?'

'ਹਾਲੇ ਪਿੰਡ ਈ ਨੇ। ਆਂਹਦੇ ਸੀ ਸਭ ਦੇ ਘਰੀਂ ਫਿਰਨਾ।'

'ਅੱਛਾ ! ਉਹਨਾਂ ਨੂੰ ਕਹੀਂ ਬਚ ਕੇ ਆਇਆ ਕਰਨ। ਜੇ ਸਰਦਾਰਾਂ ਨੂੰ ਪਤਾ ਲੱਗ ਗਿਆ ਤਾਂ ਖਰਾਬ ਕਰੂ।

ਆਪਾਂ ਤਾਂ ਇਹਨਾਂ ਤੋਂ ਖਾਣੈ।'

'ਫੇਰ ਉਹੋ ਕਮੀਨੀ ਗੱਲ, ਸਗੋਂ ਇਹ ਤਾਂ ਸਾਥੋਂ ਖਾਂਦੇ ਨੇ।' ਜੀਤੋ ਆਪਣੀ ਗੱਲ 'ਤੇ ਅੜੀ ਹੋਈ ਸੀ। 'ਅੱਛਾ ਬਾਬਾ ਰਸਦ ਫੜਾ ਮੈਂ ਜਾਵਾਂ। ਸਮਾਂ ਹੁੰਦਾ ਜਾਂਦੈ। ਜੇ ਆਏ ਤਾਂ ਉਧਰ ਘੱਲ ਦੇਈਂ। ਕਹੀਂ ਬਾਹਰ ਹੀ ਮਿਲ ਲਿਆ ਕਰੋ। ਦੀਵਾਰਾਂ ਦੇ ਵੀ ਕੰਨ ਹੁੰਦੇ ਨੇ।'

ਜੀਤੋ ਨੇ ਚੁੱਕ ਕੇ ਰਸਦ ਫੜਾ ਦਿੱਤੀ। ਇਕ ਲੜ ਗੁੜ ਦਾ ਭੋਰਾ, ਦੂਜੇ ਲੜ ਮਾਸਾ ਕੁ ਪੱਤੀ। ਖੱਦਰ ਦਾ ਕੁੜਤਾ ਜਿਸ 'ਤੇ ਵੱਡੀ ਸਾਰੀ ਟਾਕੀ ਮੁਸਕੜੀਆਂ ਭਰਦੀ ਸੀ। ਸੱਜੇ ਪੈਰ ਵਿਚ ਫਿੱਡੀ ਜੁੱਤੀ ਤੇ ਖੱਬੇ ਪੈਰੋਂ ਨੰਗਾ ਕੇਹਰੂ ਮੋਢੇ 'ਤੇ ਕਹੀ ਰੱਖ ਕੇ ਹਨੇਰੇ ਵਿਚ ਗੁੰਮ ਹੋ ਗਿਆ।

ਪੋਹ ਦੀ ਰਾਤ ਦੇ ਬਾਰਾਂ ਦਾ ਸਮਾਂ ਸੀ। ਠੰਢ ਨਾਲ ਖ਼ੂਨ ਜੰਮਦਾ ਜਾ ਰਿਹਾ ਸੀ। ਕਾਲੀ ਸ਼ਾਹ ਰਾਤ। ਚਾਰੇ ਪਾਸੇ ਖਮੋਸ਼ੀ ਦਾ ਰਾਜ। ਪਹੇ ਦਾ ਰੇਤਾ ਵੀ ਜਿਵੇਂ ਠੰਢ ਨਾਲ ਜੰਮ ਗਿਆ ਸੀ। ਕੇਹਰਾ ਤੇਜ਼-ਤੇਜ਼ ਕਦਮ ਪੁੱਟਦਾ ਖੇਤ ਵੱਲ ਵਧਦਾ ਰਿਹਾ। ਇਕੱਲੇਪਨ ਤੋਂ ਘਬਰਾ ਕੇ ਉਹਨੇ ਹੀਰ ਛੇੜ ਦਿੱਤੀ। ਕੁਝ ਕੁ ਪੁਲਾਂਘਾਂ ਭਰੀਆਂ ਸਨ ਕਿ ਨਿਆਈਂ ਆ ਗਈ। ਉਸ ਨੂੰ ਮਹਿਸੂਸ ਹੋਇਆ ਅੱਜ ਫੇਰ ਉਹ ਇਸੇ ਨਿਆਈਂ ਵਿਚ ਹੱਲ ਵਾਹ ਰਿਹਾ ਹੋਵੇ। ਕਿੰਨੇ ਦਿਲ ਨਾਲ ਉਸ ਨੇ ਇਸ ਨਿਆਈਂ ਨੂੰ ਸੰਵਾਰਿਆ ਸੀ। ਸਾਰਾ ਦਿਨ, ਸਾਰੀ ਰਾਤ ਇਕ ਕਰਕੇ, ਖ਼ੂਨ ਪਸੀਨੇ ਨਾਲ ਸਿੰਜ ਕੇ। ਜਦੋਂ ਉਹ ਕੁਝ ਪੈਦਾ ਕਰਨ ਜਿੰਨੀ ਹੋਈ, ਉਹਨੂੰ ਸਰਦਾਰ ਕੋਲੇ ਬੈਅ ਕਰਨੀ ਪਈ। ਮੁੜ ਕਦੇ ਕੇਹਰੇ ਨੇ ਦਿਲ ਲਾ ਕੇ ਕੰਮ ਨਹੀਂ ਕੀਤਾ। ਮੁੜ ਕਦੇ ਖੇਤ ਸੰਵਾਰਨ ਨੂੰ ਉਹਦੀ ਰੂਹ ਨਹੀਂ ਕੀਤੀ, ਬਸ ਐਵੇਂ ਗਲ ਪਿਆ ਢੋਲ ਵਜਾਉਂਦਾ ਸੀ।

ਵਿੰਗ ਵਲ ਖਾਂਦਾ ਕੇਹਰੂ ਖੇਤ ਪਹੁੰਚ ਗਿਆ। ਹਾਲੇ ਕਾਫੀ ਵਕਤ ਪਿਆ ਸੀ। ਉਸ ਨੇ ਥੱਬਾ ਭਰ ਕੇ ਛਿਟੀਆਂ ਦਾ ਬਾਲ ਲਿਆ। ਛਿਟੀਆਂ ਦੇ ਪਟਾਕੇ ਦੂਰ-ਦੂਰ ਤਕ ਚੁੱਪ ਤੋੜ ਰਹੇ ਸਨ। ਉਸ ਵਿਚੋਂ ਨਿਕਲਦੀ ਲਾਟ ਦੂਰ-ਦੂਰ ਤੱਕ ਚਾਨਣ ਕਰ ਦਿੰਦੀ।

'ਚੁੱਕ ਲੈ ਹਥੌੜੇ ਅੱਜ...

ਭੰਨ ਦੇ ਤੂੰ ਸੀਨੇ ਪੱਥਰਾਂ ਦੇ....।'

ਕੋਈ ਸੁਰੀਲੀ ਅਵਾਜ਼ ਉਸ ਵੱਲ ਵੱਧ ਰਹੀ ਸੀ। ਕੇਹਰੇ ਨੇ ਹੋਰ ਛਿਟੀਆਂ ਅੱਗ ਵਿਚ ਸੁੱਟ ਦਿੱਤੀਆਂ। ਦੂਰੋਂ ਕਈ ਪਰਛਾਵੇਂ ਉਸ ਵੱਲ ਆਉਂਦੇ ਦਿਖਾਈ ਦਿੱਤੇ। ਕੇਹਰੂ ਸਹਿਮ ਗਿਆ। ਕਹੀ ਆਪਣੇ ਵੱਲ ਖਿੱਚ ਲਈ ਤੇ ਅੱਗ ਠੀਕ ਕਰਨ ਲੱਗ ਪਿਆ।

'ਓ ਕੰਜਰੋ ਤੁਸੀਂ ? ਸੌਹਰੀਂ ਦਿਉ ਇੰਨੀ ਠੰਢ ਵਿਚ ਕਿਵੇਂ ਗੇੜੇ ਦਿੰਦੇ ਫਿਰਦੇ ਓ।'

'ਤੇਰੇ ਵਰਗੇ ਚੈਨ ਵੀ ਲੈਣ ਦੇਣ। ਸਾਰਾ ਦਿਨ ਸਾਉਣ ਦੇ ਬੱਦਲਾਂ ਵਾਂਗ ਦਿਮਾਗ਼ 'ਤੇ ਛਾਏ ਰਹਿੰਦੇ ਓ।'

ਇਕ ਖੱਦਰ-ਪੋਸ਼ ਬੋਲਦਾ ਕੇਹਰੂ ਕੋਲ ਬੈਠ ਗਿਆ। ਬਾਕੀ ਘੇਰਾ ਘੱਤ ਕੇ ਉਸ ਦੁਆਲੇ ਬੈਠ ਗਏ। ਕੇਹਰੇ ਨੇ ਦੋ ਛਿਟੀਆਂ ਹੋਰ ਸੁੱਟ ਦਿੱਤੀਆਂ। ਅੱਗ ਦੀ ਲਾਲੀ ਉਹਨਾਂ ਸਾਫ਼ ਚਿਹਰਿਆਂ 'ਤੇ ਡਾਢੀ ਸੋਹਣੀ ਲਗਣ ਲੱਗੀ।

'ਅੱਗ ਤਾਂ ਬੜੀ ਨਿੱਘੀ ਐ...।' ਹੱਥ ਮਸਲਦਾ ਇਕ ਬੋਲਿਆ।

'ਨਿੱਘ ਤਾਂ ਉਦੋਂ ਮਹਿਸੂਸ ਹੋਊ, ਜਦੋਂ ਇਨ੍ਹਾਂ ਦਾ ਖ਼ੂਨ ਨਿੱਘਾ ਹੋਊ।'

'ਵੇਖਾਂ ਮੇਰਾ ਖ਼ੂਨ ਪਹਿਲਾਂ ਹੀ ਨਿੱਘਾ ਪਿਐ।' ਉਹਨਾਂ ਦੀਆਂ ਗੱਲਾਂ ਤੋਂ ਕੇਹਰਾ ਬੇਸਮਝ ਸੀ।

'ਇਸ ਗਰਮੀ ਨੂੰ ਕੀ ਕਰੀਏ। ਜਿੰਨਾ ਚਿਰ ਖ਼ੂਨ ਵਿਚ ਉਬਾਲ ਨਹੀਂ ਆਉਂਦਾ, ਉਨਾ ਚਿਰ ਇਹ ਠੰਢਾ ਰਹੇਗਾ। ਜੰਮਿਆ ਹੋਇਆ।'

'ਅੱਜ ਇਡੀ ਰਾਤ ਕਿੱਦਾਂ ?'

'ਸਾਡਾ ਕੰਮ ਈ ਹਨੇਰਿਆਂ ਨਾਲ ਟੱਕਰ ਲੈਣਾ ਐ।' ਅੱਗ ਵਿਚ ਛਿਟੀਆਂ ਸੁੱਟਦੇ ਇਕ ਨੌਜਵਾਨ ਨੇ ਕਿਹਾ।

'ਮੈਨੂੰ ਕੁਝ ਨੀ ਸਮਝ ਪੈਂਦਾ। ਦੱਸਣਾ ਤਾਂ ਠੀਕ ਬੋਲ ਕੇ ਦੱਸ। ਹਨੇਰੇ ਸਨੇਰੇ।'

'ਜਿਦਨ ਸਮਝ ਲਿਆ ਮੁੜ ਅਸੀਂ ਕਾਹਨੂੰ ਆਵਾਂਗੇ। ਫੇਰ ਆਪੇ ਟਕਰਾਵੇਂਗਾ ਹਨੇਰੇ ਨਾਲ।'

ਇਸ ਵਾਰ ਉਹ ਚੁੱਪ ਰਿਹਾ। ਕਾਫੀ ਦੇਰ ਖਾਮੋਸ਼ੀ ਛਾਈ ਰਹੀ।

'ਤੇਰੇ ਫਸਲ ਕਿੰਨੀ ਕੁ ਹੁੰਦੀ ਆ ?'

'ਆਹੀ ਸੌ ਕੁ ਮਣ।'

'ਪੰਜਾਹ ਮਣ ਉਨ੍ਹਾਂ ਦੀ ਵੱਡੇ ਸਰਦਾਰਾਂ ਦੀ। ਇਕ ਵਿਅੰਗ ਨਾਲ ਬੋਲਿਆ।

'ਹਾਂ।'

'ਭਲਾ ਜੇ ਜ਼ਮੀਨ ਤੇਰੀ ਹੋਵੇ ਕਿਹੋ ਜਿਹਾ ਰਹੇ ਗੁਜ਼ਾਰਾ ?'

'ਬੜਾ ਵਧੀਆ।'

'ਫੇਰ ਕਿਉਂ ਨੀ ਅੰਗੂਠਾ ਦਿਖਾ ਦਿੰਦੇ ਸਰਦਾਰਾਂ ਨੂੰ ?'

ਕਿਉਂ ?'

'ਆਖੋ ਅਸੀਂ ਵਾਹੁਣੇ ਹਾਂ। ਜ਼ਮੀਨ ਸਾਡੀ...?'

'ਭਲਿਆ ਲੋਕਾ ਉਸ ਨਾਲ ਲੜੂ ਕੌਣ ?'

'ਅਸੀਂ ਸਾਰੇ। ਸਾਰਾ ਪਿੰਡ। ਸਾਰੇ ਰਲ ਕੇ ਅੰਗੂਠਾ ਵਿਖਾਵਾਂਗੇ। ਤਿਆਰੀਆਂ ਜ਼ੋਰਾਂ 'ਤੇ ਨੇ। ਪੂਰੀ ਤਿਆਰੀ ਰੱਖ। ਸਰਦਾਰ ਦਾ ਮਲੀਆਮੇਟ ਕਰ ਦਿਆਂਗੇ। ਬੋਲ ਤਿਆਰ ਏਂ ?' ਨਿੱਘੇ ਹੱਥਾਂ ਨੂੰ ਘੁੱਟਦਾ ਖੱਦਰ-ਪੋਸ਼ ਬੋਲਿਆ। ਕੇਹਰਾ ਚੁੱਪ ਰਿਹਾ। ਕਾਫੀ ਦੇਰ ਸੋਚਦਾ ਰਿਹਾ। ਪਿਛਲੀ ਟੱਕਰ ਵਿਚ ਪਿਆਰੇ ਦੀ ਭਿਆਨਕ ਮੌਤ ਉਸ ਦੀਆਂ ਅੱਖਾਂ ਅੱਗੇ ਨੱਚ ਰਹੀ ਸੀ।

ਇਕ ਨੌਜਵਾਨ ਨੇ ਆਪਣੇ ਝੋਲੇ ਵਿਚੋਂ ਇਕ ਲਾਲ ਕੱਪੜਾ ਕੱਢਿਆ ਤੇ ਕੇਹਰੇ ਅੱਗੇ ਕਰਕੇ ਬੋਲਿਆ, 'ਅਸੀਂ ਕਸਮ ਖਾਧੀ ਸੀ ਪਿਆਰੇ ਦੇ ਇਸ ਗਾੜ੍ਹੇ ਖ਼ੂਨ ਦੀ। ਯਾਦ ਏ ਨਾ ਪਿਛਲੀ ਵਾਰ ਉਹ ਸਾਡੀ ਹੀ ਖਾਤਰ ਮਰਿਆ ਸੀ। ਸੋਚ ਭਲਾ ਉਸ ਐਮ.ਏ. ਪੜ੍ਹੇ ਨੇ ਕੀ ਲੈਣਾ ਸੀ ਸਾਥੋਂ। ਚੰਗੀ ਭਲੀ ਨੌਕਰੀ ਮਿਲ ਗਈ ਸੀ। ਚਾਹੁੰਦਾ ਤਾਂ ਸੋਹਣੀ ਰੋਟੀ ਖਾ ਸਕਦਾ ਸੀ। ਪਰ ਐਸ਼ੋ-ਇਸ਼ਰਤ ਨੂੰ ਲੱਤ ਮਾਰ ਕੇ ਮੌਤ ਨੂੰ ਜੱਫੀ ਪਾਈ ਤਾਂ ਸਾਡੇ ਖਾਤਰ...। ਸੋਚ ਕੀ ਤੂੰ ਅਜੇਹੇ ਵੀਰਾਂ ਦੇ ਖ਼ੂਨ ਨੂੰ ਠੁਕਰਾਏਂਗਾ ? ਬੋਲ ਕੇਹਰਿਆ, ਜਵਾਬ ਦੇ।' ਖ਼ੂਨ ਨਾਲ ਲਿਬੜਿਆ ਕੁੜਤਾ ਉਸ ਦੇ ਹੱਥਾਂ ਵਿਚ ਕੰਬ ਰਿਹਾ ਸੀ।

ਛਿਟੀਆਂ ਦੀ ਅੱਗ ਨੂੰ ਭੱਖਦੇ ਰੱਖਣ ਲਈ ਇਕ ਮੁੱਠ ਛਿਟੀਆਂ ਦੀ ਸੁੱਟਦਾ ਦੂਜਾ ਬੋਲਿਆ, 'ਵੇਖ ਕੇਹਰਿਆ ਜੇ ਇਕ-ਇਕ ਕਰਕੇ ਮੱਚੀਏ ਤਾਂ ਸੇਕ ਨੀ ਨਿਕਲਦਾ। ਜੇ ਇਕੱਠੇ ਹੋ ਕੇ ਮੱਚੇ ਤਾਂ ਉਹਨਾਂ ਨੂੰ ਵਿਚੇ ਜਾਲ ਸੁੱਟਾਂਗੇ। ਇਕੱਲੇ-ਇਕੱਲੇ ਨਾ ਜਲੋ, ਭਾਂਬੜ ਬਣ ਕੇ ਮੱਚੋ। ਇਹ ਵੀ ਤਾਂ ਫੂਸ ਦੇ ਢੇਰ ਨੇ। ਇਕੋ ਤੀਲੀ ਨਾਲ ਇੰਨਾ ਮੱਚ ਸਵਾਹ ਹੋ ਜਾਣੈ। ਉਪਰੋਂ ਹੋਰ, ਅੰਦਰੋਂ ਹੋਰ ਨੇ। ਕਈ ਸਾਨੂੰ ਜ਼ਮੀਨਾਂ ਦੇਣ ਨੂੰ ਤਿਆਰ ਨੇ। ਪਰ ਅਸੀਂ ਕੀ ਕਰਨੀਆਂ ਨੇ। ਸਾਨੂੰ ਤਾਂ ਹੱਕ ਚਾਹੀਦੇ ਨੇ...। ਬੋਲ ਨਾ ਤੇਰੀ ਕੀ ਰਾਏ ਹੈ....?'

'ਅਸੀਂ ਵਿਚੋਂ ਕੁਝ ਖੱਟਣਾ ਥੋੜ੍ਹਾ ਈ ਏ। ਜਾਨਾਂ ਤੱਲੀ 'ਤੇ ਟਿਕਾਈ ਫਿਰਦੇ ਹਾਂ। ਪੁਲੀਸ ਸਾਡੇ ਪਿੱਛੇ ਛਾਂ ਵਾਂਗ ਲੱਗੀ ਰਹਿੰਦੀ ਹੈ। ਕੁਫਰਾਂ ਦੀ ਠੰਢ ਵਿਚ ਖੇਤਾਂ ਵਿਚ ਭਉਂਦੇ ਫਿਰਦੇ ਹਾਂ। ਪਰ ਕਿਉਂ ? ਤਾਂ ਜੋ ਸਾਡੇ ਛੋਟੇ ਭਰਾ, ਪੁੱਤ, ਪੋਤੇ ਸਾਡੇ ਬਾਪੂ ਦਾਦਿਆਂ ਵਾਂਗ ਭੁੱਖ ਦੀ ਮੌਤ ਨਾ ਮਰਨ...। ਆਪਣੇ ਹੱਡ ਪੀਹ ਕੇ ਵੀ ਭੁੱਖੇ ਨਾ ਮਰਨ...।'

'ਕੀ ਤੂੰ ਨਹੀਂ ਚਾਹੁੰਦਾ ਤੇਰੇ ਪੁੱਤ ਰਲ ਕੇ ਜਵਾਨੀਆਂ ਮਾਨਣ...ਬੋਲ ਕੇਹਰਿਆ ਕੁਝ ਤਾਂ ਬੋਲ...।'

'ਨਹੀਂ ਮੇਰੇ ਪੁੱਤ ਭੁੱਖੇ ਨਾ ਮਰਨ। ਉਹਨਾਂ ਖਾਤਰ ਤਾਂ ਮੈਂ ਭੁੱਖਾ ਮਰਦਾ...?'

'ਫੇਰ ਤੈਨੂੰ ਕੁਝ ਕਰਨਾ ਪਊਗਾ।'

'ਕੀ ? ਮੈਂ ਤਿਆਰ ਹਾਂ....।'

'ਕਬਜ਼ਾ। ਹੱਥੋ-ਪਾਈ। ਖ਼ੂਨ।'

'ਮੈਂ ਤਿਆਰ ਹਾਂ। ਆਪਣੀ ਜਾਨ ਵਾਰ ਕੇ ਵੀ। ਮੈਨੂੰ ਵੀ ਪਿਆਰੇ ਦੇ ਖ਼ੂਨ ਦੀ ਕਸਮ।'

'ਚੰਗਾ ਹੁਣ ਅਸੀਂ ਚਲੇ ਆਂ। ਸਾਡਾ ਹਾਲੇ ਬਹੁਤ ਕੰਮ ਰਹਿੰਦੈ। ਸਾਡਾ ਬੰਦਾ ਆਊ ਤੈਨੂੰ ਸਭ ਕੁਝ ਸਮਝਾ ਜਾਊ। ਉਸ ਤੋਂ ਅਗਲੇ ਦਿਨ ਤੋਂ ਸਭ ਕੁਝ ਹੋਵੇਗਾ। ਇਹ ਜ਼ਮੀਨ, ਇਹ ਘਰ ਬਾਰ ਸਭ ਸਾਡੇ ਆਪਣੇ ਹੋਣਗੇ।' ਤੇ ਉਹ ਰੋਕਦੇ-ਰੋਕਦੇ ਵੀ ਹਨੇਰੇ ਵਿਚ ਛੁੱਪ ਗਏ। ਪਰ ਕੇਹਰੂ ਨੂੰ ਹਾਲੀਂ ਵੀ ਉਹਨਾਂ ਦੀਆਂ ਕਿਰਨਾਂ ਵਿਖਾਈ ਦੇ ਰਹੀਆਂ ਸਨ। ਉਸ ਦੇ ਦਿਮਾਗ ਅੰਦਰ ਰੌਸ਼ਨੀ ਜਿਹੀ ਭਰ ਗਈ ਸੀ।

ਉਸ ਨੇ ਮੋਢੇ 'ਤੇ ਕਹੀ ਧਰ ਲਈ ਤੇ ਨੱਕਾ ਜਾ ਵੱਢਿਆ।

ਅੱਜ ਜਿੰਨਾ ਕੰਮ ਵਿਚ ਦਿਲ ਲੱਗਿਆ, ਉਸ ਦਾ ਪਹਿਲਾਂ ਕਦੇ ਨਹੀਂ ਸੀ ਲੱਗਿਆ।

29

ਅੱਜ ਜੈਲੇ ਦਾ ਦਿਲ ਜ਼ੋਰ-ਜ਼ੋਰ ਦੀ ਧੜਕ ਰਿਹਾ ਸੀ। ਉਹ ਬਹੁਤ ਉਦਾਸ ਸੀ ਤੇ ਡਰਿਆ ਡਰਿਆ ਵੀ। ਡਰਦਾ ਕਦੇ ਅੰਦਰ ਜਾਂਦਾ, ਕਦੇ ਬਾਹਰ ਨਿਕਲਦਾ ਤੇ ਕਦੇ ਮੰਜੇ ਵਿਚ ਪੈ ਜਾਂਦਾ। ਉਹਦਾ ਪੋਟਾ-ਪੋਟਾ ਦਰਦ ਕਰ ਰਿਹਾ ਸੀ ਤੇ ਦਿਮਾਗ਼ ਫਟਣ ਵਾਲਾ। ਕਈ ਵਾਰ ਉਹ ਸੋਚਦਾ ਆਖਰ ਉਹਨੂੰ ਡਰਨ ਵਾਲੀ ਕਿਹੜੀ ਆਫ਼ਤ ਆਈ ਸੀ, ਪਰ ਆਪਣੇ ਮਨ ਨੂੰ ਤਸੱਲੀ ਨਾ ਦੇ ਸਕਿਆ।

ਰਾਤ ਜੋ ਉਹਦੇ ਕੋਠੇ ਵਿਚ ਹੋਇਆ ਸੀ, ਜਦੋਂ ਉਹਦੇ ਸਾਹਮਣੇ ਆਉਂਦਾ ਉਹਦਾ ਸਿਰ ਚਕਰਾਉਣ ਲੱਗਦਾ। ਉਹਨੂੰ ਮਹਿਸੂਸ ਹੁੰਦਾ, ਉਸ ਦੀ ਸੋਚਣ-ਸ਼ਕਤੀ ਖ਼ਤਮ ਹੋ ਚਲੀ ਸੀ। ਰਾਤ ਉਨ੍ਹਾਂ ਵਿਚ ਹੁੰਦੀਆਂ ਗੱਲਾਂ ਨੂੰ ਭਾਵੇਂ ਉਹ ਚੰਗੀ ਤਰ੍ਹਾਂ ਸਮਝ ਨਹੀਂ ਸੀ ਸਕਿਆ, ਫੇਰ ਵੀ ਇੰਨਾ ਕੁ ਉਹਨੂੰ ਜ਼ਰੂਰ ਸਮਝ ਆ ਗਿਆ ਸੀ ਕਿ ਸਵੇਰ ਹੁੰਦਿਆਂ ਹੀ ਉਹਨਾਂ ਕਿਤੇ ਨਾ ਕਿਤੇ ਕਤਲ ਕਰਨ ਦੀ ਯੋਜਨਾ ਬਣਾਈ ਸੀ। ਗੂੜ੍ਹੇ ਹਨੇਰੇ ਵਿਚ ਪੰਜ ਜਣੇ ਆਏ ਸਨ। ਦੋ ਪਿਸਤੌਲ, ਛੁਰੇ ਤੇ ਹੋਰ ਨਿੱਕ-ਸੁੱਕ ਲੈ ਕੇ ਅੱਗੇ ਲੰਘ ਗਏ ਸਨ ਤੇ ਬਾਕੀ ਤਿੰਨ ਉਸ ਕੋਲ ਬੈਠੇ ਰਹੇ। ਜਲ ਰਹੀ ਮੋਮਬੱਤੀ ਦੁਆਲੇ ਬੈਠੇ ਉਹ ਕਿਸੇ ਲੰਬੀ ਬਹਿਸ ਵਿਚ ਉਲਝੇ ਰਹੇ ਸਨ। ਇਸੇ ਬਹਿਸ ਦੌਰਾਨ ਉਨ੍ਹਾਂ ਵਿਚੋਂ ਇਕ ਨੇ ਲਾਲ ਸਿਆਹੀ ਨਾਲ ਕਈ ਇਸ਼ਤਿਹਾਰ ਲਿਖੇ। ਜੈਲੇ ਨੇ ਇਹੋ ਜਿਹੇ ਕਈ ਇਸ਼ਤਿਹਾਰ ਕਈ ਵਾਰ ਪਿੰਡ ਵਿਚ ਚਿਪਕਾਏ ਸਨ। ਪਰ ਇਹ ਉਸ ਤੋਂ ਲੁਕੋ ਕੇ ਰੱਖੇ ਗਏ ਸਨ।

ਜੈਲੇ ਨੂੰ ਯਕੀਨ ਹੋ ਗਿਆ ਸੀ ਇਹ ਕੋਈ ਖਾਸ ਮਸਲਾ ਸੀ ਤੇ ਇਸੇ ਲਈ ਉਸ ਨੂੰ ਗੱਲ-ਬਾਤ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ। ਇਹੋ ਜਿਹੇ ਮੌਕਿਆਂ 'ਤੇ ਉਹ ਅਕਸਰ ਚੁੱਪ ਕਰਕੇ ਬੈਠ ਜਾਇਆ ਕਰਦਾ ਸੀ। ਤੇ ਉਹ ਬੈਠਾ ਰਿਹਾ ਸੀ। ਉਨ੍ਹਾਂ ਵਿਚ ਹੁੰਦੀਆਂ ਜ਼ਿਆਦਾ ਗੱਲਾਂ ਅੰਗਰੇਜ਼ੀ ਵਿਚ ਸਨ ਤੇ ਇਹ ਸਭ ਜੈਲੇ ਦੀ ਸਮਝ ਤੋਂ ਦੂਰ ਦੀ ਗੱਲ ਸੀ। ਕਈ ਵਾਰ ਉਨ੍ਹਾਂ ਨੇ ਬਿਨਾਂ ਕਿਸੇ ਕੰਮ ਤੋਂ ਹੀ ਉਸ ਨੂੰ ਇਧਰ ਉਧਰ ਘੱਲਿਆ ਸੀ। ਜਿੰਨੀਆਂ

ਕਿਤਾਬਾਂ ਰਸਾਲੇ ਜੈਲੇ ਕੋਲ ਰੱਖੇ ਸਨ, ਸਭ ਉਨ੍ਹਾਂ ਮੰਗਵਾ ਕੇ ਇਕੱਠੇ ਕਰ ਲਏ। ਤੇ ਉਨ੍ਹਾਂ ਕਈ ਵਾਰ ਇਹ ਗੱਲ ਦੁਹਰਾਈ:

'ਦੇਖੀਂ ਕੁਝ ਰੱਖ ਨਾ ਲਈਂ। ਜਿੰਨਾ ਕੁਝ ਹੈ ਸਭ ਲਿਆ ਦੇ। ਹੋ ਸਕਦੈ ਕੱਲ੍ਹ ਨੂੰ ਛਾਪਾ ਪੈ ਜਾਏ।'

ਜੈਲੇ ਨੇ ਹਰ ਵਾਰ ਉਨ੍ਹਾਂ ਨੂੰ ਯਕੀਨ ਦੁਆਇਆ ਸੀ।

'ਹੁਣ ਤੈਨੂੰ ਖਾਸੇ ਦਿਨਾਂ ਨੂੰ ਮਿਲਾਂਗੇ। ਤੂੰ ਅਗਲੇ ਬੰਦਿਆਂ ਨੂੰ ਇਵੇਂ ਜਿਵੇਂ ਮਿਲਦਾ ਰਹੀਂ। ਸਾਡੇ ਬਾਰੇ ਕਿਸੇ ਖਾਸ ਬੰਦੇ ਨੂੰ ਵੀ ਨਾ ਦੱਸੀਂ।'

'ਜੇ ਤੈਥੋਂ ਸ਼ੱਕ ਵਿਚ ਕਿਸੇ ਨੇ ਕੁਝ ਪੁੱਛਿਆ, ਕੁਝ ਨਾ ਦੱਸੀਂ। ਕੋਈ ਖਤਰਾ ਦਿਖਿਆ ਚੁੱਪ ਕਰਕੇ ਸ਼ਹਿਰ ਭੱਜ ਆਈਂ।'

'ਸ਼ਹਿਰ....ਪਰ ਕਿਉਂ ?' ਉਹਨੇ ਸਹਿਮ ਕੇ ਪੁੱਛਿਆ।

'ਆਹੋ। ਉਥੇ ਹੀ ਜਿਥੇ ਰਸਾਲੇ ਕਿਤਾਬਾਂ ਮਿਲਦੀਆਂ ਸਨ। ਉਹ ਕੁੜੀ ਤੈਨੂੰ ਆਪੇ ਅੱਗੇ ਪਹੁੰਚਾ ਦਿਊ।'
'ਚੰਗਾ। ਪਰ....।'

ਕੱਲ੍ਹ ਨੂੰ ਤੈਨੂੰ ਆਪੇ ਪਤਾ ਲੱਗ ਜੂ। ਉਂਝ ਤਾਂ ਤੇਰੇ ਤੱਕ ਨੌਬਤ ਨਹੀਂ ਆਉਂਦੀ। ਜੇ ਕਿਤੇ ਹੱਥ ਲੱਗ ਵੀ ਗਿਆ ਕਾਮਰੇਡੀ ਨਿਭਾਈਂ। ਜਾਨ ਭਾਵੇਂ ਵਗ ਜੇ ਪਰ ਭੇਤ ਨਹੀਂ। ਸਮਝੇ। ਤੇਰਾ ਵੀ ਇਮਤਿਹਾਨ ਹੋ ਜੂ।'

ਰਾਹ ਜਾਂਦਿਆਂ ਉਨ੍ਹਾਂ ਜੈਲੇ ਨੂੰ ਕਈ ਵਾਰ ਪੱਕਿਆਂ ਕੀਤਾ ਸੀ।

ਬਾਕੀ ਸਾਰਾ ਸਮਾਂ ਉਹਨੂੰ ਨੀਂਦ ਨਾ ਆਈ। ਉਸੇ ਸਦਕਾ ਉਹ ਹੁਣ ਤੱਕ ਬੇਚੈਨ ਸੀ। ਪਿਛਲੀ ਵਾਰ ਇਕ ਟੱਕਰ ਵਿਚ ਉਨ੍ਹਾਂ ਦਾ ਇਕ ਮੁੰਡਾ ਮਾਰਿਆ ਗਿਆ ਸੀ। ਕਿੰਨਾ ਪਿਆਰਾ ਸੀ ਉਹ। ਜੈਲੇ ਕੋਲ ਕਈ ਵਾਰ ਆਇਆ ਸੀ। ਕਿੰਨਾ ਸਿਆਣਾ ਤੇ ਮਿੱਠਬੋਲੜਾ। ਉਸ ਦੇ ਦੋਸਤ ਆਖਦੇ ਸਨ, ਪੁਲਿਸ ਵਾਲਿਆਂ ਉਹਨੂੰ ਬੜੇ ਦੁੱਖ ਦਿੱਤੇ, ਕੁੱਟਿਆ ਮਾਰਿਆ, ਕੇਸਾਂ ਤੋਂ ਬੰਨ੍ਹ ਕੇ ਲਟਕਾਇਆ, ਜ਼ਖ਼ਮ ਕਰਕੇ ਨਮਕ ਭਰਿਆ, ਤੇ ਹੋਰ ਕਿੰਨਾ ਕੁਝ। ਕਈ ਦਿਨਾਂ ਬਾਅਦ ਗੋਲੀ ਮਾਰ ਕੇ ਨਹਿਰ ਵਿਚ ਸੁੱਟ ਗਏ। ਉਸ ਦੀ ਤਸਵੀਰ ਵੀ ਛਪੀ ਸੀ। ਪਰ ਜੈਲੇ ਨੂੰ ਯਕੀਨ ਨਹੀਂ ਸੀ। ਉਹ ਮਰਿਆ ਨਹੀਂ। ਉਹ ਜ਼ਰੂਰ ਕਦੇ ਨਾ ਕਦੇ ਅੱਧੀ ਰਾਤ ਨੂੰ ਉਹਦਾ ਦਰਵਾਜ਼ਾ ਖਟਕਾਏਗਾ। ਉਹਦੇ ਨਾਲ ਗੱਲਾਂ ਕਰੇਗਾ ਤੇ ਮੂੰਹ ਹਨੇਰੇ ਹੀ ਨਿਕਲ ਜਾਏਗਾ। ਪਰ ਇਸ ਤਰ੍ਹਾਂ ਹੋ ਨਹੀਂ ਸੀ ਰਿਹਾ।

'ਜੇ ਕਿਤੇ ਇਹ ਵੀ ਫੜੇ ਗਏ ? ਇਹ ਸੋਚ ਕੇ ਉਹ ਕੰਬਣ ਲੱਗ ਜਾਂਦਾ।

ਜੇ ਇਵੇਂ ਇਕ-ਇਕ ਕਰਕੇ ਮਰਦੇ ਗਏ ਫੇਰ ਕੌਣ ਉਨ੍ਹਾਂ ਲਈ ਕੰਮ ਕਰੇਗਾ ? ਇਸ ਤਰ੍ਹਾਂ ਤਾਂ ਬੜੀ ਜਲਦੀ ਮੁੱਕ ਜਾਣਗੇ।' ਇਹੋ ਸੋਚਦਾ ਉਹ ਸਾਰੀ ਰਾਤ ਪਾਸੇ ਪਰਤਦਾ ਰਿਹਾ। ਕਈ ਵਾਰ ਉਹ ਸੜਕ 'ਤੇ ਆਇਆ ਕੋਈ ਉਹਨੂੰ ਖ਼ਬਰ ਸੁਣਾਏ ਪਰ ਅੱਜ ਜਿਵੇਂ ਸਾਰੇ ਹੀ ਮਰ ਖੱਪ ਗਏ ਸਨ। ਸਾਰੀ ਦੀ ਸਾਰੀ ਸੜਕ ਵਿਰਾਨ ਸੀ। ਉਸ ਦਾ ਕਈ ਵਾਰ ਸ਼ਹਿਰ ਭੱਜ ਜਾਣ ਨੂੰ ਦਿਲ ਕੀਤਾ ਸੀ। ਇਥੇ ਰਹਿਣਾ ਖ਼ਤਰੇ ਤੋਂ ਖ਼ਾਲੀ ਨਜ਼ਰ ਨਹੀਂ ਸੀ ਆ ਰਿਹਾ। ਉਸ ਦਾ ਡਰ ਹੋਰ ਵੀ ਵਧ ਗਿਆ ਜਦੋਂ ਦੂਰੋਂ ਸਿੱਧ-ਮੁੱਧ ਭੱਜੇ ਆਉਂਦੇ ਉਹਨੇ ਬਿਲੂ ਨੂੰ ਦੇਖਿਆ।

'ਰਾਤ ਇਥੇ ਕੋਈ ਆਇਆ ਸੀ ?'

'ਨਹੀਂ ਤਾਂ, ਕੀ ਗੱਲ ?'

ਪਰਲੇ ਪਿੰਡ ਵਿਸਵੇਦਾਰ ਦਾ ਖ਼ੂਨ ਹੋ ਗਿਆ। ਨਾਲੇ ਪਰਚੇ ਸਿਟੇ ਗਏ ਨੇ।'

'ਕੋਈ ਫੜਿਆ ਵੀ ਗਿਆ ?'

'ਨਹੀਂ, ਸਭ ਨਿਕਲ ਗਏ। ਤੇਰੇ ਕੋਲ ਤਾਂ ਨਹੀਂ ਸੀ ਕੋਈ ਆਇਆ। ਜਸਬੀਰ ਵੀ ਰਾਤ ਦਾ ਘਰ ਨਹੀਂ।

ਕਿਤੇ ਉਹ ਵੀ ਵਿਚੇ ਨਾ ਹੋਵੇ ?'

'ਚਲੋ ਉਹ ਤਾਂ ਬਚੇ ?' ਜੈਲੇ ਨੇ ਸੁਖ ਦਾ ਸਾਹ ਲਿਆ।

ਜੈਲਾ ਬਿਲੂ ਦੀ ਬਾਂਹ ਫੜ ਕੇ ਅੰਦਰ ਲੈ ਗਿਆ। ਤੇ ਰਾਤ ਵਾਲੀ ਸਾਰੀ ਘਟਨਾ ਉਹਨੂੰ ਆਖ ਸੁਣਾਈ। 'ਊਂ ਤਾਂ ਗੱਲ ਦੂਜੇ ਪਿੰਡ ਦੀ ਐ। ਸਾਨੂੰ ਕੌਣ ਪੁੱਛਦੈ। ਪਰ ਰਹੀ ਹੁਸ਼ਿਆਰ। ਕੋਈ ਪਤਾ ਨਹੀਂ ਕਦੋਂ ਤਲਾਸ਼ੀ ਹੋ ਜੇ। ਮਾੜੀ ਜੀ ਗੱਲ 'ਤੇ ਸਾਨੂੰ ਕਾਲਜਾਂ ਵਾਲਿਆਂ ਨੂੰ ਤਾਂ ਉਂਝ ਹੀ ਘੇਰ ਲੈਂਦੇ ਨੇ। ਜੇ ਕਿਧਰੇ ਕੋਈ ਸੂਹ ਮਿਲੀ ਖਿਸਕਨ ਦੀ ਕਰੀਂ। ਮੌਕੇ 'ਤੇ ਪਤਾ ਨਹੀਂ ਲਗਦਾ।'

ਦੇਖਦੇ-ਦੇਖਦੇ ਪੁਲਿਸ ਦੇ ਕਈ ਟਰੱਕ ਪਾਂ ਪਾਂ ਕਰਦੇ ਉਨ੍ਹਾਂ ਦੇ ਕੋਲ ਦੀ ਲੰਘ ਗਏ।

'ਚੰਗਾ ਮੈਂ ਪਿੰਡ ਚਲਦੈਂ। ਕੋਈ ਗੱਲ ਬਾਤ ਹੋਈ ਪਿੰਡੋਂ ਪਤਾ ਘੱਲ ਦੂੰ।'

'ਤੂੰ ਇਥੇ ਰਹਿ ਮੇਰਾ ਦਿਲ ਧੜਕਦੈ।'

'ਬਸ ਡਰ ਗਿਆ। ਬੈਠਾਂ ਕਿਵੇਂ ? ਕੋਈ ਖਬਰ ਸਾਰ ਵੀ ਤਾਂ ਕਰਨੀ ਐ।'

ਤੇ ਉਹ ਡਰਦਾ ਚੁੱਪ ਕਰ ਗਿਆ।

ਇਕ ਪਾਸੇ ਉਹ ਵਿਸਵੇਦਾਰ ਦੇ ਖ਼ੂਨ 'ਤੇ ਖ਼ੁਸ਼ ਸੀ, ਦੂਜੇ ਪਾਸੇ ਡਰ ਨਾਲ ਕੰਬ ਵੀ ਰਿਹਾ ਸੀ। ਖ਼ੁਸ਼ ਸੀ ਪਿਆਰੇ ਦਾ ਬਦਲਾ ਲੈ ਲਿਆ ਗਿਆ ਸੀ। ਪਿਛਲੀ ਵਾਰੇ ਵਿਸਵੇਦਾਰ ਨੇ ਉਹਨੂੰ ਕਿੰਨੀ ਬੇ-ਰਹਿਮੀ ਨਾਲ ਮਰਵਾਇਆ ਸੀ। ਨਾਲੇ ਪੁਲਿਸ ਦਾ ਟਾਊਟ ਸੀ।

ਦੁਪਹਿਰ ਦੀ ਰੋਟੀ ਉਹਨੂੰ ਚੰਗੀ ਨਾ ਲੱਗੀ। ਉਵੇਂ ਜਿਵੇਂ ਬੰਨ੍ਹੀ ਬੰਨ੍ਹਾਈ ਪਰ੍ਹਾਂ ਰੱਖ ਕੇ ਉਹ ਦੂਜੇ ਬੰਨੇ ਤੁਰ ਪਿਆ।

ਰਸਤੇ ਵਿਚ ਉਹਨੂੰ ਸਰਦਾਰ ਦਾ ਵੱਡਾ ਮੁੰਡਾ ਦੀਪ ਮਿਲ ਗਿਆ।

'ਕਿਧਰ ਫਿਰਦੈਂ ਮੂੰਹ ਚੱਕੀ ? ਪਿੱਛੇ ਕੌਣ ਐ ? ਪਿਛੋਂ ਭਾਵੇਂ ਡੰਗਰ ਪਸ਼ੂ ਸਭ ਕੁਝ ਉਜਾੜ ਦੇ।'

'ਐਂ ਕਿਵੇਂ ਉਜਾੜ ਦੂ। ਜਾਨੇ ਹੁਣੇ।'

'ਜਾਹ ਪਹਿਲਾਂ ਖੇਤ ਨੂੰ। ਫੇਰ ਕਿਤੇ ਜਾਈਂ ਹੋਰ।'

ਮੈਂ ਬਸ ਹੁਣੇ ਮੁੜਦੈਂ।'

ਅੱਗੇ-ਅੱਗੇ ਤੁਰਿਆ ਜਾਂਦੈ। ਮੈਂ ਕੁੱਤਾ ਭੌਂਕਦੈਂ ?'

'ਜਦੋਂ ਮੈਂ ਤੈਨੂੰ ਆਖਤਾ ਮੈਂ ਜ਼ਰੂਰ ਜਾਨੈਂ। ਤੂੰ ਕਿਹੜਾ ਮੰਨਦੈ।'

'ਮੁੜਦਾ ਨੀ ਤੂੰ ਫੇਰ ?' ਗੁੱਸੇ ਵਿਚ ਲਾਲ ਹੋਏ ਦੀਪ ਨੇ ਸਕੂਟਰ ਪੁੱਠਾ ਮੋੜ ਲਿਆ।

'ਨਹੀਂ।' ਜੈਲੇ ਨੇ ਵੀ ਗੁੱਸੇ ਨਾਲ ਜਵਾਬ ਦਿੱਤਾ।

'ਕੰਜਰ ਦਿਆ ਪੁੱਤਾ ਮੈਨੂੰ ਪਤੈ ਤੇਰੀ ਗਰਦਨ ਵਿਚ ਜਿਹੜਾ ਕੀਲਾ ਅੜਿਐ। ਤੜਕੇ ਈ ਲੱਗ ਪਿਆ ਜਿਹੜਾ ਲੜਨ।'

'.......' ਜੈਲਾ ਚੁੱਪ ਰਿਹਾ।

'ਜ਼ਬਾਨ ਦੇਖ ਚਲਦੀ ਭੈਣ ਦੇ ਖਸਮ ਦੀ। ਸੁਣਿਐ ਨਾਲ ਦੇ ਪਿੰਡ ਖ਼ੂਨ ਹੋ ਗਿਆ। ਸੁਣਿਐ ਤੇਰੇ ਕੋਲ ਵੀ ਆਉਂਦੇ ਨੇ ਉਹ ਕੰਜਰ ? ਪਤਾ ਨੇ ਕੌਣ ਨੇ ਉਹ ?'

'ਨਾ ਮੇਰੇ ਕੋਲੇ ਕੋਈ ਆਉਂਦੈ, ਨਾ ਮੈਨੂੰ ਪਤਾ। ਖ਼ੂਨਾਂ ਖਾਨਾਂ ਦਾ ਮੈਨੂੰ ਨੀ ਪਤਾ। ਕੋਈ ਮਰੇ ਖਪੇ ਸਾਨੂੰ ਕੀ।'

'ਜਾ ਜਾ ਮਰ ਚੰਗਾ। ਫੇਰ ਹੀ ਦੱਸੇਂਗਾ ਜਦੋਂ ਮੂਧਾ ਪਾ ਲਿਆ। ਕੀ ਪਤੈ ਮਗਰੋਂ ਕੀ-ਕੀ ਕਰਦੇ ਨੇ।' ਤੇ ਬੁੜਬੁੜ ਕਰਦਾ ਦੀਪ ਸਕੂਟਰ ਮੋੜ ਕੇ ਮੁੜ ਆਪਣੇ ਰਸਤੇ ਪੈ ਗਿਆ।

ਜੈਲੇ ਦਾ ਡਰ ਹੋਰ ਵੀ ਵਧ ਗਿਆ। ਉਸ ਦੇ ਸਿਰ ਨੂੰ ਘੁਮੇਰੀਆਂ ਚੜ੍ਹਨ ਲੱਗੀਆਂ। ਵਾਰ-ਵਾਰ ਉਹਦੇ ਸ਼ਬਦ ਜੈਲੇ ਨੂੰ ਠਿਠ ਕਰਨ ਲੱਗੇ।

'ਸੁਣਿਐ ਤੇਰੇ ਕੋਲੇ ਆਉਂਦੇ ਨੇ...ਪਤਾ ਲੱਗ ਜੂ ਜਦੋਂ ਮੂਧਾ ਪਾ ਲਿਆ...'

'ਇਸ ਨੂੰ ਮੈਂ ਬੋਲਿਆ ਵੀ ਠੀਕ ਨੀ। ਜਾਂਦੈ ਥਾਨੇ ਨੂੰ ਇਹਦਾ ਕੀ ਵਸਾਹ ਐ। ਐਵੇਂ ਨਾਂ ਲਿਖਾ ਆਵੇ। ਕੁਟਾਪਾ ਹੀ ਚੜ੍ਹਾਉਣੈ। ਜਿਵੇਂ ਮਰਜ਼ੀ ਹੋਇਆ।

ਪੁਲਿਸ ਵਾਲਿਆਂ ਨੂੰ ਕੌਣ ਪੁੱਛਦੈ। ਇਹ ਉਹਨਾਂ ਦੇ ਪੱਕੇ ਭਗਤ ਨੇ। ਜਿਹਨੂੰ ਮਰਜ਼ੀ ਘੜੀਸ ਲੈਣ। ਫੇਰ ਇਹੋ ਜਿਹੇ ਮੌਕਿਆਂ 'ਤੇ। ਜੇ ਫੜਿਆ ਗਿਆ ?....

ਉਨ੍ਹਾਂ ਨੂੰ ਧੱਕਾ ਪਹੁੰਚੂ...। ਨਾਲੇ ਤੰਗ ਹੋਊ...। ਤੰਗ ਤਾਂ ਚਲ ਦੇਖੀ ਜਾਊ....ਕਿਤੇ ਉਨ੍ਹਾਂ ਨੂੰ...ਵਿਚਾਰੇ ਘਰਬਾਰ ਛੱਡੀ ਫਿਰਦੇ ਨੇ। ਨਾ ਰੋਟੀ ਟੁੱਕ, ਨਾ ਫਿਕਰ, ਨਾ ਡਰ। ਰਾਤ ਆਏ ਵੀ ਸੀ। ਪੁਲਿਸ ਸੂਹ ਕੱਢਣੋਂ ਕਦ ਟਲਦੀ ਐ। ਉਨ੍ਹਾਂ ਪਰਚੇ ਵੀ ਸਿਟੇ ਨੇ। ਪਤਾ ਨੀ ਕੀ ਬਣੂ।'

ਦਸ ਕਦਮ ਵੀ ਪੁੱਟਣੇ ਉਹਨੂੰ ਔਖੇ ਹੋ ਗਏ। ਪੁਲਿਸ ਦੀ ਇਕ ਹੋਰ ਜੀਪ ਉਹਦੇ ਕੋਲ ਦੀ ਲੰਘੀ। ਪੰਜ ਚਾਰ ਹਥਿਆਰਬੰਦ ਸਿਪਾਹੀ ਉਤਰ ਕੇ ਖੇਤਾਂ ਵਿਚ ਗੁਆਚ ਗਏ।

'ਮੈਨੂੰ ਭੱਜ ਜਾਣਾ ਚਾਹੀਦੈ। ਹੋ ਸਕਦੈ ਇਹ ਮੇਰੇ ਕੋਠੇ ਵੀ ਜਾਣ।'

'ਮੈਨੂੰ ਸ਼ਹਿਰ ਭੱਜ ਜਾਣਾ ਚਾਹੀਦੈ। ਉਸ ਕੁੜੀ ਕੋਲ...'

ਉਨੀਂ ਪੈਰੀਂ ਉਹ ਵਾਪਸ ਪਰਤ ਗਿਆ। ਬਾਹਣਾਂ ਵਿਚਲੇ ਡਲਿਆਂ ਨੂੰ ਲਤਾੜਦਾ ਉਹ ਸ਼ਹਿਰ ਨੂੰ ਦੌੜ ਗਿਆ। ਪਿੱਛਾ ਕਰ ਰਹੀ ਪੁਲਿਸ ਦੇ ਭੁਲੇਖੇ ਉਹਨੂੰ ਵਾਰ ਵਾਰ ਪੈਂਦੇ। ਉਹ ਹੋਰ ਤੇਜ਼ ਦੌੜਦਾ। ਪਰ ਵਾਟ ਸੀ ਕਿ ਮੁਕਣ ਵਿਚ ਹੀ ਨਹੀਂ ਸੀ ਆ ਰਹੀ।

30

'ਲੈ ਕੁੜੇ ਮੈਂ ਆਖਿਆ ਨੀ ਸੀ ਕੋਈ ਗੜਬੜ ਹੈ ਜ਼ਰੂਰ। ਐਵੇਂ ਤਾਂ ਨੀ ਘਰੇ ਐਸ਼ਾਂ ਮਾਰਦੀ।'

'ਇਹ ਤਾਂ ਦਿਖਦਾ ਈ ਸੀ ਦਾਲ 'ਚ ਕਾਲਾ ਕਾਲਾ ਐ। ਪਰ ਤੂੰ ਕਿਹੜੀ ਨਵੀਂ ਗੜਬੜ ਦੇਖੀ ਐ ?'

'ਰਾਤ ਹਨੇਰੇ ਹੋਏ ਆਵੇ ਕੁੜੀ ਦਾ ਬਾਪੂ ਪਾਣੀ ਲਾ ਕੇ। ਆ ਕੇ ਕਹਿੰਦਾ ਕਰਤਾਰੋ ਕਿ ਕੀ ਹੋ ਗਿਆ ? ਕਈ ਮੁੰਡੇ ਘਰੋਂ ਨਿਕਲੇ ਨੇ।' ਮੈਂ ਆਖਿਆ ਕੁਝ ਨੀ। ਉਹ ਮੰਨੇ ਨਾ। ਅਖੇ ਪਤਾ ਕਰ। ਮੈਂ ਭਾਈ ਗਈ ਉਠ ਕੇ। ਅੱਗੋਂ ਉਥੇ ਕੁਝ ਵੀ ਨਾ। ਮਾਰੋ ਭਾਵੇਂ ਛੱਡੋ ਮੇਰਾ ਤਾਂ ਉਦੋਂ ਹੀ ਮੱਥਾ ਠਣਕ ਗਿਆ। ਹੋਵੇ ਨਾ ਤਾਂ ਕੋਈ ਗੱਲ ਹੈ ਜ਼ਰੂਰ। ਮੈਂ ਕਈ

ਦਿਨ ਤਾੜਦੀ ਰਹੀ। ਆਖਰ ਉਹੋ ਗੱਲ ਹੋਈ। ਅੱਧੀ ਰਾਤ ਦਾ ਵਕਤ ਹੋਊ। ਦੋ ਤਿੰਨ ਮੁੰਡੇ ਬਰਛਿਆਂ ਵਰਗੇ। ਖੇਸੀ ਦੀਆਂ ਬੁਕਲਾਂ ਮਾਰੀਆਂ ਹੋਈਆਂ। ਚੁੱਪ ਕਰਕੇ ਸਿੱਧੇ ਅੰਦਰ। ਕਰਤਾਰੋ ਨੇ ਉਠ ਕੇ ਇਉਂ ਬਾਰ ਖੋਲਤਾ, ਜਿਵੇਂ ਉਡੀਕਦੀ ਪਈ ਹੋਵੇ।'

'ਲੈ ਪਹਿਲਾਂ ਹੋਊਗੀ ਓ ਕੋਈ ਗੱਲਬਾਤ।'

'ਹੋਰ ਕੀ ਨਹੀਂ।'

'ਸੁਣ ਤਾਂ ਸਹੀ। ਆਪ ਤਾਂ ਛੱਪਰ 'ਚ ਆ ਵੜੀ। ਜਵਾਈ ਅੰਦਰ ਬੈਠੇ ਰਹੇ। ਅੱਧੀ ਰਾਤੋਂ ਰੋਟੀਆਂ ਪਕਾ ਕੇ ਖੁਆਈਆਂ, ਜਿਵੇਂ ਭੁੱਖੇ ਹੋਣ। ਸੌ ਕੁਝ ਨਾਲ ਲੈ ਕੇ ਆਏ ਸੀ।'

'ਤੂੰ ਤਾਂ ਸਿਧਰੀ ਐਂ। ਹੋਰ ਉਨ੍ਹਾਂ ਦੇ ਕੋਲ ਬਹਿੰਦੀ। ਆਪ ਬਾਹਰ ਨਿਕਲ ਆਈ ਬਹਾਨੇ ਨਾਲ। ਅਗਲੇ ਆਪਣਾ ਕੰਮ ਕਰਦੇ ਰਹੇ।'

'ਲੋਹੜਾ ਆ ਗਿਆ। ਕਿਹੋ ਜਿਹੀਆਂ ਮਾਵਾਂ ਨੇ। ਹਿੱਕ ਤੇ ਕਾਰੇ ਕਰਾਉਂਦੀਆਂ ਨੇ। ਵਾਹਿਗੁਰੂ !

ਵਾਹਿਗੁਰੂ !!'

'ਸੱਚ ਪੁੱਛੇਂ ਤਾਂ ਮੇਰੇ ਅੱਗ ਲੱਗ ਲੱਗ ਜਾਵੇ। ਜੀ ਕਰੇ ਗੁੱਤੋਂ ਫੜ ਲਾਂ ਜਾ ਕੇ। ਦਿਉਰ ਤੇਰੇ ਨੂੰ ਆਖਿਆ ਦੇਖ ਜਾ ਕੇ ਕੀ ਹੁੰਦੈ। ਪਰ ਜੇ ਉਹ ਕੁਝ ਕਰਨ ਵਾਲਾ ਹੋਵੇ ਫੇਰ ਕੀ ਐ। ਮੈਨੂੰ ਵੀ ਬਾਹੋਂ ਫੜ ਕੇ ਬਹਾਵੇ। ਪਰ ਮੈਨੂੰ ਕਿਥੇ ਚੰਨ। ਅੱਖ ਬਚਾ ਕੇ ਮੈਂ ਫੇਰ ਨਿਕਲ ਗਈ। ਮੈਂ ਆਖਿਆ ਅੰਦਰ ਕੀ ਹੁੰਦੈ ਦੇਖੂੰ ਜ਼ਰੂਰ। ਪਿਛੋਂ ਦੀ ਜਦੋਂ ਵਿਰਲਾ ਥਾਨੀ ਦੇਖਿਆ ਇਕ ਤਾਂ ਕਰਤਾਰੋ ਨਾਲ ਰਜਾਈ 'ਚ ਬੈਠਾ ਬਿਟ-ਬਿਟ ਗੱਲਾਂ ਮਾਰੀ ਜਾਵੇ। ਮੰਜਾ ਕੋਈ ਹੋਰ ਤਾਂ ਦਿਖਦਾ ਨੀ ਸੀ। ਮੈਨੂੰ ਲੱਗਿਆ ਜਿਵੇਂ ਬਾਕੀ ਦੇ ਹੇਠਾਂ ਲਈ ਪਏ ਹੋਣ। ਜੇ ਖਾਨਿਆਂ ਨੂੰ ਪਤਾ ਨੀ ਮੇਰਾ ਪੁੱਤ ਲੱਗ ਗਿਆ ਝਟ ਦੀਵਾ ਬੁਝਾ ਤਾ।'

'ਪਤਾ ਈ ਲੱਗ ਗਿਆ ਹੋਊ।'

'ਤੇ ਸਵੇਰੇ ਮੂੰਹ ਹਨੇਰੇ ਉਹ ਨਿਕਲਣਗੇ।'

'ਹੂੰ ! ਹੁਣ ਬਣੀ ਨਾ ਗੱਲ। ਹੋਰ ਪਿਓ ਦੀ ਪਿਲਸਨ ਤਾਂ ਨੀ ਆਉਂਦੀ ਬਈ ਇਉਂ ਬਣ ਠਨ ਕੇ ਨਿਕਲੇ।'

'ਰਾਤ ਫੇਰ ਆਏ ਸੀ। ਦਬਾਦਬ ਅੰਦਰ ਵੜ ਗਏ। ਉਹ ਪਿੰਡ ਨੂੰ ਨਿਕਲ ਤੁਰੀ। ਕਈ ਤਾਂ ਪਿੰਡ ਦੇ ਮੁੰਡੇ-ਖੁੰਡੇ ਵੀ ਆਉਂਦੇ ਨੇ। ਲੈ ਉਹ ਡਬੇ ਕਾ ਬਿਲੂ ਤੇ ਨਾਲੇ ਜਸਬੀਰਾ ਵੀ ਫਿਰੇ ਰਾਤ ਨੂੰ ਬੁਕਲ ਮਾਰੀ। ਮੈਂ ਛੱਡਦੀ ਆਂ ਪਛਾਨਣੋਂ। ਮੈਂ ਤਾਂ ਪੁੱਛ ਵੀ ਲਿਆ। ਅਖੇ ਕੁਝ ਨੀ ਐਵੇਂ ਬਸ। ਉਸ ਦਿਨ ਕਰਤਾਰੋ ਨੂੰ ਪਤਾ ਨੀ ਭੁਲੇਖਾ ਪੈ ਗਿਆ,

ਹੁਣ ਤਾਂ ਵਿਰਲਾਂ ਲਿਪ ਲਈਆਂ। ਜਿਹੜੀ ਤਾਕੀ ਐ ਉਹਨੂੰ ਵੀ ਬੋਰੀ ਨਾਲ ਢੱਕ ਤਾ।'

'ਹੋਰ ਤੇਰੇ ਵਰਗੀ ਲਈ ਖੁੱਲ੍ਹੀ ਛੱਡ ਦੇ। ਅਗਲੀ ਘੱਟ ਐ।'

'ਮੁੰਡਾ ਕੀ ਪਤੈ ਤਾਹੀਂ ਲੜ ਕੇ ਨਿਕਲ ਗਿਆ। ਅਗਲਾ ਜਰਦੈ। ਹੋਰ ਉਹਨੂੰ ਕਿਹੜੀ ਆਫਤ ਆ ਗਈ ਸੀ। ਚੰਗਾ ਭਲਾ ਕੰਮ ਕਰੀ ਜਾਂਦਾ ਸੀ।'

'ਬਸ ਬਸ ਇਹੋ ਗੱਲ ਐ।'

'ਤਾਂ ਫੇਰ ਧੀ ਦੀ ਕਮਾਈ ਖਾਂਦੀ ਐ।'

'ਤਾਹੀਂ ਤਾਂ ਵਿਆਹ ਨੀ ਕਰਦੀ। ਨਹੀਂ ਕੋਠੇ ਵਰਗੀ ਕੌਣ ਘਰੇ ਰੱਖਦੈ।'

'ਸਰਦਾਰ ਵਾਲੀ ਛੂਠੀ ਐ ਫੇਰ ?'

'ਕੀ ਪਤੈ ? ਉਥੇ ਆਪ ਖੇਹ ਖਾਂਦੀ ਹੋਊ।'

'ਇਹੋ ਜੀਆਂ ਨੂੰ ਸੰਗ ਸ਼ਰਮ ਨੀ ਹੁੰਦੀ।'

'ਲੈ ਫੇਰ ਐਂ ਕਰੀਂ। ਜਦੋਂ ਕਦੇ ਹੁਣ ਆਏ ਚੁੱਪ ਕਰਕੇ ਬਾਹਰੋਂ ਜਿੰਦਾ ਲਾ ਦੀਂ। ਮਾੜਾ ਜਿਹਾ ਮੇਰੇ ਕੋਲੋਂ ਆ ਜੀਂ। ਫੇਰ ਦੇਖ ਜੇ ਨਾ ਸਾਰੇ ਪਿੰਡ 'ਚ ਭਾਂਡਾ ਭੰਨ ਦਿਆਂ। ਕੀ ਬਣੀ ਫਿਰਦੀ ਐ।'

'ਇਉਂ ਈ ਕਰੂੰ।'

'ਸਾਨੂੰ ਵੀ ਦਿਖਾਦੀਂ ਤਮਾਸ਼ਾ। ਕਿਤੇ ਕੱਲੀ-ਕੱਲੀ ਨਾ ਸਵਾਦ ਲੈ ਜੀਂ।'

31

ਮੇਨ ਬਜ਼ਾਰ ਦੇ ਪਿਛਲੇ ਪਾਸੇ ਬੰਦ ਗਲੀ ਸੀ ਤੇ ਇਸ ਗਲੀ ਦੇ ਨੁੱਕਰ ਵਾਲੇ ਫਲੈਟ ਵਿਚ ਉਨ੍ਹਾਂ ਦਾ ਦਫਤਰ। ਫਲੈਟ ਦਾ ਅਗਲਾ ਹਿੱਸਾ ਜਿਸ ਵਿਚ ਪ੍ਰੈਸ ਤੇ ਉਸ ਦੇ ਕੰਮ-ਕਾਜ ਦਾ ਦਫਤਰ ਸੀ, ਮੇਨ ਬਜ਼ਾਰ ਵਿਚ ਖੁੱਲ੍ਹਦਾ ਸੀ। ਪਿਛਲਾ ਹਿੱਸਾ ਜਿਸ ਵਿਚ ਖੁਫੀਆ ਕੰਮ-ਕਾਜ ਹੁੰਦਾ ਸੀ ਤੇ ਪ੍ਰੈਸ ਮਾਲਕਾਂ ਦੀ ਰਿਹਾਇਸ਼ ਦਾ ਦਿਖਾਵਾ ਕੀਤਾ ਜਾਂਦਾ ਸੀ, ਪਿੱਛੇ ਬੰਦ ਗਲੀ ਵਿਚ ਖੁੱਲ੍ਹਦਾ ਸੀ। ਬੰਦ ਗਲੀ ਵਲੋਂ ਅੰਦਰ ਵੜਦਿਆਂ ਹੀ ਪ੍ਰੈਸ ਵਿਚੋਂ ਛਪਦੇ ਸਪਤਾਹਿਕ ਪਰਚੇ ਦਾ ਦਫਤਰ ਸੀ। ਪਰਚੇ ਦੀ ਸ਼ਹਿਰ ਭਰ ਵਿਚ ਧੂਮ ਸੀ। ਪਰਚੇ ਵਿਚ ਭਾਵੇਂ ਕੁਝ ਵੀ ਚੰਗਾ ਨਹੀਂ ਸੀ, ਪਰ ਕਦੀ ਕਦਾਈਂ ਕਿਸੇ ਪੁਲਿਸ ਅਫ਼ਸਰ ਦੀ ਫੋਟੋ ਜਾਂ ਕਿਸੇ ਅਫ਼ਸਰ ਨਾਲ ਛਪੀ ਇੰਟਰਵਿਊ ਕਰਕੇ ਇਸ ਤੇ ਖਾਸਾ ਸਰਕਾਰੀ ਹੱਥ ਸੀ। ਪਰਚੇ ਦੇ ਖਰਚ ਜਿੰਨੇ ਪੈਸੇ ਤਾਂ ਸਰਕਾਰੀ ਦਫ਼ਤਰਾਂ ਵਿਚੋਂ ਮਿਲਦੇ ਇਸ਼ਤਿਹਾਰਾਂ ਵਿਚੋਂ ਹੀ ਆ ਜਾਂਦੇ ਸਨ। ਜਿਹੜੇ ਸਰਕਾਰੀ ਕੰਮ ਅਤੇ ਹੋਰ ਚੰਦੇ ਮਿਲਦੇ ਸਨ ਉਹ ਮੁਫਤ ਦੇ। ਸਭ ਤੋਂ ਵੱਧ ਫਾਇਦਾ ਜੋ ਇਸ ਪਰਚੇ ਦਾ ਸੀ, ਉਹ ਸੀ ਸਰਕਾਰੀ-ਭਗਤ ਹੋਣ ਦਾ ਭੁਲੇਖਾ। ਪੰਜੀਂ ਸੱਤੀਂ ਦਿਨੀਂ ਥਾਨੇ ਵਾਲੇ ਹਾਜ਼ਰੀ ਭਰ ਕੇ ਜਾਂਦੇ ਤੇ ਕਿਸੇ ਸੇਵਾ ਲਈ ਮੌਕਾ ਪੁੱਛਦੇ।

ਲੋਕਾਂ ਨੂੰ ਪੂਰਾ ਯਕੀਨ ਸੀ, ਇਸ ਛੇ ਪੇਜ ਦੇ ਪਰਚੇ ਦੀ ਵਿਕਰੀ ਪੰਝੀ ਤੀਹ ਹਜ਼ਾਰ ਤੋਂ ਘੱਟ ਨਹੀਂ ਸੀ। ਉਨ੍ਹਾਂ ਸਾਰੀ-ਸਾਰੀ ਰਾਤ ਪ੍ਰੈਸ ਚਲਦੀ ਦੇਖੀ ਸੀ। ਵੀਹ ਵੀਹ, ਪੰਜਾਹ ਪੰਜਾਹ ਬੰਡਲ ਹਰ ਰੋਜ਼ ਇਥੋਂ ਬਾਹਰ ਭੇਜੇ ਜਾਂਦੇ ਸਨ। ਜਿਸ ਦਿਨ ਪਰਚਾ ਨਿਕਲਣਾ ਹੁੰਦਾ ਉਸ ਦਿਨ ਗਲੀ ਵਿਚ ਮੇਲਾ ਲੱਗ ਜਾਂਦਾ। ਇਕ ਆਉਂਦਾ ਇਕ ਜਾਂਦਾ। ਅੱਧੀ-ਅੱਧੀ ਰਾਤ ਤਕ ਬੰਡਲ ਵਿਕਦੇ ਰਹਿੰਦੇ। ਤੇ ਜੇ ਕਦੇ ਕੋਈ ਖਾਸ ਨੰਬਰ ਨਿਕਲਦਾ ਉਸ ਦਾ ਠਿਕਾਣਾ ਹੀ ਕੀ।

ਉਸ ਫਲੈਟ ਦੀ ਦੂਜੀ ਮੰਜ਼ਲ 'ਤੇ ਪ੍ਰਾਈਵੇਟ ਕਾਲਜ ਸੀ। ਇਥੇ ਦਿਨ ਰਾਤ ਕਲਾਸਾਂ ਲੱਗਦੀਆਂ ਸਨ। ਇਥੇ ਆਉਂਦੇ ਵਿਦਿਆਰਥੀਆਂ ਦੀ ਵੀ ਕੋਈ ਕਸਰ ਨਹੀਂ ਸੀ। ਪੰਜਾਹ-ਪੰਜਾਹ ਮੁੰਡੇ ਕੁੜੀਆਂ ਇਕੋ ਕਲਾਸ ਵਿਚ ਪੜ੍ਹਦੇ ਸਨ।

ਇਹੋ ਟਿਕਾਣਾ ਸੀ ਜਿਥੇ ਪਿਛਲੇ ਅੱਠਾਂ ਦਿਨਾਂ ਤੋਂ ਜੈਲਾ ਟਿਕਿਆ ਹੋਇਆ ਸੀ।

ਸਵੇਰੇ ਮੂੰਹ ਹਨੇਰੇ ਉਹ ਉਠਦਾ, ਬੇਰੁਜ਼ਗਾਰ ਮਜ਼ਦੂਰਾਂ ਦੀਆਂ ਡਾਰਾਂ ਵਿਚ ਜਾ ਬੈਠਦਾ। ਮਿਸਤਰੀ ਆਉਂਦੇ ਇਕ-ਇਕ ਕਰਕੇ ਮਜ਼ਦੂਰਾਂ ਦੀਆਂ ਬਾਹਾਂ ਫੜ ਕੇ ਲੈ ਤੁਰਦੇ। ਜਦੋਂ ਵੀ ਕੋਈ ਮਿਸਤਰੀ ਉਹਦੇ ਕੋਲ ਦੀ ਲੰਘਦਾ ਜੈਲਾ ਉਠ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ। ਅਗੋਂ ਨਾ ਸਤਿ ਸ੍ਰੀ ਅਕਾਲ ਦਾ ਜਵਾਬ ਆਉਂਦਾ ਤੇ ਨਾ ਕੰਮ ਦਾ ਸੁਨੇਹਾ। ਦੇਖਦੇ-ਦੇਖਦੇ ਅੱਠ ਵੱਜ ਜਾਂਦੇ। ਫੇਰ ਨੌਂ ਤੇ ਦਸ। ਗਿਆਰ੍ਹਾਂ ਵਜੇ ਉਬਾਸੀਆਂ ਲੈਂਦਾ ਉਹ ਮੁੜ ਪ੍ਰੈਸ ਵਿਚ ਆ ਬੈਠਦਾ। ਹਰ ਵਾਰ ਉਸ ਦੇ ਨਿਰਾਸ਼ ਮੂੰਹ ਨੂੰ ਦੇਖ ਕੇ ਕੁੜੀ ਵਿਅੰਗਮਈ ਹਾਸਾ ਹੱਸਦੀ ਤੇ ਇਹੋ ਵਾਕ ਦੁਹਰਾਉਂਦੀ।

'ਅੱਜ ਫੇਰ ਮੁੜ ਆਇਆ। ਉਦਾਸ ਕਿਉਂ ਹੁੰਨੈ ਵੀਰੇ। ਦੇਖ ਲੈ ਸਾਡੀ ਅਜ਼ਾਦੀ ਦਾ ਥੋੜਾ ਜਿਹਾ ਨਜ਼ਾਰਾ। ਤੂੰ ਹੱਟਾ ਕੱਟੈਂ। ਦਿਹਾੜੀ ਵੀ ਨਸੀਬ ਨਹੀਂ ਹੁੰਦੀ।'

ਜੈਲਾ ਰੋਣ ਹਾਕਾ ਹੋ ਕੇ ਫਰਸ਼ 'ਤੇ ਬੈਠ ਜਾਂਦਾ। ਕਦੀ-ਕਦੀ ਅੱਖਾਂ ਵਿਚ ਹੰਝੂ ਭਰ ਆਉਂਦੇ। ਉਹ ਬਹੁਤ ਕੁਝ ਕਹਿਣਾ ਚਾਹੁੰਦਾ, ਇਸ ਢਾਂਚੇ ਬਾਰੇ, ਆਪਣੀ ਨਫ਼ਰਤ ਬਾਰੇ। ਪਰ ਉਸ ਨੂੰ ਕੁਝ ਨਾ ਔੜਦਾ ਤੇ ਉਹ ਚੁੱਪ ਕਰਕੇ ਬਸ ਇਕ ਹਉਕਾ ਭਰਦਾ।

ਕੁੜੀ ਉਸ ਦੇ ਹਿੱਸੇ ਦੀ ਰੋਟੀ ਲੈ ਆਉਂਦੀ, ਉਸ ਨੂੰ ਰੋਟੀਆਂ ਫੜਦੇ ਸ਼ਰਮ ਆਉਂਦੀ। ਉਨ੍ਹਾਂ 'ਤੇ ਇਹ ਵਾਧੂ ਦਾ ਬੋਝ ਬਣ ਗਿਆ ਸੀ।

'ਤੂੰ ਰੋਟੀ ਕਿਉਂ ਨੀ ਫੜਦਾ ? ਮੈਂ ਸਭ ਸਮਝਦੀ ਆਂ। ਖਾ ਲੈ। ਸ਼ੁਕਰ ਕਰ ਆਪਾਂ ਨੂੰ ਇੰਨੀ ਕੁ ਮਿਲ ਤਾਂ ਜਾਂਦੀ ਐ। ਪਤਾ ਨੀ ਕਿੰਨੇ ਵਿਚਾਰੇ ਭੁੱਖੇ ਹੀ ਸੌਂ ਜਾਂਦੇ ਨੇ। ਤੂੰ ਝਿਜਕਦੈਂ ਤੂੰ ਕੁਝ ਨਹੀਂ ਦਿੱਤਾ। ਤੂੰ ਹਾਲੇ ਦੂਜਿਆਂ ਦਾ ਖ਼ੂਨ ਪੀ ਲੈ। ਤੇਰਾ ਹੱਕ ਬਣਦੈ। ਸਾਰੀ ਰਾਤ ਤੂੰ ਪ੍ਰੈਸ 'ਚ ਕੰਮ ਕਰਦੈਂ। ਇਹ ਰੋਟੀ ਸਿਰਫ ਉਸ ਬਦਲੇ ਮਿਲਦੀ ਐ।'

ਜੈਲੇ ਦੇ ਹੱਥ ਜਦੋਂ ਫੇਰ ਵੀ ਨਾ ਵਧਦੇ ਉਹ ਪਿਆਰ-ਭਰੀ ਝਿੜਕ ਦਿੰਦੀ।

'ਤੇਰਾ ਇਹ ਗਾਂਧੀਵਾਦ ਇਥੇ ਕੋਈ ਨਹੀਂ ਚਲਣਾ। ਅਸਾਂ ਭੁੱਖੇ ਮਰ ਕੇ ਜਾਨ ਦੇਣ ਵਾਲਿਆਂ ਨੂੰ ਆਪਣੇ ਨਾਲ ਨਹੀਂ ਲੈਂਦੇ। ਜੇ ਤੂੰ ਇਸੇ ਤਰ੍ਹਾਂ ਮਰਨੈ ਤਾਂ ਤੇਰੀ ਮਰਜ਼ੀ।'

ਇਸ ਅੱਗੇ ਜੈਲੇ ਦੀ ਵੱਸ ਨਾ ਚਲਦੀ ਤੇ ਉਹ ਰੋਟੀ ਲਈ ਹੱਥ ਅੱਡ ਲੈਂਦਾ। ਜਿੰਨੀ ਉਸ ਦੀ ਭੁੱਖ ਹੁੰਦੀ

ਉਹ ਓਸ ਤੋਂ ਅੱਧ ਵੀ ਨਾ ਖਾਂਦਾ। ਉਸ ਕੋਲ ਬੈਠੀ ਕੁੜੀ ਝੁਰਨ ਲੱਗ ਪੈਂਦੀ।

ਇਸ ਨਿੱਕੀ ਜਿਹੀ ਕੁੜੀ ਦੀਆਂ ਗੱਲਾਂ ਹਰ ਵਕਤ ਜੈਲੇ ਨੂੰ ਹੈਰਾਨ ਕਰਦੀਆਂ ਰਹਿੰਦੀਆਂ। ਅਖੇ ਇਹ ਕਿਸੇ ਚੰਗੇ ਘਰ ਦੀ ਕੁੜੀ ਸੀ। ਪਰ ਸਭ ਕੁਝ ਛੱਡ ਛਡਾ ਆਈ। ਆਪਣੇ ਸੁੱਖ, ਅਰਾਮ ਤੇ ਐਸ਼ੋ ਇਸ਼ਰਤਾਂ। ਸਿਰਫ ਜੈਲੇ ਵਰਗੇ ਲੋਕਾਂ ਲਈ। ਉਸ ਨੂੰ ਸਮਝ ਨਾ ਆਉਂਦੀ, ਉਸ ਕੋਲ ਪਿਆਰ ਦਾ ਕਿੱਡਾ ਕੁ ਸੋਮਾਂ ਸੀ ਜਿਹੜਾ ਮੁੱਕਣ 'ਚ ਨਹੀਂ ਸੀ ਆਉਂਦਾ। ਸਾਰੇ ਉਸ ਦੀਆਂ ਤਾਰੀਫਾਂ ਕਰਦੇ ਨਾ ਥੱਕਦੇ। ਕਈ ਤਾਂ ਆਖਦੇ ਸੀ ਜੇ ਕਿਤੇ ਇਹ ਇਥੇ ਨਾ ਹੋਵੇ ਇਹ ਪਰਚੇ ਸਭ ਬੰਦ ਹੋ ਜਾਣ। ਜੈਲੇ ਨੂੰ ਵੀ ਇਹ ਗੱਲ ਠੀਕ ਲੱਗਦੀ ਸੀ। ਜੈਲੇ ਨੇ ਕਦੇ ਉਸ ਨੂੰ ਸੁੱਤਿਆਂ ਨਹੀਂ ਸੀ ਦੇਖਿਆ। ਸਾਰਾ ਦਿਨ ਉਹ ਸ਼ਹਿਰ ਵਿਚ ਨਿਕਲਦੇ ਪਰਚੇ ਅਤੇ ਦੂਜੇ ਬੰਡਲਾਂ ਦੇ ਕੰਮਾਂ ਵਿਚ ਰੁਝੀ ਰਹਿੰਦੀ। ਦਿਨ ਛਿਪਦੇ ਨਾਲ ਹੀ ਉਸ ਦੀ ਕਲਮ ਕਾਗ਼ਜ਼ਾਂ 'ਤੇ ਨੱਚਣ ਲੱਗਦੀ। ਕਈ-ਕਈ ਘੰਟੇ ਨੱਚਦੀ

ਰਹਿੰਦੀ। ਢੇਰਾਂ ਦੇ ਢੇਰ ਉਹ ਕਾਗ਼ਜ਼ਾਂ ਨੂੰ ਤੀਲੀ ਲਾ ਦਿੰਦੀ। ਜੈਲਾ ਹੈਰਾਨ ਹੋ ਕੇ ਉਸ ਵੱਲ ਤੱਕਦਾ, ਉਹ ਮੁਸਕਰਾ ਕੇ ਆਖਦੀ :

'ਕਦੇ-ਕਦੇ ਪਤਾ ਨਹੀਂ ਕੀ ਹੋ ਜਾਂਦੈ। ਵਧੀਆ ਲਿਖਿਆ ਨਹੀਂ ਜਾਂਦਾ। ਆਪਣਾ ਸਭ ਕੁਝ ਬੜਾ ਕੀਮਤੀ ਐ। ਕਾਗ਼ਜ਼, ਪ੍ਰੈਸ ਤੇ ਸਭ ਤੋਂ ਵੱਧ ਸਮਾਂ। ਘਟੀਆ ਲਿਖਤ ਨਾਲ ਇਹ ਸਭ ਨਸ਼ਟ ਹੋ ਜਾਣੈ।'

ਜੈਲਾ ਚੁਪ-ਚਾਪ ਵਿਚ ਸਿਰ ਹਿਲਾ ਦਿੰਦਾ,ਜੈਲੇ ਦਾ ਕੰਮ ਪ੍ਰੈਸ ਵਿਚ ਛੱਪਦੇ ਕਾਗ਼ਜ਼ਾਂ ਨੂੰ ਕੱਟ ਕੇ, ਸਟਿਚ ਕਰਕੇ, ਬੰਡਲ ਬਨਾਉਣ ਦਾ ਸੀ। ਬੰਡਲਾਂ ਵਿਚ ਹੁੰਦਾ ਕੁਝ ਹੋਰ ਸੀ ਤੇ ਲੇਬਲ ਸਪਤਾਹਿਕ ਪਰਚੇ ਦੇ ਲੱਗਦੇ ਸਨ। ਇਸ ਉਲਝਣ ਦੀ ਸਮਝ ਜੈਲੇ ਨੂੰ ਕਈ ਦਿਨਾਂ ਬਾਅਦ ਆਈ ਸੀ। ਜਦੋਂ ਕਦੇ ਮਾੜੀ ਮੋਟੀ ਵੇਹਲ ਮਿਲਦੀ ਉਹ ਕਾਗ਼ਜ਼ਾਂ ਨੂੰ ਪੜ੍ਹਨ ਬੈਠ ਜਾਂਦਾ। ਉਹ ਜੋਸ਼ ਨਾਲ ਕੰਬਦਾ ਤੇ ਕੁੜੀ ਕੋਲ ਆ ਕੇ ਚਿੱਲਾਉਂਦਾ।

'ਇਹ ਕਿਥੇ ਮਾਰਿਆ ਗਿਆ ? ਬੜਾ ਚੰਗਾ ਸੀ ਇਹ....।' ਜੈਲਾ ਫੁਟ ਫੁਟ ਕੇ ਰੋਣ ਲੱਗ ਪੈਂਦਾ। ਕਈ ਪਲ ਕੁੜੀ ਖਮੋਸ਼ ਰਹਿੰਦੀ। ਫੇਰ ਆਪਣੇ ਅੱਥਰੂ ਪੂੰਝ ਕੇ ਉਹਦੀ ਧੀਰ ਵਧਾਉਂਦੀ।

ਰੋ ਕੇ ਤੂੰ ਉਸ ਦੀ ਆਤਮਾ ਨੂੰ ਕਸ਼ਟ ਨਾ ਦੇ। ਰੋਣਾ ਤਾਂ ਕਾਇਰਾਂ ਦਾ ਕੰਮ ਐ। ਉਹ ਬਹਾਦਰਾਂ ਦੀ ਮੌਤ ਮਰਿਐ। ਬਹਾਦਰਾਂ ਦੇ ਵਾਰਸ ਕਦੇ, ਰੋਂਦੇ ਨਹੀਂ ਹੁੰਦੇ। ਬਹਾਦਰੀ ਦੀਆਂ ਕਸਮਾਂ ਖਾਂਦੇ ਨੇ।'

'ਕਿਹੜੇ ਥਾਨੇ 'ਚ ਉਹਦੇ ਗੋਲੀ ਵੱਜੀ ? ਮੈਨੂੰ ਬੰਬ ਦਿਉ ਮੈਂ ਲੜਾਂਗਾ... ਮੈਂ ਲੜਾਂਗਾ...'

'ਤੂੰ ਚੁੱਪ ਰਿਹਾ ਕਰ। ਜਦੋਂ ਮੌਕਾ ਆਇਆ ਤੈਨੂੰ ਭੇਜ ਦਿੱਤਾ ਜਾਏਗਾ।'

ਮੈਥੋਂ ਪ੍ਰੈਸ ਦਾ ਕੰਮ ਨਾ ਕਰਾਉ। ਮੈਂ ਲੜਨ ਵਾਲਾ ਬੰਦਾ। ਮੈਨੂੰ ਲੜਨ ਦਿਉ। ਉਨ੍ਹਾਂ ਨੂੰ ਇਥੇ ਰੱਖੋ। ਮੇਰੀ ਦੀਦੀ....।'

'ਚੁੱਪ ਕਰਕੇ ਸੌਂ ਜਾ। ਤੈਨੂੰ ਇਸੇ ਲਈ ਆਖਦੀ ਹੁੰਨੀ ਆਂ ਤੂੰ ਪਰਚਾ ਨਾ ਪੜ੍ਹਿਆ ਕਰ। ਪਰ ਤੂੰ ਨਹੀਂ ਟਲਦਾ। ਤੈਨੂੰ ਕਿਤੇ ਛੁੱਟੀ ਨਾ ਕਰਨੀ ਪਏ।'

ਕੁੜੀ ਦੀ ਝਿੜਕ ਅੱਗੇ ਹਥਿਆਰ ਸੁੱਟ ਕੇ ਜੈਲਾ ਫੇਰ ਕੰਮ ਵਿਚ ਜੁੱਟ ਜਾਂਦਾ। ਸਵੇਰ ਹੁੰਦਿਆਂ ਹੀ ਉਠਦਾ ਤੇ ਫੇਰ ਕੰਮ ਦੀ ਭਾਲ ਵਿਚ ਨਿਕਲ ਤੁਰਦਾ। ਅੱਠਾਂ ਦਿਨਾਂ ਬਾਅਦ ਜਦੋਂ ਉਹਦੇ ਸਬਰ ਦੇ ਪਿਆਲੇ ਉਛਲ ਚੁਕੇ ਸਨ ਉਸ ਨੂੰ ਵੀ ਕੰਮ ਮਿਲ ਗਿਆ। ਮਿਸਤਰੀ ਦੀ ਥਾਂ ਉਸ ਨੂੰ ਕਿਸੇ ਬਾਬੂ ਨੇ ਚੁਣਿਆ ਸੀ।

'ਕੀ ਦਿਹਾੜੀ ਐ ਤੇਰੀ ?' ਬਾਬੂ ਨੇ ਤਸੱਲੀ ਲਈ ਪੁੱਛਿਆ ਸੀ।

ਜੋ ਮਰਜ਼ੀ ਦੇ ਦਿਉ।' ਲਗਾਤਾਰ ਚਲੀ ਆ ਰਹੀ ਬੇਰੁਜ਼ਗਾਰੀ ਤੋਂ ਤੰਗ ਆਇਆ ਜੈਲਾ ਸਭ ਕੁਝ ਮਨਜ਼ੂਰ ਕਰਨ ਨੂੰ ਤਿਆਰ ਸੀ। ਹਰ ਰੋਜ਼ ਮੁਫਤ ਦੀਆਂ ਰੋਟੀਆਂ ਖਾਂਦੇ ਉਹਨੂੰ ਸ਼ਰਮ ਆਉਂਦੀ ਸੀ।

'ਨਹੀਂ। ਪਹਿਲਾਂ ਖੁੱਲ੍ਹੀ ਗੱਲ ਚੰਗੀ ਹੁੰਦੀ ਐ। ਪਿੱਛੋਂ ਰੌਲਾ ਮੈਨੂੰ ਪਸੰਦ ਨਹੀਂ।'

'ਮੈਂ ਨੀ ਜੀ ਰੌਲਾ ਪਾਉਂਦਾ। ਆਪੇ ਜੋ ਮਰਜ਼ੀ ਦੇ ਦਿਉ।' ਤੇ ਬਾਬੂ ਉਹਨੂੰ ਸਾਈਕਲ 'ਤੇ ਬੈਠਾ ਕੇ ਲੈ ਗਿਆ। ਦੁਪਹਿਰੇ ਇਕ ਵਜੇ ਜਦੋਂ ਉਹ ਪ੍ਰੈਸ ਖਬਰ ਕਰਨ ਆਇਆ, ਦੀਦੀ ਨੇ ਬਾਹਰ ਹੀ ਉਹਦਾ ਸਵਾਗਤ ਕੀਤਾ।

'ਮੁਬਾਰਕਾਂ ਵੀਰ ਜੀ। ਕੰਮ ਮਿਲਣ ਦੀਆਂ ਮੁਬਾਰਕਾਂ।' ਜੈਲੇ ਦੇ ਸ਼ਬਦ ਮੂੰਹ ਵਿਚ ਹੀ ਸਨ, ਜਦੋਂ ਉਹ ਬੋਲ ਪਈ।

'ਬੁਝ ਲਿਆ ਨਾ। ਇਹ ਐ ਕੰਮ ਮਿਲਣ ਵਾਲਾ ਚਿਹਰਾ। ਜਿਹੜਾ ਤੇਰਾ ਅੱਜ ਐ। ਅੰਦਰ ਨਹੀਂ ਆਉਣਾ ਅੱਜ ?'

'ਨਹੀਂ ! ਮੁੜਨੈ। ਘੰਟੇ 'ਚ ਪਹੁੰਚੂੰ। ਆਖਣ ਆਇਆ ਸੀ ਬਈ ਰਾਤ ਨੂੰ ਦੇਰ ਹੋਏ ਆਊਂ। ਲੈਂਟਰ ਪੈਣੈ।'

'ਅੱਛਾ ! ਜਾ। ਠੀਕ ਸਮੇਂ ਆ ਜਾਈਂ। ਤੇਰਾ ਕੰਮ ਉਵੇਂ ਜਿਵੇਂ ਨਾ ਰਹਿ ਜਾਏ।'

'ਫ਼ਿਕਰ ਨਾ ਕਰੋ।'

ਉਸ ਦਿਨ ਤੇ ਰਾਤ ਉਹਨੇ ਪੂਰੀ ਲਗਨ ਨਾਲ ਕੰਮ ਕੀਤਾ। ਰਾਤ ਦੇ ਤਿੰਨ ਵਜੇ ਸਨ, ਜਦੋਂ ਉਨ੍ਹਾਂ ਨੂੰ ਛੁੱਟੀ ਹੋਈ।

'ਤੂੰ ਹੁਣ ਆਇਐਂ ?' ਸਰੋਜ ਦੀਦੀ ਉਡੀਕ ਕੇ ਸੌਂ ਗਈ। 'ਤੇਰਾ ਕੰਮ ਮੈਂ ਕਰ ਦਿੱਤਾ। ਜਾਹ ਸੌਂ ਜਾ। ਕੱਲ੍ਹ ਨੂੰ ਮਿਲੇ ਬਿਨਾਂ ਨਹੀਂ ਜਾਣਾ। ਇਹ ਦੀਦੀ ਦਾ ਹੁਕਮ ਐ।'

ਤਿੰਨਾਂ ਦਿਨਾਂ ਬਾਅਦ ਜਦੋਂ ਉਹਦਾ ਹਿਸਾਬ ਹੋਇਆ ਉਹਨੂੰ ਪੰਦਰਾਂ ਰੁਪਏ ਮਿਲੇ। ਵਾਧੂ ਲਗਿਆ ਸਮਾਂ ਕਿਧਰੇ ਉਡ ਗਿਆ ਸੀ। ਉਸ ਦੀ ਸਲਾਹ ਰੌਲਾ-ਰੱਪਾ ਪਾਉਣ ਦੀ ਸੀ। ਪਰ ਇਕ ਤਾਂ ਆਪਣੇ ਆਖ ਬੈਠਣ ਕਰਕੇ ਤੇ ਦੂਜੇ ਸਭ ਦੀ ਖਮੋਸ਼ੀ ਕਰਕੇ ਉਹ ਕੁਝ ਵੀ ਨਾ ਬੋਲ ਸਕਿਆ।

'ਕੱਲ੍ਹ ਨੂੰ ਉਥੇ ਹੀ ਜਿਉ। ਜਿਸ ਜਿਸ ਨੂੰ ਰੱਖਣਾ ਹੋਊ ਰੱਖ ਲਾਂਗੇ।' ਆਉਣ ਲੱਗਿਆਂ ਬਾਬੂ ਨੇ ਹੁਕਮ ਦਿੱਤਾ।

ਸਾਰੇ ਮੂੰਹ ਲਟਕਾ ਕੇ ਘਰਾਂ ਨੂੰ ਪਰਤ ਗਏ। ਜੈਲਾ ਨਿਰਾਸ਼ ਸੀ ਦੀਦੀ ਨੂੰ ਕੀ ਕਹੇਗਾ। ਹੋਰਾਂ ਦੇ ਹੱਕ ਤਾਂ ਕੀ ਉਹ ਤਾਂ ਆਪਣੇ ਵੀ ਲੁਟਾ ਚਲਿਆ ਸੀ। ਉਹ ਇਸੇ ਕਸ਼ਮਕਸ਼ ਵਿਚ ਸੀ ਕਿ ਅਬਦਲ ਖ਼ਾਂ ਨੇ ਉਹਦਾ ਮੋਢਾ ਫੜ ਕੇ ਉਹਨੂੰ ਰੋਕਿਆ।

'ਕੱਲ੍ਹ ਦਾ ਕੀ ਇਰਾਦੈ ?'

'ਇਹਨਾਂ ਦੀ ਮਰਜ਼ੀ ਐ। ਆਪਣਾ ਕੀ ਜ਼ੋਰ ਐ। ਪਰ ਇਕ ਗੱਲ ਤਾਂ ਦੱਸ। ਰਾਤ ਦੇ ਕੰਮ ਦਾ ਸਾਨੂੰ ਕੋਈ ਪੈਸਾ ਨਹੀਂ ਮਿਲਿਆ। ਇਹ ਕੀ ਗੱਲ ਭਲਾ ?'

ਸ਼ੁਕਰ ਕਰ ਪੰਦਰਾਂ ਮਿਲ ਗਏ। ਆਪਾਂ ਨੂੰ ਤਾਂ ਇਹ ਵੀ ਆਸ ਨੀ ਸੀ। ਪੂਰੇ ਮਹੀਨੇ ਬਾਅਦ ਇਨ੍ਹਾਂ ਦਾ ਮੂੰਹ ਦੇਖਿਐ।'

'ਸਾਨੂੰ ਹੱਕ ਨਹੀਂ ਛੱਡਣੇ ਚਾਹੀਦੇ। ਭਾਵੇਂ ਕੁਝ ਵੀ ਹੋਵੇ।'

'ਲੱਗਦੈ ਤੇਰੇ ਕੋਈ ਜਵਾਕ ਜਲਾ ਨੀ। ਜੇ ਉਹ ਘਰੇ ਰੀਂ-ਰੀਂ ਕਰਦੇ ਹੋਣ ਫੇਰ ਹੱਕਾਂ ਹੁੱਕਾਂ ਦੀ ਗੱਲ ਤੈਨੂੰ ਨਾ ਅਉੜਦੀ। ਜਿਹੜਾ ਮਿਲੇ ਸ਼ੁਕਰ ਕਰਕੇ ਕਬੂਲ ਕਰਨਾ ਚਾਹੀਦੈ। ਅੱਲ੍ਹਾ ਦਾ ਸ਼ੁਕਰ ਕਰ।'

'ਚੱਲ ਇਹ ਦੱਸ ਫੇਰ ਕੱਲ੍ਹ ਨੂੰ ਆਉਣੈ' ? ਮਿਸਤਰੀ ਤੇਰੇ ਕੰਮ 'ਤੇ ਖ਼ੁਸ਼ ਨੇ।'

'ਖ਼ੁਸ਼ ਨੇ ਤਾਂ ਆ ਜਾਂ ਗੇ।'

'ਪਰ ਰੁਪੀਈਏ ਚਾਰ ਮਿਲਣਗੇ। ਇਕ ਰੁਪਿਆ ਮਿਸਤਰੀ ਰੱਖਿਆ ਕਰੂ। ਬੋਲ ਹੈ ਮਨਜ਼ੂਰ ?'

'ਇਹ ਤਾਂ ਧੋਖੈ। ਯੂਨੀਅਨ ਨਾਲ ਤੇ ਆਪਣੇ ਨਾਲ। ਸਾਨੂੰ ਨਿਯਮ ਨਹੀਂ ਤੋੜਨੇ ਚਾਹੀਦੇ। ਸਾਡੀ ਪਾਰਟੀ ਦਾ ਇਹ ਸਿਧਾਂਤ ਨਹੀਂ।'

'ਕਿਹੜੀ ਯੂਨੀਅਨ ਹੈ ਇਥੇ ! ਸਭ ਖਾਣ ਦੇ ਢੰਗ ਨੇ। ਦਿਹਾੜੀ ਉਸੇ ਨੂੰ ਮਿਲਦੀ ਏ ਜਿਹੜਾ ਮਿਸਤਰੀਆਂ ਨਾਲ ਮਿਲ ਕੇ ਰਹੇ। ਬਾਕੀ ਫਿਰਨ ਧੱਕੇ ਖਾਂਦੇ। ਤੂੰ ਨਵਾਂ ਆਇਆ ਨਾ ਇਸ ਲਈ ਤੈਨੂੰ ਇਥੋਂ ਦੀ ਖਬਰ ਨੀ।'

'ਕੁਝ ਵੀ ਹੋਵੇ ਮੈਂ ਇਹੋ ਜਿਹੇ ਕੰਮ ਨਹੀਂ ਕਰਨੇ।'

'ਫੇਰ ਤੇਰੀ ਮਰਜ਼ੀ। ਮੈਂ ਤਾਂ ਚਲਦਾਂ। ਸਾਨੂੰ ਤਾਂ ਚਾਰ ਬਥੇਰੇ ਨੇ। ਦੋ ਸੇਰ ਆਟਾ ਕੋਟਾ ਆਊ...' ਤੇ ਉਹ ਵਾਪਸ ਪਰਤ ਗਿਆ।

ਇਸ ਨਵੀਂ ਕਿਸਮ ਦੀ ਲੁੱਟ ਨੇ ਉਹਨੂੰ ਹੋਰ ਹੈਰਾਨ ਕਰ ਦਿੱਤਾ।

ਉਹ ਤੇਜ਼ੀ ਨਾਲ ਪ੍ਰੈਸ ਵੱਲ ਵਧਣ ਲੱਗਿਆ ਤਾਂ ਜੋ ਇਸ ਨਵੀਂ ਸਮੱਸਿਆ ਨੂੰ ਆਪਣੀ ਦੀਦੀ ਨਾਲ ਸਾਂਝੀ ਕਰਕੇ ਕੋਈ ਉਪਰਾਲਾ ਕਰ ਸਕੇ।

ਤਿੰਨਾਂ ਦਿਨਾਂ ਬਾਅਦ ਉਹੋ ਬੇ-ਰੁਜ਼ਗਾਰੀ ਦਾ ਚੱਕਰ ਉਸ ਨੂੰ ਫੇਰ ਸ਼ੁਰੂ ਹੁੰਦਾ ਨਜ਼ਰ ਆ ਰਿਹਾ ਸੀ।

32

ਉਦਾਸ ਸਰੋਜ ਦੀਦੀ ਦੀ ਨਜ਼ਰ ਵਾਰ-ਵਾਰ ਕਦੇ ਤੇਜ਼ੀ ਨਾਲ ਘੁੰਮ ਰਹੀਆਂ ਘੜੀ ਦੀਆਂ ਸੂਈਆਂ ਵੱਲ ਤੇ ਕਦੇ ਆਪਣੇ ਅਧੂਰੇ ਕੰਮ ਵੱਲ ਜਾਂਦੀ। ਰਾਤ ਦੇ ਦੋ ਦਾ ਵਕਤ ਹੋ ਗਿਆ ਸੀ। ਉਸ ਤੋਂ ਹਾਲੀਂ ਇਕ ਪੰਨਾ ਵੀ ਨਹੀਂ ਸੀ ਲਿਖਿਆ ਗਿਆ। ਲਿਖਣ ਵਿਚ ਅਸਮਰਥ ਰਹਿਣ ਕਰਕੇ ਉਹ ਬੁਰੀ ਤਰ੍ਹਾਂ ਖਿਝੀ ਹੋਈ ਸੀ।

ਹੱਥਲਾ ਪੈਨ ਉਹਨੇ ਇਕ ਪਾਸੇ ਰੱਖ ਦਿੱਤਾ ਤੇ ਟੇਬਲ 'ਤੇ ਪਏ ਲੈਂਪ ਨਾਲ ਛੇੜਛਾੜ ਕਰਨ ਲੱਗੀ। ਨਿੱਕੇ ਜਿਹੇ ਖੜਾਕ ਨਾਲ ਹੀ ਉਹਦੇ ਕੰਨ ਖੜੇ ਹੋ ਜਾਂਦੇ। ਕਈ ਮਿੰਟ ਉਹਦਾ ਦਿਲ ਧੱਕ ਧੱਕ ਕਰਦਾ। ਪਰ ਜਦੋਂ ਕੁਝ ਵੀ ਨਾ ਵਾਪਰਦਾ ਉਹ ਮੁੜ ਆਪਣਾ ਧਿਆਨ ਕਾਗ਼ਜ਼ਾਂ ਵੱਲ ਮੋੜ ਲੈਂਦੀ। ਇਹ ਉਸ ਦੇ ਇਮਤਿਹਾਨ ਦੀ ਰਾਤ ਸੀ। ਅੱਜ ਉਸ ਦਾ ਸੁਰਜੀਤ, ਜਿਸ ਦੀ ਪ੍ਰੇਰਨਾ ਨੇ ਤੇ ਜਿਸ ਦੀ ਪਾਕ ਮੁਹੱਬਤ ਨੇ ਉਹਨੂੰ ਇਨ੍ਹਾਂ ਰਾਹਾਂ ਦਾ ਜਾਣੂ ਕਰਾਇਆ ਸੀ, ਸ਼ਾਇਦ ਕਿਸੇ ਲੰਬੇ ਵਿਛੋੜੇ ਦੀ ਸਜ਼ਾ ਦੇ ਕੇ ਤੁਰ ਜਾਏ। ਜਿਸ ਕੰਮ ਲਈ ਉਹ ਗਏ ਸਨ ਉਸ ਵਿਚ ਮੌਤ ਦੇ ਬਿਨਾਂ ਕੋਈ ਹੋਰ ਆਸ ਕਰਨਾ ਬੇਵਕੂਫੀ ਸੀ। ਉਹ ਇਹ ਆਖਣਾ ਚਾਹੁੰਦੀ ਸੀ। ਪਰ ਜੋਸ਼ ਨਾਲ ਦਗਦਗ ਕਰਦੇ ਸੁਰਜੀਤ ਅੱਗੇ ਇਕ ਵੀ ਸ਼ਬਦ ਨਾ ਆਖ ਸਕੀ। ਵਾਹੋ-ਧਾਹੋ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿਣ ਵਹਿਣ ਕਰ ਰਹੇ ਸਨ ਪਰ ਉਸ ਨੇ ਜਿਸ ਜ਼ੋਰ ਨਾਲ ਥੰਮੇ ਸਨ ਉਹੋ ਜਾਣਦੀ ਸੀ। ਕਿਹੜੇ ਮੂੰਹ ਨਾਲ ਉਸ ਨੂੰ ਰੋਕਦੀ ! ਸਗੋਂ ਆਪਣੇ ਹੱਥੀਂ ਤੋਰਨ ਦਾ ਉਹਨੂੰ ਜਿਗਰਾ ਕਰਨਾ ਪਿਆ ਸੀ। ਕੱਲ੍ਹ ਸਵੇਰ ਦੇ ਗਿਆਂ ਨੂੰ, ਕੱਲ੍ਹ ਦੀ ਸਾਰੀ ਰਾਤ, ਅੱਜ ਦਾ ਦਿਨ ਤੇ ਹੁਣ, ਫੇਰ ਸਾਰੀ ਰਾਤ ਬੀਤ ਗਈ ਸੀ। ਉਨ੍ਹਾਂ ਦੀ ਕੋਈ ਸੂਹ ਨਹੀਂ ਸੀ। ਖਬਰਾਂ ਲਿਆਉਣ ਵਾਲਿਆਂ ਵਿਚੋਂ ਵੀ ਕੋਈ ਨਹੀਂ ਸੀ ਮੁੜਿਆ।

'ਪੂਰੀ ਦੀ ਪੂਰੀ ਚੌਂਕੀ 'ਤੇ ਧਾਵਾ...' ਉਹ ਮੁੜ ਪੈਨ ਫੜ ਕੇ ਲਿਖਣ ਲੱਗ ਪਈ। ਇਸ ਤੋਂ ਅੱਗੇ ਕੀ ਲਿਖੇ ਉਸ ਨੂੰ ਸਮਝ ਨਹੀਂ ਸੀ ਆ ਰਹੀ। ਸਫਲਤਾ ਜਾਂ ਅਸਫਲਤਾ। ਸੁਰਜੀਤ ਵੱਲ ਵੇਖਦੀ ਉਸ ਦਾ ਮਨ ਸਫਲਤਾ ਲਿਖਣ ਨੂੰ ਕਰਦਾ। ਪਰ ਜਦੋਂ ਯਥਾਰਥਵਾਦ ਵੱਲ ਝਾਤ ਪੈਂਦੀ ਉਸ ਨੂੰ ਸਫਲਤਾ ਅਸੰਭਵ ਨਜ਼ਰ ਆਉਂਦੀ। ਕਈ ਸਫਲਤਾ ਦੀ ਕਲਪਨਾ ਕਰਕੇ ਪੰਨੇ ਭਰ ਦਿੰਦੀ। ਫੇਰ ਅਸਫਲਤਾ ਦੀ ਕਲਪਨਾ ਕਰਦੀ ਤੇ ਨਵਾਂ ਆਰਟੀਕਲ

ਝਰੀਟ ਦਿੰਦੀ। ਕਿਸ ਨੂੰ ਛਪਣ ਲਈ ਭੇਜੇ ਉਸ ਲਈ ਪਹਾੜ ਜਿੱਡਾ ਪ੍ਰਸ਼ਨ-ਚਿੰਨ੍ਹ ਸੀ। ਸੁਰਜੀਤ ਤੇ ਉਹਦੇ ਸਾਥੀਆਂ ਦੇ ਮਰਨ ਦੀ ਖਬਰ ਭੇਜਦਿਆਂ ਉਹਦਾ ਸੀਨਾ ਫਟਣ ਲੱਗਦਾ ਤੇ ਝੂਠੀ ਸਫਲਤਾ ਦਾ ਧਰੋਹ ਵੀ ਉਸ ਤੋਂ ਨਹੀਂ ਸੀ ਹੋ ਰਿਹਾ।

ਇਸੇ ਕਸ਼ਮਕਸ਼ ਵਿਚ ਉਹਨੇ ਕਈ ਵਾਰ ਵਰਕੇ ਲਿਖੇ ਤੇ ਜਾਲੇ ਸਨ।

ਦੋ ਵਜੇ ਗਏ ਸਨ। ਉਹ ਚਾਹੁੰਦੀ ਸੀ ਕੋਈ ਖਬਰ ਆਵੇ ਤੇ ਆਪਣਾ ਕੰਮ ਨਬੇੜ ਲਵੇ। ਜੋ ਉਸ ਨਾਲ ਹੋਣਾ ਸੀ ਉਹ ਤਾਂ ਹੁਣ ਤੱਕ ਕਦੋਂ ਦਾ ਵਾਪਰ ਚੁਕਾ ਹੋਣਾ ਹੈ। ਵਾਰ-ਵਾਰ ਉਹ ਆਪਣੇ ਆਪ ਨੂੰ ਮਜ਼ਬੂਤ ਕਰਨ ਦਾ ਯਤਨ ਕਰਦੀ। ਪਰ ਕੁਝ ਹੀ ਪਲਾਂ ਬਾਅਦ ਉਹਦਾ ਮਨ ਇਨਕਲਾਬ ਦੇ ਖ਼ਿਆਲਾਂ ਨੂੰ ਤਿਆਗ ਕੇ ਆਪਣੇ ਪ੍ਰੇਮੀ ਦੀਆਂ ਬਾਹਾਂ ਵਿਚ ਸਮੋ ਜਾਣ ਨੂੰ ਕਰਦਾ।

ਸਮੇਂ ਨੂੰ ਧੱਕੇ ਦੇਣ ਲਈ ਉਹ ਲੈਂਪ ਨਾਲ ਖੇਡਣ ਲੱਗੀ। ਲੈਂਪ ਦੀ ਬੱਤੀ ਜਿਉਂ-ਜਿਉਂ ਛੋਟੀ ਹੁੰਦੀ ਗਈ ਕਮਰੇ ਦਾ ਹਨੇਰਾ ਵਧਦਾ ਗਿਆ। ਉਂਗਲਾਂ ਉਥੇ ਹੀ ਰੁਕ ਗਈਆਂ। ਉਸ ਦਾ ਚਾਨਣ ਸਿਰਫ ਉਸ ਤੱਕ ਸੀਮਤ ਸੀ, ਬਾਕੀ ਸਾਰਾ ਕਮਰਾ ਹਨੇਰੇ ਦਾ ਸ਼ਿਕਾਰ।

ਇਹ ਰੋਸ਼ਨੀ ਇਡੇ ਹਾਲ ਕਮਰੇ ਦੇ ਇਕ ਕੋਨੇ, ਤੇ ਉਸ ਕੋਨੇ ਵਿਚ ਪਏ ਮੇਜ਼ ਅਤੇ ਮੇਜ਼ ਦੇ ਵੀ ਇਕ ਖੂੰਝੇ ਤੱਕ ਸੀਮਤ ਹੈ। ਬਾਕੀ ਸਾਰਾ ਕਮਰਾ ਹਨੇਰਾ ਹੈ। ਕਾਲਾ ਸ਼ਾਹ। ਜਿਥੇ ਰੋਸ਼ਨੀ ਦੀ ਇਕ ਵੀ ਕਿਰਨ ਨਹੀਂ। ਹਨੇਰੇ ਤੋਂ ਡਰਦੀ ਉਹ ਸੋਚ ਰਹੀ ਸੀ।

'ਇਸ ਲੈਂਪ ਦੀ ਸ਼ਾਇਦ ਇੰਨੀ ਹੀ ਸਮਰਥਾ ਹੈ। ਕਿੰਨੀਆਂ ਹੀ ਬੱਤੀਆਂ ਜਲ ਕੇ ਰਾਖ ਹੋ ਗਈਆਂ ਹਨ। ਪਰ ਇਸ ਹਨੇਰੇ ਦੀਆਂ ਸੰਘਣੀਆਂ ਤੈਹਾਂ ਪਾਸ਼-ਪਾਸ਼ ਕਿਉਂ ਨਹੀਂ ਹੋ ਜਾਂਦੀਆਂ ? ਜਿੰਨਾ ਚਿਰ ਬੱਤੀ ਹੈ ਉਸ ਦੇ ਦੁਆਲੇ ਚਾਨਣ ਹੈ, ਉਹ ਜਲੀ ਮੁੜ ਹਨੇਰਾ। ਕੀ ਸਾਨੂੰ ਇਹ ਲੈਂਪ ਈ ਨਹੀਂ ਬਦਲ ਦੇਣਾ ਚਾਹੀਦਾ ? ਸਾਡੇ ਪਰਛਾਵੇਂ ਵੀ ਤਾਂ ਰੋਸ਼ਨੀ ਲਈ ਅੜਿਕਾ ਨੇ। ਮੇਰਾ ਹੀ ਪਰਛਾਵਾਂ ਕਿੰਨਾ ਹਨੇਰਾ ਪਸਾਰ ਰਿਹੈ। ਮੇਰੇ ਨਾਲੋਂ ਵੀ ਕਈ ਗੁਣਾਂ ਜ਼ਿਆਦਾ। ਕਦੇ ਇਨ੍ਹਾਂ ਪਰਛਾਵਿਆਂ ਤੋਂ ਵੀ ਖਹਿੜਾ ਛੁਟੇਗਾ ? ਪਰਛਾਵਿਆਂ ਦਾ ਅਕਾਰ ਵੀ ਤਾਂ ਉਂਝ ਰੋਸ਼ਨੀਆਂ 'ਤੇ ਨਿਰਭਰ ਐ। ਜਦੋਂ ਸੂਰਜ ਸਾਡੇ ਸਿਰ 'ਤੇ ਹੋਵੇ ਇਹ ਪੈਰਾਂ ਤੱਕ ਸਿਮਟ ਜਾਂਦੇ ਨੇ। ਇਨ੍ਹਾਂ ਤੋਂ ਪਿੱਛਾ ਛੁਡਾਉਣ ਲਈ ਸਾਨੂੰ ਹੋਰ ਜਲਨਾ ਚਾਹੀਦੈ। ਹੋਰ...'

ਹੌਲੀ-ਹੌਲੀ ਉਹਦੀਆਂ ਨਾਜ਼ਕ ਉਂਗਲਾਂ ਲੈਂਪ ਦੀ ਬੱਤੀ ਨੂੰ ਮੁੜ ਉੱਚਾ ਕਰਨ ਲੱਗੀਆਂ। ਉਸੇ ਰਫ਼ਤਾਰ ਨਾਲ ਕਮਰਾ ਫੇਰ ਰੋਸ਼ਨੀ ਨਾਲ ਭਰ ਗਿਆ।

'ਘਟੋ-ਘੱਟ ਇੰਨਾ ਚਾਨਣ ਤਾਂ ਹੋਵੇ। ਹੁਣ ਚੀਜ਼ਾਂ ਦੇ ਅਸਲੀ ਅਕਾਰ ਦਿਸਦੇ ਨੇ। ਆਹ ਮੇਰਾ ਪੈਨ। ਇਹਦਾ ਕਾਲਾ ਰੰਗ। ਉਹ ਸਟਿਚਿੰਗ ਮਸ਼ੀਨ। ਉਹ ਬਾਈਡਿੰਗ ਕਰਨ...। ਹੁਣ ਮੈਂ ਸਭ ਦੇ ਗੁਣ ਔਗੁਣ ਪਛਾਣ ਸਕਦੀ ਆਂ। ਪਰ ਇਹ ਤਾਂ ਹੀ ਹੈ ਜੇ ਰੋਸ਼ਨੀ ਹੈ। ਨਹੀਂ ਤਾਂ ਚਾਰੋਂ ਪਾਸੇ ਹਨੇਰਾ ਹੀ ਹਨੇਰਾ। ਸਭ ਕੁਝ ਇਕੋ ਜਿਹਾ।

ਨਾ ਕੋਈ ਚਿੱਟਾ ਨਾ ਕਾਲਾ। ਨਾ ਬੁਰਾ ਨਾ ਭਲਾ। ਸਭ ਇਕੋ ਜਿਹੇ ਕਾਲੇ। ਉਫ਼।

ਦਗਦਗ ਕਰਦੇ ਕਮਰੇ ਨੂੰ ਦੇਖਕੇ ਉਹ ਖ਼ੁਸ਼ ਹੋ ਰਹੀ ਸੀ।

'ਜੇ ਇਕੋ ਲੈਂਪ ਪੂਰੀ ਯੋਗਤਾ ਨਾਲ ਜਲੇ ਉਹ ਇਕੱਲਾ ਹੀ ਸਾਰਾ ਕਮਰਾ ਰੁਸ਼ਨਾ ਸਕਦੈ...'

ਤਾੜ ਦੇਣੇ ਧਮਾਕਾ ਹੋਇਆ ਤੇ ਲੈਂਪ ਦੀ ਚਿਮਨੀ ਤਿੜ ਕੇ ਚਾਰੋਂ ਪਾਸੇ ਫੈਲ ਗਈ। ਸਾਰਾ ਕਮਰਾ ਫੇਰ ਹਨੇਰਾ ਨਾਲ ਭਰ ਗਿਆ। ਲੈਂਪ ਦੇ ਖੜਕੇ ਨਾਲ ਹੀ ਉਹਦੀ ਚੀਕ ਨਿਕਲ ਗਈ। ਉਸ ਦਾ ਧਿਆਨ ਸੁਰਜੀਤ ਵੱਲ ਚਲਿਆ ਗਿਆ।

'ਮੈਂ ਗ਼ਲਤ ਸੋਚਿਆ ਸੀ। ਪਹੁੰਚ ਤੋਂ ਅੱਗੇ ਲੰਘਣ ਦਾ ਇਹੋ ਨਤੀਜਾ ਹੁੰਦੈ। ਚਿਮਨੀ ਟੁੱਟਣੀ ਹੀ ਚਾਹੀਦੀ ਸੀ। ਇਹ ਵੀ ਹੱਥੋਂ ਗਿਆ...' ਤੇ ਉਹ ਆਪਣੇ ਹੰਝੂਆਂ ਦੇ ਰੁਕੇ ਹੜ੍ਹ ਨੂੰ ਰੋਕ ਨਾ ਸਕੀ। ਖੱਬੀ ਨੁਕਰੋਂ ਦਰਵਾਜ਼ਾ ਖੁਲ੍ਹਿਆ ਤੇ ਚਾਨਣ ਦਾ ਇਕ ਹੜ੍ਹ ਸਾਰੇ ਕਮਰੇ ਵਿਚ ਫੈਲ ਗਿਆ।

'ਕੀ ਹੋਇਆ ਦੀਦੀ...' ਟਾਰਚ ਲਈ ਇਕ ਨੌਜਵਾਨ ਕਮਰੇ 'ਚ ਆਇਆ।

'ਇਨ੍ਹਾਂ ਨਿੱਕੇ-ਨਿੱਕੇ ਲੈਂਪਾਂ ਤੋਂ ਮੇਰਾ ਦਿਲ ਅੱਕ ਗਿਐ। ਮੈਨੂੰ ਕਿਸੇ ਖਾਸ ਰੋਸ਼ਨੀ ਦੀ ਲੋੜ ਭਾਸਦੀ ਹੈ।'

ਨੌਜਵਾਨ ਦੀ ਟਾਰਚ ਦੀਦੀ ਦੇ ਘਬਰਾਏ ਚਿਹਰੇ ਨੂੰ ਘੋਖ ਰਹੀ ਸੀ।

'ਸੋਨੂੰ ਪੰਜਾਹ ਵਾਰ ਆਖਿਐ...। ਖੈਰ ! ਤੁਸੀਂ ਹੁਣ ਅਰਾਮ ਕਰੋ। ਬਹੁਤ ਵਕਤ ਹੋ ਗਿਐ।'

'ਅਰਾਮ ਸ਼ਬਦ ਨਾਲ ਮੈਨੂੰ ਚਿੜ ਐ। ਤੂੰ ਜਾਹ ! ਟਾਰਚ ਇਥੇ ਰੱਖ ਦੇ।'

'ਲਿਆਉ ਜੋ ਲਿਖਿਐ ਦਿਉ ? ਤੇ ਫੇਰ ਪੈ ਜਾਉ।'

'ਅੱਜ ਮੈਂ ਕੁਝ ਨਹੀਂ ਲਿਖਿਆ। ਤੇ ਸ਼ਾਇਦ ਹੁਣ ਕਦੇ ਲਿਖ ਵੀ ਨਾ ਸਕਾਂ। ਮੈਨੂੰ ਲੱਗਦੈ ਮੇਰੇ ਦਿਮਾਗ਼ ਦੀ ਸੋਚਣ ਵਾਲੀ ਨਾੜੀ ਮਰ ਗਈ ਹੈ। ਹੁਣ ਮੈਂ ਕਦੇ ਵੀ ਸੋਚ ਨਹੀਂ ਸਕਾਂਗੀ।'

'ਜੈਲਾ ਕਿਧਰ ਗਿਆ ?'

'ਸੌਂ ਗਿਆ। ਕੱਲ੍ਹ ਨੂੰ ਸੁਰਿੰਦਰ ਉਹਨੂੰ ਆਪਣੀ ਲੇਬਰ ਵਿਚ ਲਿਜਾ ਰਿਹੈ।'

'ਲੇਬਰ ਯੂਨੀਅਨ ਬਾਰੇ ਕੀ ਲਿਖਿਐ ?'

'ਲਿਖਿਐ ਥੋੜਾ ਜਿਹਾ। ਇਹ ਬੜਾ ਪੇਚੀਦਾ ਮਸਲੈ। ਇਨ੍ਹਾਂ ਗੁਪਤ ਸਮਝੌਤਿਆਂ ਨੂੰ ਕੌਣ ਤੋੜੇ। ਇਸ ਲਈ ਮਜ਼ਦੂਰਾਂ ਨੂੰ ਤਿਆਰ ਕਰਨ ਦੀ ਜ਼ਰੂਰਤ ਐ। ਪਰ ਭੁੱਖ ਨੇ ਉਨ੍ਹਾਂ ਨੂੰ ਮਜ਼ਬੂਰ ਕਰ ਰਖਿਐ। ਤਿੰਨ ਬੰਦੇ ਲਾਏ ਵੀ ਗਏ ਨੇ, ਫੇਰ ਵੀ ਕਿਸੇ ਨਤੀਜੇ ਦੀ ਇੰਨੀ ਜਲਦੀ ਆਸ ਨਹੀਂ ਕਰਨੀ ਚਾਹੀਦੀ।'

'ਇਹ ਕਿਹੜੀ ਕਿਸਮ ਦੀ ਲੋਟੂ ਕਲਾਸ ਹੋਈ ? ਨਿਤ ਨਵੀਆਂ ਕਲਾਸਾਂ।'

'ਥਿਊਰੀਆਂ ਨੂੰ ਛੱਡੋ। ਅਮਲ ਦੀ ਗੱਲ ਕਰੋ। ਲੁੱਟ ਕੋਈ ਹੋਵੇ ਅਸੀਂ ਲੜਨੈ। ਤੇ ਬਸ !'

'ਠੀਕ ਐ। ਹੁਣ ਤੁਹਾਨੂੰ ਸੌਣਾ ਚਾਹੀਦੈ। ਜਾਂ ਬੀਮਾਰ ਹੋਣ ਦਾ ਇਰਾਦਾ ਬਣਾ ਲਿਐ। ਇਨਕਲਾਬ ਕੋਈ ਰਾਤੋ-ਰਾਤ ਆਉਣ ਵਾਲੀ ਸ਼ੈ ਨਹੀਂ। ਇਸ ਤਰ੍ਹਾਂ ਆਪਣੇ ਆਪ ਨੂੰ ਖ਼ਤਮ ਨਾ ਕਰੋ ਦੀਦੀ।'

'ਤੂੰ ਜਾ। ਇੰਨਾ ਨਰਾਸ਼ਵਾਦੀ ਨਾ ਹੋ। ਮੈਂ ਸੁਰਜੀਤ ਦੀ ਖ਼ਬਰ ਉਡੀਕ ਰਹੀ ਸੀ। ਜਿੰਨਾ ਚਿਰ ਕੋਈ ਖਬਰ ਨਹੀਂ ਆਉਂਦੀ ਮੈਂ ਸੌਂ ਨਹੀਂ ਸਕਦੀ।'

'ਉਸ ਦੀ ਖ਼ਬਰ ਆ ਗਈ ਏ ਦੀਦੀ....'

'ਕੀ ? ਤੂੰ ਮੈਨੂੰ ਦੱਸਿਆ ਨਹੀਂ। ਇਹਦਾ ਮਤਲਬ....। ਇਹਦਾ ਮਤਲਬ...।' ਕੁੜੀ ਦਾ ਦਮ ਚੜ੍ਹ ਗਿਆ।

ਨੌਜਵਾਨ ਚੁੱਪ-ਚਾਪ ਖੜਾ ਉਸ ਦੇ ਚਿਹਰੇ 'ਤੇ ਆ ਰਹੇ ਪਰੀਵਰਤਨਾਂ ਵੱਲ ਦੇਖਦਾ ਰਿਹਾ। ਉਸ ਨੇ ਮੇਜ਼ 'ਤੇ ਮੱਥਾ ਟਿਕਾ ਲਿਆ। ਹੌਲੇ-ਹੌਲੇ ਉਸ ਦੀਆਂ ਸਿਸਕੀਆਂ ਸਾਰੇ ਕਮਰੇ ਵਿਚ ਫੈਲਣ ਲੱਗੀਆਂ।

ਨੌਜਵਾਨ ਜਿਵੇਂ ਬੁੱਤ ਬਣ ਗਿਆ ਸੀ। ਨਿਰਾ ਪੱਥਰ। ਚੁੱਪ-ਚਾਪ ਉਹ ਰੋ ਰਹੀ ਦੀਦੀ ਵੱਲ ਤੱਕਦਾ ਰਿਹਾ।

33

ਜਿਸ ਸੜਕ 'ਤੇ ਜੈਲਾ ਕੰਮ ਕਰਦਾ ਸੀ ਉਹ ਸ਼ਹਿਰੋਂ ਸੱਤ ਮੀਲ ਦੂਰ ਸੀ। ਸਵੇਰੇ ਮੂੰਹ ਹਨੇਰੇ ਉਠਦਾ, ਚਾਰ ਮੀਲ ਬੱਸ ਉਤੇ ਤੇ ਤਿੰਨ ਮੀਲ ਪੈਦਲ ਜਾਂਦਾ। ਕਈ ਵਾਰ ਉਹਨੇ ਪਿੰਡ ਰਹਿਣ ਦੀ ਜ਼ਿੱਦ ਕੀਤੀ। ਉਥੇ ਉਨ੍ਹਾਂ ਵਿਚ ਰਹਿ ਕੇ ਹੀ ਕੁਝ ਪ੍ਰਾਪਤ ਕੀਤਾ ਜਾ ਸਕਦਾ ਸੀ। ਪਰ ਕਈਆਂ ਕਾਰਨਾਂ ਕਰਕੇ ਉਹਨੂੰ ਇਜਾਜ਼ਤ ਨਾ ਮਿਲੀ। ਆਉਣ ਜਾਣ ਦਾ ਕੰਮ ਉਹਨੂੰ ਹਰ ਰੋਜ਼ ਕਰਨਾ ਪੈਂਦਾ।

ਮੁੱਖ ਮੰਤਰੀ ਦੀ ਖਾਸ ਦਿਲਚਸਪੀ ਕਾਰਨ ਸੜਕ ਦੀ ਉਸਾਰੀ ਦਾ ਕੰਮ ਬੜੀ ਤੇਜ਼ੀ ਨਾਲ ਹੋ ਰਿਹਾ ਸੀ। ਮੇਟ ਤੋਂ ਲੈ ਕੇ ਚੀਫ਼ ਇੰਜੀਨੀਅਰ ਤੱਕ ਨੂੰ ਖਾਸ ਧਿਆਨ ਦੇਣ ਦੇ ਹੁਕਮ ਮਿਲੇ ਸਨ। ਮੁੱਖ ਮੰਤਰੀ ਨੇ ਆਉਂਦੀ ਸੰਗਰਾਂਦ ਨੂੰ ਆਪਣੀ ਹੱਥੀਂ ਇਸ ਸੜਕ ਨੂੰ ਖੋਲ੍ਹਣਾ ਸੀ। ਸੰਗਰਾਂਦ ਵਿਚ ਸਾਰੇ ਤੇਰਾਂ ਦਿਨ ਬਾਕੀ ਸਨ ਤੇ ਕੰਮ ਹਾਲੀਂ ਅੱਧ ਨਾਲੋਂ ਜ਼ਿਆਦਾ ਪਿਆ ਸੀ। ਸੁਬ੍ਹਾ ਸ਼ਾਮ ਵੱਡੇ ਅਫ਼ਸਰਾਂ ਦੇ ਚੱਕਰ ਪੈਂਦੇ, ਛੋਟੇ ਮੁਲਾਜ਼ਮਾਂ ਦੇ ਕੰਨ ਖਿੱਚੇ ਜਾਂਦੇ। ਮਜ਼ਦੂਰਾਂ ਦੀ ਜਾਨ ਨੂੰ ਹੋਰ ਸਿਆਪਾ ਹੋ ਜਾਂਦਾ।

ਸਾਰਾ-ਸਾਰਾ ਦਿਨ ਤੇ ਕਈ ਵਾਰ ਅੱਧੀ-ਅੱਧੀ ਰਾਤ ਤਕ ਕੰਮ ਚਲਦਾ। ਰੋਟੀ ਖਾਣ ਤਕ ਦੀ ਵੇਹਲ ਨਾ ਮਿਲਦੀ। ਦੇਸੀ ਲੇਬਰ ਤਾਂ ਰੌਲਾ-ਰੱਪਾ ਪਾ ਕੇ ਘੁਸਮੁਸੇ ਤਕ ਛੁਟੀ ਕਰ ਜਾਂਦੀ ਪਰ ਰਾਜਸਥਾਨੀ ਲੇਬਰ ਨੂੰ ਗੈਸਾਂ ਦੀ ਰੋਸ਼ਨੀ ਵਿਚ ਵੀ ਕੰਮ ਕਰਨਾ ਪੈਂਦਾ। ਕਈ ਵਾਰ ਉਨ੍ਹਾਂ ਦੇ ਬੱਚੇ ਬੱਚੇ ਨੂੰ ਘੜੀਸ ਲਿਆ ਜਾਂਦਾ।

ਜੈਲੇ ਨੂੰ ਕੰਮ 'ਤੇ ਅੱਠਵਾਂ ਦਿਨ ਸੀ ਜਦੋਂ ਬੂਟਾ ਇਸੇ ਕਾਹਲ ਦਾ ਸ਼ਿਕਾਰ ਹੋ ਗਿਆ। ਪਿੱਛੇ ਬਣੀ ਤਿੰਨ ਫਰਲਾਂਗ ਸੜਕ 'ਤੇ ਉਹ ਲੁੱਕ ਪਾਉਣ ਵਿਚ ਰੁਝੇ ਹੋਏ ਸਨ। ਬੂਟਾ ਲੁੱਕ ਦੇ ਢੋਲਾਂ ਬਲਦੀ ਅੱਗ ਨੂੰ ਜਲਦੇ ਰੱਖਣ ਵਿਚ ਮਸਤ ਸੀ। ਅੱਗ ਬਾਲਣ ਲਈ ਵਰਤੀਆਂ ਜਾ ਰਹੀਆਂ ਲੱਕੜਾਂ ਰਾਤ ਹੀ ਕੱਟੀਆਂ ਗਈਆਂ ਸਨ। ਕੋਲਾ ਦੁਪਹਿਰੇ ਹੀ ਜਲ ਕੇ ਬੁਝ ਗਿਆ ਸੀ। ਮੇਟ ਦੀਆਂ ਝਿੜਕਾਂ ਅੱਡ ਦਾ ਉਸ ਦਾ ਪਿੱਛਾ ਕਰ ਰਹੀਆਂ ਸਨ। ਅੱਕ ਦੇ ਬੂਟੇ ਨੇ ਸੇਰ ਭਰ ਲੁੱਕ ਦਾ ਗੋਲਾ ਵਿਚ ਦੇ ਮਾਰਿਆ।

ਮੰਚੂ ਮੰਚੂ ਕਰਦੀ ਅੱਗ ਭਾਂਬੜ ਬਣ ਕੇ ਮੱਚ ਪਈ। ਅੱਗ ਦੀਆਂ ਲਾਟਾਂ ਉਹਦਾ ਮੂੰਹ ਮੱਥਾ ਝੁਲਸ ਗਈਆਂ। ਲੁੱਕ ਲੈਣ ਆਏ ਬਾਜ਼ੀਗਰ ਨੇ ਜਦੋਂ ਉਹਨੂੰ ਬੇਹੋਸ਼ ਪਏ ਦੇਖਿਆ ਉਹਦੀਆਂ ਚੀਕਾਂ ਨਿਕਲ ਗਈਆਂ। ਉਹਦੀ ਸਾਰੀ ਦਾੜ੍ਹੀ ਜਲ ਕੇ ਸੁਆਹ ਹੋ ਗਈ ਸੀ। ਅੱਖਾਂ ਨੂੰ ਜ਼ਿਆਦਾ ਹੀ ਸੇਕ ਪਹੁੰਚਿਆ ਸੀ ਤੇ ਉਸ ਦਾ ਸਾਹ ਬੜਾ ਔਖਾ ਆ ਰਿਹਾ ਸੀ।

ਬਾਜ਼ੀਗਰ ਦੀਆਂ ਚੀਕਾਂ ਦੂਰ-ਦੂਰ ਤਕ ਫੈਲੀਆਂ। ਇਕ-ਇਕ ਕਰਕੇ ਸਾਰੀ ਲੇਬਰ ਉਹਦੇ ਦੁਆਲੇ ਆ ਜੁੜੀ। ਬੰਦ ਹੋਏ ਕੰਮ ਨੂੰ ਦੇਖ ਕੇ ਮੇਟ, ਇੰਸਪੈਕਟਰ ਤੇ ਓਵਰਸੀਅਰ ਸਭਨਾਂ ਦੇ ਹੁਕਮ ਗੂੰਜਣ ਲੱਗੇ।

'ਤੁਸੀਂ ਸਾਰੇ ਕਿਉਂ ਮਰ ਗਏ ? ਕੰਮ ਤੇ ਦਫ਼ਾ ਹੋਵੋ। ਕਿਧਰੇ ਨਹੀਂ ਮਰਦਾ ਇਹ !'

'ਇਕ ਜਣਾ ਚੁੱਕ ਕੇ ਛਾਵੇਂ ਲਿਟਾ ਦਿਉ। ਦਸਾਂ ਮਿੰਟਾਂ ਨੂੰ ਠੀਕ ਹੋ ਜੂ।'

ਪਰ ਰੀਂ ਰੀਂ ਕਰ ਰਹੀ ਭੀੜ ਵਿਚੋਂ ਇਕ ਵੀ ਖਿਸਕਣ ਨੂੰ ਤਿਆਰ ਨਹੀਂ ਸੀ। ਸਭ ਦੀਆਂ ਨਜ਼ਰਾਂ ਮਰ ਰਹੇ ਬੂਟੇ ਵਿਚੋਂ ਆਪਣਾ ਭਵਿੱਖ ਦੇਖ ਰਹੀਆਂ ਸਨ।

'ਮੈਂ ਸਭ ਦੀਆਂ ਗੈਰਹਾਜ਼ਰੀਆਂ ਲਾ ਦੇਣੀਆਂ ਨੇ। ਕੰਮ ਬੰਦ ਹੋਏ ਨੂੰ ਦੋ ਘੰਟੇ ਹੋ ਗਏ।'

ਓਵਰਸੀਅਰ ਆਪ ਕੜਕਿਆ। ਸਭ ਦੀਆਂ ਅੱਖਾਂ ਇਕ ਦੂਜੇ ਨਾਲ ਮਿਲੀਆਂ। ਇਕ-ਇਕ ਕਰਕੇ ਸਭ ਖਿੰਡਣ ਲੱਗੇ। ਸਭ ਦੇ ਪੈਰਾਂ 'ਚ ਬੇੜੀ ਜਿਹੀ ਪੈ ਗਈ ਸੀ। ਉਨ੍ਹਾਂ ਦਾ ਅਗਲਾ ਉਤਸ਼ਾਹ ਕਿਧਰੇ ਖੰਭ ਲਾ ਗਿਆ ਸੀ।

'ਇਸ ਨੂੰ ਹਸਪਤਾਲ ਲੈ ਜਾਣਾ ਚਾਹੀਦੈ।' ਕਿਸੇ ਬਜ਼ੁਰਗ ਨੇ ਰਾਏ ਦਿੱਤੀ।

'ਟਿਕ ਕੇ ਬਹਿ ਓਏ ਬੁੜਿਆ। ਤੋਰ ਦੇ ਫ਼ੌਜ ਇਹਦੇ ਨਾਲ। ਕੰਮ ਤੇਰਾ ਪਿਉ ਕਰੂ।'

'ਕੁਝ ਕਿਉਂ ਨੀ ਹੋਇਆ। ਦਾੜ੍ਹੀ ਤਾਂ ਸਾਰੀ ਮੱਚ ਗੀ। ਚਮੜੀ ਪਿਘਲੀ ਪਈ ਐ। ਹਾਲੇ ਤੇਰਾ ਖ਼ਿਆਲ ਐ ਕੁਝ ਨੀ ਹੋਇਆ ?' ਇਹ ਮੀਤਾ ਸੀ ਜਿਹੜਾ ਹੁਣ ਤੱਕ ਸਭ ਕੁਝ ਜ਼ਬਤ ਕਰੀ ਗਿਆ ਸੀ। ਬੂਟੇ ਦਾ ਦੂਰੋਂ ਨੇੜਿਉਂ ਭਤੀਜਾ ਲਗਣ ਕਰਕੇ ਵੀ ਉਹ ਕੁਝ ਹਮਦਰਦੀ ਕਰਦਾ ਸੀ।

'ਜਿਸ ਦੇ ਜੋ ਜੀ ਆਉਂਦੈ ਕਰੋ| ਮੈਂ ਕਿਸੇ ਦੀ ਹਾਜ਼ਰੀ ਨੀ ਲਾਉਣੀ। ਕੰਮ ਸੋਡੇ ਪਿਉ ਵਾਲਾ ਨੀ।'

'ਹਾਜ਼ਰੀਆਂ ਨਾਲੋਂ ਸਾਨੂੰ ਬੰਦੇ ਜ਼ਿਆਦਾ ਪਿਆਰੇ ਨੇ। ਅਸੀਂ ਸੋਡੇ ਵਰਗੇ ਜਾਨਵਰ ਆਂ। ਨਹੀਂ ਆ ਓਏ ਕਾਮਰੇਟਾ ਮੇਰੇ ਨਾਲ। ਇਹ ਜੇ ਮਰ ਵੀ ਜਾਵੇ ਇਨ੍ਹਾਂ ਫੇਰ ਵੀ ਇਹੋ ਆਖਣੈ ਕੁਝ ਨੀ ਹੋਇਆ।'

ਜੈਲਾ ਵੀ ਉਹਦੇ ਨਾਲ ਜਾ ਖੜਿਆ।

ਉਨ੍ਹਾਂ ਨੂੰ ਬੜੀ ਨਿਰਾਸਤਾ ਹੋਈ ਜਦੋਂ ਸ਼ਹਿਰ ਜਾਂਦੀ ਐਸ.ਡੀ.ਓ. ਦੀ ਜੀਪ ਨੇ ਬੂਟੇ ਨੂੰ ਨਾਲ ਲਿਜਾਣੋਂ ਨਾਂਹ ਕਰ ਦਿੱਤੀ।

'ਮੈਂ ਪੰਜਾਹ ਥਾਵੇਂ ਚੱਕਰ ਲਾਉਣੇ ਨੇ। ਇਹ ਅੰਬੋਲੈਂਸ ਨਹੀਂ। ਕੋਈ ਹੋਰ ਇੰਤਜ਼ਾਮ ਕਰੋ।'

'ਤੂੰ ਤਾਂ ਪਾਗ਼ਲ ਐਂ। ਇਨ੍ਹਾਂ ਤੋਂ ਕੀ ਆਸ ਕਰਦੈਂ। ਚਲ ਕਿਸੇ ਗਰੀਬ ਦਾ ਦਰਵਾਜ਼ਾ ਖੜਕਾ। ਉਹੋ ਕਰ ਸਕਦੈ ਹਮਦਰਦੀ।'

ਬੂਟੇ ਦੀ ਚੰਗੀ ਕਿਸਮਤ ਉਨ੍ਹਾਂ ਨੂੰ ਸ਼ਹਿਰ ਜਾਂਦੀ ਊਠ-ਗੱਡੀ ਮਿਲ ਗਈ। ਢਿੰਚੂ-ਢਿੰਚੂ ਕਰਦੀ ਰੇੜ੍ਹੀ ਨੂੰ ਸ਼ਹਿਰ ਅਪੜਣ ਤਕ ਗੂੜ੍ਹਾ ਹਨੇਰਾ ਹੋ ਗਿਆ ਸੀ।

34

ਅੱਠਾਂ ਘੰਟਿਆਂ ਤੋਂ ਬੂਟੇ ਨੂੰ ਕੋਈ ਹੋਸ਼ ਨਹੀਂ ਸੀ। ਤਿੰਨਾਂ ਘੰਟਿਆਂ ਤੋਂ ਉਹ ਹਸਪਤਾਲ ਪਏ ਸਨ, ਹਾਲੀਂ ਤੱਕ ਕਿਸੇ ਨੇ ਉਨ੍ਹਾਂ ਦਾ ਹਾਲ ਨਹੀਂ ਸੀ ਪੁੱਛਿਆ। ਕਈ ਵਾਰ ਮੀਤਾ ਤੇ ਕਈ ਵਾਰ ਜੈਲਾ ਕੰਪਾਊਡਰ ਤਕ ਚੱਕਰ ਕੱਟ ਆਏ ਸਨ। ਆਈ ਵਾਰ ਆਇਆ ਆਖ ਕੇ ਉਹ ਹੁਣ ਤਕ ਨਹੀਂ ਸੀ ਆਇਆ। ਬਹੁਤਾ ਮਜਬੂਰ ਕਰਨ ਤੇ ਉਹ ਖਿਝਦਾ-ਖਿਝਦਾ ਆਇਆ। ਇਕ ਡੱਬੀ ਮਲ੍ਹਮ ਦੀ ਫੜਾ ਕੇ ਬੋਲਿਆ :

'ਇਸ ਨੂੰ ਜਲੀ ਥਾਂ 'ਤੇ ਮਲਦੇ ਰਹੋ।'

'ਜੇ ਇਕ ਵਾਰੀ ਡਾਕਟਰ ਸਾਹਿਬ ਨੂੰ ਦਿਖਾ ਦਿਉ ? ਇਹ ਕਈ ਘੰਟਿਆਂ ਤੋਂ ਬੇਸੁਰਤ ਐ।'

'ਸੋਨੂੰ ਦਵਾਈ ਚਾਹੀਦੀ ਐ ਉਹ ਮਿਲ ਗਈ। ਡਾਕਟਰ ਕਿਤੇ ਐਵੇਂ ਆਉਂਦਾ ਫਿਰਦੈ ?'

'ਉਹ ਤਾਂ ਠੀਕ ਐ। ਇਹਦੀ ਹਾਲਤ ਤਾਂ ਦੇਖੋ। ਬਹੁਤ ਬੁਰਾ ਹਾਲ ਐ। ਸੇਕ ਕੁਛ ਜ਼ਿਆਦਾ ਲੱਗ ਗਿਆ।'

'ਕੋਈ ਨਹੀਂ ਠੀਕ ਹੋ ਜੂ। ਇਹ ਦਵਾਈ ਤਾਂ ਵਰਤੋ। ਡਾਕਟਰ ਸਾਹਿਬ ਡਿਲਵਰੀ ਦੇ ਕੇਸ 'ਤੇ ਗਏ ਨੇ। ਹੈ ਨਹੀਂ ਘਰੇ। ਕੱਲ੍ਹ ਨੂੰ ਆਪੇ ਦੇਖ ਲੈਣਗੇ।'

ਬਿਨਾਂ ਕੋਈ ਹੋਰ ਗੱਲ ਸੁਣੇ ਉਹ ਵਾਪਸ ਮੁੜ ਗਿਆ। ਸਾਰੀ ਰਾਤ ਉਨ੍ਹਾਂ ਇਕ ਬੈਂਚ ਉਤੇ ਹੀ ਕੱਟੀ। ਇਕ ਦੋ ਵਾਰ ਉਨ੍ਹਾਂ ਪ੍ਰਾਈਵੇਟ ਡਾਕਟਰਾਂ ਦੇ ਦਰਵਾਜ਼ੇ ਵੀ ਖਟਕਾਏ। ਪਰ ਕਿਸੇ ਨੇ ਬੂਟੇ ਨੂੰ ਹੱਥ ਨਾ ਪਾਇਆ। ਉਨ੍ਹਾਂ ਦੀ ਸਾਰੀ ਗੱਲਬਾਤ ਸੁਣ ਕੇ ਉਹ ਕੋਈ ਬਹਾਨਾ ਘੜਦੇ।

'ਇਹਨੂੰ ਪਟਿਆਲੇ ਲੈ ਜਾਓ। ਮੇਰੇ ਕੋਲ ਇਹਦੇ ਲਈ ਕੋਈ ਪ੍ਰਬੰਧ ਨਹੀਂ।'

ਪਰ ਅਸਲੀਅਤ ਕੀ ਸੀ, ਉਨ੍ਹਾਂ ਤੋਂ ਛੁਪੀ ਨਹੀਂ ਸੀ। ਉਹ ਚੁਪ-ਚਾਪ ਬੈਠ ਗਏ। ਨਾ ਉਨ੍ਹਾਂ ਕੋਲੇ ਕੋਈ ਪੈਸਾ ਧੇਲਾ ਸੀ ਤੇ ਨਾ ਕਿਸੇ ਵੱਡੇ ਆਦਮੀ ਦਾ ਸਹਾਰਾ।

'ਇਥੇ ਸਾਨੂੰ ਕੋਈ ਨੀ ਪੁੱਛਦਾ। ਕੋਈ ਪੈਸੇ ਧੇਲੇ ਦਾ ਇੰਤਜ਼ਾਮ ਕਰਨਾ ਚਾਹੀਦੈ।' ਮੀਤੇ ਨਾਲ ਰਾਏ ਕਰਕੇ ਜੈਲਾ ਸਵੇਰ ਨੂੰ ਕੰਮ 'ਤੇ ਮੁੜ ਗਿਆ।

ਜਿਸ ਆਸ ਨਾਲ ਉਹ ਲੇਬਰ ਕੋਲੇ ਗਿਆ ਸੀ ਉਸ ਤੋਂ ਕਈ ਗੁਣੇ ਨਿਰਾਸਤਾ ਉਸ ਨੂੰ ਹੋਈ। ਉਸ ਦਾ ਖ਼ਿਆਲ ਸੀ ਉਹ ਇਸ ਧੱਕੇਸ਼ਾਹੀ ਵਿਰੁਧ ਹੜਤਾਲ ਕਰਾਏਗਾ, ਜਲੂਸ ਕਢਾਏਗਾ ਤੇ ਮਰ ਰਹੇ ਬੂਟੇ ਲਈ ਕੁਝ ਪੈਸੇ ਇਕੱਠੇ ਕਰਨ ਦਾ ਯਤਨ ਕਰੇਗਾ। ਪਰ ਇਥੇ ਰਾਤੋ ਰਾਤ ਸਭ ਕੁਝ ਬਦਲ ਦਿੱਤਾ ਗਿਆ ਸੀ। ਮੀਤੋ ਤੇ ਜੈਲੇ ਦੇ ਲੇਬਰ ਵਿਚੋਂ ਕੱਢੇ ਜਾਣ ਤੇ ਹੋਰਾਂ ਧਮਕੀਆਂ ਨੇ ਸਭ ਦੇ ਸੀਨੇ ਧੜਕਾ ਦਿੱਤੇ ਸਨ। ਦੁਪਹਿਰ ਰੋਟੀ ਖਾਣ ਬੈਠੀ ਲੇਬਰ ਦੇ ਉਹ ਵਿਚਕਾਰ ਜਾ ਬੈਠਾ। ਕਿਸੇ ਨੇ ਉਹਦੇ ਨਾਲ ਗੱਲ ਨਾ ਕੀਤੀ, ਬੂਟੇ ਦਾ ਹਾਲ ਨਹੀਂ ਪੁੱਛਿਆ ਤੇ ਨਾ ਕਿਸੇ ਨੇ ਕੋਈ ਹਮਦਰਦੀ ਪ੍ਰਗਟਾਈ। ਉਨ੍ਹਾਂ ਦੇ ਇਸ ਡਰਪੋਕ ਸੁਭਾਅ ਤੇ ਰੁਖੇਪਣ ਤੇ ਉਹ ਆਪਣੇ ਆਪ ਨਾਲ ਲੜਦਾ ਰਿਹਾ। ਇਨ੍ਹਾਂ ਨੂੰ ਆਪਣੇ ਹੀ ਭਰਾ ਨਾਲ ਕੋਈ ਹਮਦਰਦੀ ਨਹੀਂ ਸੀ। ਜਾਂ ਫੇਰ ਭੁੱਖ ਨੰਗ ਨੇ ਇਹ ਨਿਗਲ ਲਈ ਸੀ। ਕੀ ਇਨ੍ਹਾਂ ਨੂੰ ਵੀ ਆਪਣੀ ਮੌਤ ਦਿਖਾਈ ਨਹੀਂ ਦਿੰਦੀ ? ਕੀ ਇਨ੍ਹਾਂ ਦੇ ਟੱਬਰਾਂ ਨੂੰ ਵੀ ਇਸੇ ਤਰ੍ਹਾਂ ਸਹਿਕਣਾ ਨਹੀਂ ਪਏਗਾ ? ਇਹ ਕੁਝ ਪ੍ਰਸ਼ਨ ਸਨ ਜਿਹੜੇ ਉਹਦੇ ਜ਼ਿਹਨ 'ਚ ਚੱਕਰ ਕੱਟ ਰਹੇ ਸਨ। ਇਨ੍ਹਾਂ ਪ੍ਰਸ਼ਨਾਂ 'ਚ ਉਲਝਿਆ ਉਹ ਇਕ-ਇਕ ਦੇ ਚਿਹਰੇ ਵੱਲ ਤੱਕਦਾ ਰਿਹਾ। ਪਰ ਕੁਝ ਵੀ ਉਹਨੂੰ ਸਮਝ ਨਹੀਂ ਸੀ ਆ ਰਿਹਾ। ਸਭ ਦੀਆਂ ਅੱਖਾਂ ਉਦਾਸ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਡਰ ਸੀ। ਪਰ ਫੇਰ ਵੀ ਉਨ੍ਹਾਂ ਦੇ ਹੋਂਠ ਸੀਤੇ ਹੋਏ ਸਨ। ਅਖੀਰ ਉਹਨੇ ਆਪੇ ਗੱਲ ਛੇੜੀ। ਮਰ ਰਹੇ ਬੂਟੇ ਦੇ ਇਲਾਜ ਲਈ ਪੈਸਿਆਂ ਦੀ, ਉਸ ਦੇ ਪਰਿਵਾਰ ਦੀ ਸਹਾਇਤਾ ਦੀ ਤੇ ਉਸ ਨਾਲ ਹੋਏ ਧੱਕੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਹੜਤਾਲ ਦੀ। ਪਰ ਉਸ ਦੀਆਂ ਗੱਲਾਂ ਦਾ ਉਨ੍ਹਾਂ 'ਤੇ ਉਲਟਾ ਅਸਰ ਹੋਇਆ। ਸਭ ਇਧਰਲੇ ਕੰਨ ਪਾ ਕੇ ਉਧਰਲੇ ਕੱਢ ਦਿੰਦੇ ਰਹੇ।

'ਤੁਸੀਂ ਲੋਕ ਬਿਲਕੁਲ ਪੱਥਰ ਹੋ। ਇਹ ਲੋਕ ਸੋਨੂੰ ਦੋਹੀਂ ਹੱਥੀਂ ਲੁੱਟ ਰਹੇ ਨੇ ਤੇ ਤੁਸੀਂ ਚੁੱਪ ਕਰੇ ਬੈਠੇ ਹੋ। ਤੁਸੀਂ ਇਕੱਠੇ ਹੋਣ ਦੀ ਥਾਂ ਰੁਸ ਬੈਠਦੇ ਹੋ। ਉਹ ਮਰ ਗਿਆ ਪਿਆ ਮਰੇ। ਸੋਨੂੰ ਕੋਈ ਫਿਕਰ ਨੀ ? ਜੇ ਕੁਝ ਕਰੋ ਸਭ ਦਾ ਫਾਇਦਾ ਨਾ ਹੋਵੇ...' ਖਿਝ ਕੇ ਜੈਲਾ ਤਾਅਨੇ ਮਾਰਨ ਲੱਗਿਆ।

'ਪਿਛਲੀ ਵਾਰੀ ਇਕ ਤੇਰੇ ਵਰਗੇ ਦੇ ਪਿੱਛੇ ਲੱਗ ਕੇ ਅਸੀਂ ਕੰਮ-ਕਾਰ ਛੱਡ ਬੈਠੇ ਸੀ। ਉਦੋਂ ਕਿਸੇ ਰਾਜਸਥਾਨੀਏ ਦੀ ਕੁੜੀ ਫੜੀ ਗਈ ਸੀ। ਦੇਖੋ-ਦੇਖੀ ਸਾਨੂੰ ਵਿਚੇ ਘੜੀਸ ਲਿਆ। ਪੱਕਿਆਂ ਦੀ ਹੋਰ ਗੱਲ ਐ।

ਸਾਡਾ ਕੀ ਐ ਜਦੋਂ ਦਿਲ ਕਰੇ ਹਟਾ ਦੇਣ। ਪੂਰਾ ਮਹੀਨਾ ਉਸ ਵੇਲੇ ਵੇਹਲੇ ਬੈਠੇ ਸੀ। ਨਾ ਬਣਿਆ ਨਾ ਵਾਸਤਾ। ਹੋਰ ਪੰਗੇ ਸਾਤੋਂ ਨੀ ਲਏ ਜਾਂਦੇ। ਕੰਮ ਛੁਡਾ ਕੇ ਤੁਸੀਂ ਰਾਹ ਫੜਦੇ ਓ। ਅਸੀਂ ਕਿਥੇ ਮਰਾਂਗੇ ?'

'ਚਲੋ ਸੋਡੀ ਮਰਜ਼ੀ ਐ। ਦੋ ਚਾਰ ਛਿੱਲੜ ਇਕੱਠੇ ਕਰ ਦਿਉ। ਮਾੜਾ ਮੋਟਾ ਦਵਾ ਦਾਰੂ ਹੋ ਜੂ। ਉਹਦੇ ਕੋਲੇ ਕਿਹੜਾ ਰੋਕੜਾਂ ਜੁੜੀਆਂ ਪਈਆਂ ਨੇ।'

ਪਰ ਉਸ ਨੂੰ ਇਥੇ ਵੀ ਸਫਲਤਾ ਨਾ ਮਿਲੀ। ਮਰ ਮਰਾ ਕੇ ਤੇਰ੍ਹਾਂ ਰੁਪਏ ਉਹਦੇ ਪੱਲੇ ਪਏ। ਨਾ ਚਾਹੁੰਦਾ ਵੀ ਉਹ ਅਫਸਰਾਂ ਕੋਲੇ ਗਿਆ।

'ਇਥੇ ਇਕ ਨਾ ਅੱਧਾ ਮਰਿਆ ਈ ਰਹਿੰਦੈ। ਜੇ ਇਉਂ ਪੈਸੇ ਵੰਡਣ ਲੱਗੇ ਸਾਡੀਆਂ ਤਨਖ਼ਾਹਾਂ ਤਾਂ ਇਥੇ ਹੀ ਵੰਡੀਆਂ ਜਾਇਆ ਕਰਨ।' ਕਈਆਂ ਨੇ ਘੜਿਆ ਘੜਾਇਆ ਜਵਾਬ ਦਿੱਤਾ ਤੇ ਕਈਆਂ ਨੇ ਇਕ ਅੱਧ ਰੁਪਿਆ। ਜਦੋਂ ਉਹ ਹਸਪਤਾਲ ਮੁੜਿਆ ਮੀਤੇ, ਜੈਲੇ ਤੇ ਬੂਟੇ ਦੀਆਂ ਦਿਹਾੜੀਆਂ ਸਣੇ ਸਾਰੇ ਉਹਦੇ ਕੋਲੇ ਤਿਰਾਸੀ ਰੁਪਏ ਬਣੇ ਸਨ। ਇੰਨਾ ਚੰਦ ਕੁ ਰੁਪਿਆਂ ਨਾਲ ਉਹਨੂੰ ਕਿਧਰੇ ਹੋਰ ਨਹੀਂ ਸੀ ਲਜਾਇਆ ਜਾ ਸਕਦਾ। ਉਹ ਬੂਟੇ ਨੂੰ ਉਥੇ ਹੀ ਲੁਟੀਂਦਾ ਦੇਖਦੇ ਰਹੇ।
'ਜਦੋਂ ਬੂਟੇ ਨੂੰ ਹਸਪਤਾਲੋਂ ਛੁੱਟੀ ਹੋਈ, ਉਹ ਆਪਣੀ ਨਿਗਾਹ ਦੇ ਨਾਲ-ਨਾਲ ਚਿਹਰੇ ਦਾ ਸੁਹਪੱਣ ਵੀ ਗੁਆ ਬੈਠਾ ਸੀ।
ਜੈਲਾ ਇਨ੍ਹਾਂ ਤਰ੍ਹਾਂ-ਤਰ੍ਹਾਂ ਦੀਆਂ ਧੱਕੇਸ਼ਾਹੀਆਂ ਤੋਂ ਤੰਗ ਆ ਗਿਆ। ਚੁੱਪ ਕਰਕੇ ਉਹ ਪ੍ਰੈਸ ਨੂੰ ਮੁੜ ਗਿਆ। 'ਇਥੇ ਕੋਈ ਨੀ ਸੁਧਰਨ ਲੱਗਿਆ। ਮੈਂ ਪਿੰਡ ਈ ਪਰਤ ਜਾਣੈ। ਘਰ ਮੁੜਨ ਦਾ ਉਹਦਾ ਪੱਕਾ ਇਰਾਦਾ ਸੀ।

✯✯✯

35

ਦਿਨ ਪੂਰੀ ਤਰ੍ਹਾਂ ਢਲ ਗਿਆ ਸੀ, ਜਦੋਂ ਜੈਲਾ ਆਪਣੇ ਸਮਾਨ ਵਾਲੀ ਗੱਠੜੀ ਚੁਕੀ ਬਸੋਂ ਉਤਰਿਆ। ਚੁਫੇਰਾ ਹੁਣੇ-ਹੁਣੇ ਹੋ ਕੇ ਹਟੀ ਬਾਰਸ਼ ਕਾਰਨ ਮਹਿਕ ਰਿਹਾ ਸੀ। ਜੈਲਾ ਵਾਰ-ਵਾਰ ਆਲੇ-ਦੁਆਲੇ ਤੱਕ ਰਿਹਾ ਸੀ। ਕੀ ਐ ਕੋਈ ਮਿਲ ਜਾਵੇ। ਪਰ ਚਾਰੋਂ ਪਾਸੇ ਛਾਈ ਖਮੋਸ਼ੀ ਤੋਂ ਬਿਨਾ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਉਹ ਗੱਠੜੀ ਮੋਢੇ 'ਤੇ ਲਟਕਾ ਡੰਡੀ-ਡੰਡੀ ਪਿੰਡ ਵੱਲ ਤੁਰ ਪਿਆ। ਇਕ ਤਾਂ ਭੁੱਖ ਨਾਲ ਸਤੇ ਹੋਣ ਕਰਕੇ, ਦੂਜੇ ਦੋ ਮਹੀਨਿਆਂ ਤੋਂ ਘਰੋਂ ਵਿਛੜੇ ਹੋਣ ਕਰਕੇ ਉਹਦੇ ਕਦਮ ਪਿੰਡ ਵੱਲ ਦੌੜਦੇ ਜਾ ਰਹੇ ਸਨ। ਹਵਾ ਦੇ ਬੁੱਲੇ ਉਹਦੇ ਕਪੜਿਆਂ ਨਾਲ ਖੇਡਦੇ ਅਗਾਂਹ ਲੰਘ ਜਾਂਦੇ। ਬਿਜਲੀ ਚਮਕਦੀ। ਇਸ ਰੌਸ਼ਨੀ ਵਿਚ ਉਹ ਦੂਰ-ਦੂਰ ਜਾਇਜ਼ਾ ਲੈ ਲੈਂਦਾ।

ਪਿੰਡੋਂ ਗਏ ਜੈਲੇ ਨੂੰ ਸਾਰੇ ਦੋ ਹੀ ਮਹੀਨੇ ਹੋਏ ਸਨ, ਫੇਰ ਵੀ ਇਉਂ ਲੱਗਦਾ ਸੀ ਜਿਵੇਂ ਯੁੱਗ ਬੀਤ ਗਏ ਹੋਣ। ਬੰਸੋ, ਕਰਤਾਰੋ ਤੇ ਯਾਰਾਂ ਦੋਸਤਾਂ ਦੀ ਯਾਦ ਉਹਨੂੰ ਤੜਪਾ ਰਹੀ ਸੀ। ਲੋਕ ਪਤਾ ਨੀ ਉਹਦੇ ਬਾਰੇ ਕੀ-ਕੀ ਸੋਚਦੇ ਹੋਣਗੇ। ਉਹ ਸੋਚਦਾ ਜਾ ਰਿਹਾ ਸੀ।

ਬਿਜਲੀ ਇਕ ਵਾਰੀ ਫੇਰ ਚਮਕੀ ਤੇ ਉਹਨੂੰ ਲੱਗਿਆ ਜਿਵੇਂ ਕੋਈ ਚਾਦਰੇ ਦੀ ਬੁਕਲ ਮਾਰੀ ਤੇਜ਼ੀ ਨਾਲ ਉਧਰ ਨੂੰ ਭੱਜਿਆ ਆ ਰਿਹਾ ਹੋਵੇ। ਉਹਦੇ ਕਦਮ ਸੰਭਲ ਗਏ। ਖ਼ਿਆਲਾਂ ਨੂੰ ਸਮੇਟਦਾ ਉਹ ਪਰਛਾਵੇਂ ਵੱਲ ਉਤਸੁਕਤਾ ਨਾਲ ਵਧਣ ਲੱਗਿਆ।

'ਕਿਹੜੈ ਬਈ ? ਬੱਸੋ ਆਇਐਂ ?'

ਜੈਲਾ ਚੁੱਪ ਕਰਕੇ ਖੜੋ ਗਿਆ।

'ਜੈਲਾ ਐ ? ਇਸ ਵੇਲੇ ਕਿਧਰੋਂ ਕੰਜਰਾ ?'

'ਸੁੰਦਰ ਐ ?' ਜੈਲੇ ਨੇ ਉਹਨੂੰ ਘੁੱਟ ਕੇ ਜੱਫੀ ਪਾ ਲਈ।

'ਆਹੋ !'

'ਕਿਧਰ ਜਾਨੈ ?'

'ਬੱਸ ਦੇਖਣ ਜਾਣਾ ਸੀ। ਲੇਟ ਹੋ ਗਿਆ। ਆਪਣੇ ਚੌਧਰੀ ਦੀ ਧੀ ਨੇ ਆਉਣਾ ਸੀ।'

'ਬੱਸ ਤਾਂ ਕਦੋਂ ਦੀ ਗਈ। ਆ ਚੱਲੀਏ ਫੇਰ।'

'ਹੋਰ ਨੀ ਆਉਂਦੀ ਕੋਈ ?'

'ਬੱਸ ਆਖਰੀ ਸੀ। ਨਹੀਂ ਆਈ ਹੋਣੀ ਅੱਜ ਉਹ।'

'ਆਹੋ ! ਦੇਖੀਂ ਕਿਤੇ ਕੋਈ ਹੋਰ ਨਾ ਆਉਣੀ ਹੋਵੇ ?'

'ਮੈਂ ਕਿਤੇ ਝੂਠ ਮਾਰਦੈਂ ? ਆ ਕੋਈ ਪਿੰਡ ਦੀ ਗੱਲ ਸੁਣਾ।'

ਤੇ ਗੱਲਾਂ ਮਾਰਦੇ ਉਹ ਪਿੰਡ ਵੱਲ ਮੁੜ ਪਏ।

'ਕਿਧਰ ਰਿਹਾ ਓਏ ਇੰਨਾ ਚਿਰ ? ਮਾਂ ਤੇਰੀ ਘਰ ਘਰ ਰੋਂਦੀ ਫਿਰੇ। ਇਹ ਤੂੰ ਮਾੜਾ ਕੰਮ ਕੀਤਾ।'

'ਤੂੰ ਸਿਆਣਾ ਸੁੰਦਰਾ ਇਥੇ ਕੱਖ ਨਹੀਂ ਸੀ ਬਣਦਾ। ਜਿੰਨੀ ਮਰਜ਼ੀ ਚਮੜੀ ਲੁਹਾਈ ਜਾਉ ਭੁੱਖੇ ਦੇ ਭੁੱਖੇ। ਤੂੰ ਦੇਖ ਲੈ ਹੁਣ ਕੁੜੀ ਘਰੇ ਕੋਠੇ ਵਰਗੀ ਹੋਈ ਪਈ ਐ। ਉਹਦਾ ਵਿਆਹ ਵੀ ਕਰਨੈ। ਮੇਰੀ ਮਾਂ ਭਾਵੇਂ ਕੰਮ ਕਰਨ ਜੋਗੀ ਹੈਗੀ, ਪਰ ਫੇਰ ਵੀ ਸਾਡਾ ਕੀ ਫਾਇਦਾ ਜਾ ਹੁਣ ਉਹ ਅਰਾਮ ਨੀ ਕਰੂ। ਮੈਂ ਸੋਚਿਆ ਚਲ ਕਿਤੇ ਸ਼ਹਿਰ ਜਾ ਕੇ ਮਜੂਰੀ ਕਰ ਲਈਏ। ਕੀ ਐ ਦੋ ਚਾਰ ਛਿੱਲੜ ਜੁੜ ਜਾਣ।'

'ਪਰ ਘਰੇ ਤਾਂ ਦੱਸ ਜਾਣਾ ਸੀ। ਇੰਨੀ ਲਾਪਰਵਾਹੀ ਵੀ ਕੀ ਆਖੇ।'

'ਬਸ ਉਥੇ ਅਜਿਹੇ ਇਕ ਕਾਰਖ਼ਾਨੇ ਵਿਚ ਫਸਿਆ ਹੁਣ ਛੁੱਟਿਆ।'

'ਕੋਈ ਮਿਲ ਗਿਆ ਕੰਮ ?'

'ਉਥੇ ਸਾਥੀਆ ਇੱਦੂ ਵੀ ਲੁੱਟ ਐ। ਹੁਣ ਤਾਂ ਸ਼ਹਿਰੋਂ ਵੀ ਮੂੰਹ ਮੁੜ ਗਿਆ। ਕੋਈ ਕਿਸੇ ਦੀ ਸੁਣਦਾ ਈ ਨੀ। ਹੁਣ ਤਾਂ ਇਥੇ ਹੀ ਦਿਨ ਕੱਟਾਂਗੇ। ਪਰ ਸਿੱਖਿਆ ਉਥੋਂ ਭਲਾ ਕੁਝ ਐ। ਜੇ ਕਿਤੇ ਉਹ ਏਕੇ ਨਾਲ ਨਾ ਰਹਿਣ ਮਾਲਕ ਆਥਨ ਨੂੰ ਛਿਲ ਲਾਹ ਦੇਣ। ਅਸੀਂ ਵੀ ਹੁਣ ਇਕੱਠੇ ਹੋਵਾਂਗੇ। ਚਲ ਛੱਡ ਇਨ੍ਹਾਂ ਨੂੰ। ਹੋਰ ਸੁਣਾ ਪਿੰਡ ਸੁਖ-ਸਾਂਦ ਐ। ਬੰਸੋ...ਮਾਂ...।'

'ਕਾਹਦੀ ਸੁਖ ਐ। ਤੇਰੀ ਮਾਂ ਨੇ ਠੀਕ ਨੀ ਕੀਤਾ। ਸਾਰਾ ਪਿੰਡ ਤ੍ਰਾਹ-ਤ੍ਰਾਹ ਕਰਦੈ।'

ਮਾਂ ਦੀ ਗੱਲ ਸੁਣ ਕੇ ਜੈਲਾ ਇਕ ਦਮ ਡਰ ਗਿਆ। ਕਾਫੀ ਦੇਰ ਉਹ ਖਾਮੋਸ਼ ਰਿਹਾ। ਕਿਸੇ ਵਿਚ ਵੀ ਗੱਲ ਅੱਗੇ ਤੋਰਨ ਦੀ ਹਿੰਮਤ ਨਹੀਂ ਸੀ ਰਹੀ।

'ਬੇਬੇ ਦੀ ਤੂੰ....'

'ਤੈਨੂੰ ਤਾਂ ਪ੍ਰਦੇਸੀ ਗਏ ਨੂੰ ਕੀ ਪਤੈ ਹੋਣੈ। ਆ ਹੋਗੇ ਕੋਈ ਪੰਜ ਛੀ ਦਿਨ ਤੇਰੀ ਮਾਂ ਨੇ ਕੁੜੀ ਪਤਾ ਨੀ ਕਿਹਦੇ ਨਾਲ ਤੋਰ ਤੀ। ਇਉਂ ਈ ਪਤਾ ਲੱਗਿਆ ਜਦੋਂ ਪੰਜ ਛੀ ਮੁੰਡੇ ਆਏ ਤੇ ਕੁੜੀ ਨੂੰ ਲੈ ਗਏ। ਨਾ ਕੋਈ ਅਨੰਦ ਕਾਰਜ ਨਾ ਬਰਾਤ ਸ਼ਰਾਤ। ਲੋਕ ਤਾਂ ਆਖਦੇ ਨੇ ਮੁੰਡਾ ਵੀ ਕਿਸੇ ਹੋਰ ਜਾਤ ਦਾ ਐ।'

ਜੈਲਾ ਅੱਧ-ਬੇਹੋਸ਼ੀ ਦੀ ਹਾਲਤ ਵਿਚ ਸੁਣਦਾ ਰਿਹਾ। ਉਸ ਦੀ ਸੋਚਣ ਸ਼ਕਤੀ ਖ਼ਤਮ ਹੁੰਦੀ ਜਾ ਰਹੀ ਸੀ। ਸਰੀਰ ਪਸੀਨੋ-ਪਸੀਨਾ ਹੋ ਗਿਆ ਸੀ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ।

'ਚੱਲ ਇਹ ਤਾਂ ਹੋਈ। ਉਹਨੇ ਤਾਂ ਭਾਈ ਜਾਮਾਂ ਈ ਸ਼ਰਮ ਲਾਹ ਤੀ। ਇਉਂ ਈ ਪਤਾ ਲੱਗਿਆ ਜਦੋਂ ਖੁਲ੍ਹਮ-ਖੁਲ੍ਹੇ ਸਰਦਾਰ ਦੇ ਜਾ ਬੈਠੀ। ਉਸ ਨੇ ਬੁੜੇ ਵੇਲੇ ਸ਼ਰਮ ਨਾ ਕੀਤੀ...।'

ਜੈਲਾ ਸੁੰਨ ਹੋਇਆ ਤੁਰਦਾ ਰਿਹਾ। ਉਹਦਾ ਸਾਰਾ ਸਰੀਰ ਕੰਬ ਰਿਹਾ ਸੀ। 'ਹੁਣ ਕਿਧਰ ਜਾਵਾਂ ?' ਉਹ ਸੋਚਣ ਲੱਗਿਆ। ਪਿੰਡ ਸਾਹਮਣੇ ਆ ਗਿਆ ਸੀ। ਉਸ ਦਾ ਪਿੰਡ ਵੱਲ ਜਾਣ ਦਾ ਉਤਸ਼ਾਹ ਨਫ਼ਰਤ ਵਿਚ ਵਟ ਗਿਆ ਸੀ। ਪਿੰਡ ਵਿਚ ਉਹ ਕੀ ਮੂੰਹ ਦਿਖਾਏਗਾ। ਉਸ ਦੇ ਕਾਮਰੇਡ ਦੋਸਤ ਉਸ ਨੂੰ ਪੰਜਾਹ-ਪੰਜਾਹ ਸੁਨਾਉਣਗੇ। ਕਈ ਵਾਰ ਉਸ ਦੇ ਕਦਮ ਵਾਪਸ ਸ਼ਹਿਰ ਵੱਲ ਮੁੜੇ। ਆਪਣੀ ਮਾਂ, ਬੰਸੋ ਤੇ ਸਰਦਾਰ ਦਾ ਸਭ ਮਲੀਆਮੇਟ ਕਰਨ ਦੀ ਸੋਚ ਰਿਹਾ ਸੀ। ਕਿਸ ਕਿਸ ਦਾ ਗਲ ਘੁਟੇ ਉਸ ਨੂੰ ਸਮਝ ਨਹੀਂ ਸੀ ਆ ਰਹੀ।

'ਧੀਰਜ ਬੰਨ੍ਹ ਕੇ ਈ ਇਨ੍ਹਾਂ ਤੋਂ ਕੰਮ ਲਿਆ ਜਾ ਸਕਦੈ।' ਸੋਚਦਾ ਉਹ ਸੁੰਦਰ ਦੇ ਨਾਲ-ਨਾਲ ਤੁਰਦਾ ਰਿਹਾ।

ਚੌਧਰੀ ਅਗੋਂ ਇਉਂ ਮਿਲੇ ਜਿਵੇਂ ਰੱਬ ਮਿਲਿਆ ਹੋਵੇ। ਉਹਨੂੰ ਅੰਦਰਲੇ ਕਮਰੇ ਵਿਚ ਲੈ ਗਏ। ਕੁਰਸੀ 'ਤੇ ਬਿਠਾ ਕੇ ਚੀਨੀ ਦੇ ਬਰਤਨਾਂ ਵਿਚ ਖਾਣਾ ਪਰੋਸਿਆ ਗਿਆ। ਜੈਲੇ ਦੀ ਭੁੱਖ ਕਿਧਰੇ ਉੱਡ ਗਈ ਸੀ। ਭਰੀਆਂ ਭਰਾਈਆਂ ਪਲੇਟਾਂ ਉਹਨੇ ਪਰ੍ਹਾਂ ਧੱਕ ਦਿੱਤੀਆਂ।

ਢੇਰ ਸਮਾਂ ਚੌਧਰੀ ਉਸ ਤੋਂ ਗੱਲਾਂ ਪੁੱਛਦਾ ਰਿਹਾ। ਉਸ ਦੇ ਘਰੋਂ ਭੱਜਣ ਬਾਰੇ, ਸ਼ਹਿਰ ਰਹਿਣ ਬਾਰੇ ਤੇ ਨੌਕਰੀ ਚਾਕਰੀ ਬਾਰੇ। ਜੈਲਾ ਸਭ ਤੋਂ ਵੱਧ ਇਸ ਗੱਲ 'ਤੇ ਹੈਰਾਨ ਸੀ ਕਿ ਉਸ ਦੇ ਸਾਥੀਆਂ ਨੇ ਉਹਨੂੰ ਧੋਖੇ ਵਿਚ ਕਿਉਂ ਰੱਖਿਆ। ਹਰ ਵਾਰ ਜੈਲੇ ਨੂੰ ਪਿੰਡ ਜਾਣੋਂ ਰੋਕਦੇ ਤੇ ਆਖਦੇ ਉਹਦਾ ਨਾਂ ਖ਼ੂਨ ਨਾਲ ਜੁੜਿਆ ਹੋਇਆ ਸੀ। ਉਹ ਆਪ ਖ਼ੁਦ ਪਿੰਡ ਚੱਕਰ ਮਾਰਦੇ ਸਨ ਤੇ ਕਦੇ ਉਨ੍ਹਾਂ ਕਰਤਾਰੋ ਦੀ ਗੱਲ ਉਸ ਕੋਲ ਕਿਉਂ ਨਾ ਕੀਤੀ।

ਅੱਧੀ ਰਾਤ ਤਕ ਉਹ ਗੱਲਾਂ ਕਰਦੇ ਰਹੇ। ਜੈਲੇ ਦੇ ਪਿਉ ਦੀਆਂ, ਉਸ ਦੇ ਕੰਮ ਦੀਆਂ, ਸਰਦਾਰ ਦੀਆਂ ਹਰਾਮਜ਼ਦਗੀ ਦੀਆਂ ਅਤੇ ਫੇਰ ਉਹਨੂੰ ਅਮਲੀ ਬਨਾਉਣ ਤੋਂ ਲੈ ਕੇ ਕਰਤਾਰੋ ਨੂੰ ਘਰ ਵਸਾਉਣ ਤੱਕ ਦੀਆਂ। 'ਕੁੜੀ ਦਾ ਵਿਆਹ ਕਰਨ 'ਚ ਤਾਂ ਤੇਰੀ ਮਾਂ ਨੇ ਸਿਆਣਪ ਕੀਤੀ। ਸਰਦਾਰਾਂ ਦਾ ਜਿਹੜਾ ਸ਼ੀਟੂ ਸ਼ਾਟੂ ਵੱਜਦੇ ਇਹਨੇ ਬੰਸੋ ਨੂੰ ਕਈ ਵਾਰ ਤੰਗ ਕੀਤਾ ਸੀ। ਜਿਹੋ ਜਿਹਾ ਮਿਲਿਆ ਉਹਨੇ ਮੁੰਡਾ ਦੇਖ ਕੇ ਉਰ੍ਹਾਂ ਪਰ੍ਹਾਂ ਕਰ ਤਾ। ਫੇਰ ਪਤਾ ਨੀ ਕਿਧਰ ਵੱਗ ਗਿਆ। ਇਹ ਵੀ ਸੁਣਿਐ ਬਈ ਮੁੰਡਾ ਜੱਟਾਂ ਦਾ ਐ। ਤੇ ਨਾਲੇ ਅਖੇ ਆਹ ਜਿਹੜੇ ਨਵੇਂ

ਡਾਕੂ ਉਠੇ ਨੇ ਉਨ੍ਹਾਂ ਦੀ ਪਾਰਟੀ ਦਾ ਬੰਦੈ। ਤੇਰੀ ਬੇਬੇ ਕੋਲੇ ਤਾਂ ਪਿੱਛੇ ਜਿਹੇ ਉਹ ਵੀ ਆਉਣ ਲੱਗੇ ਸੀ। ਤੇਰੀ ਮਾਂ ਨੇ ਆਪ ਚੰਗਾ ਨੀ ਕੀਤਾ। ਊਂ ਤਾਂ ਸੁੰਦਰਾ ਦੱਸਦੀ ਸੀ ਅਖੇ ਸਰਦਾਰ ਕਰਤਾਰੋ ਨੂੰ ਬੜਾ ਤੰਗ ਕਰਦਾ ਸੀ। ਕਰਤਾਰੋ ਨੂੰ ਚੁਕਣ ਨੂੰ ਏ ਫਿਰਦਾ ਸੀ। ਤੈਨੂੰ ਪਤਾ ਤਾਂ ਹੈ ਉਹ ਤੇਰੀ ਮਾਂ ਦੇ ਸ਼ੁਰੂ ਤੋਂ ਈ ਵੈਰ ਪਿਆ ਹੋਇਐ। ਹੋਰ ਕੀ ਕਰਦੀ। ਗੱਲ ਤਾਂ ਸਰਦਾਰ ਦੀ ਮਾੜੀ ਐ।'

ਚਲਦੀਆਂ ਚਲਦੀਆਂ ਗੱਲਾਂ ਅੱਜ-ਕੱਲ੍ਹ ਦੀ ਗੜਬੜ ਤੇ ਅੱਪੜੀਆਂ। ਚੌਧਰੀ ਨੇ ਨਫ਼ਰਤ ਤੇ ਜੈਲੇ ਨੇ ਹਮਦਰਦੀ ਪ੍ਰਗਟਾਈ।

'ਕਰਨ ਵੀ ਕੀ ਵਿਚਾਰੇ ਕਿੰਨੀਆਂ ਪੀੜ੍ਹੀਆਂ ਤੋਂ ਕੁਚਲੇ ਆ ਰਹੇ ਨੇ।'

'ਬਿਲਕੁਲ ਠੀਕ ਐ। ਗੱਲ ਸੋਲਾਂ ਆਨੇ ਠੀਕ ਐ। ਇਹ ਵੀ ਆਖਰ ਬੰਦੇ ਨੇ। ਮੈਂ ਤਾਂ ਆਪ ਐਤਕੀਂ ਸਭ ਨੂੰ ਪੰਜਾਹ ਪੰਜਾਹ ਵਧ ਦਿੱਤੇ ਨੇ। ਸੀਤੋ ਦੀ ਕੁੜੀ ਦਾ ਵਿਆਹ ਸੀ ਦੋ ਬੋਰੀਆਂ ਕਣਕ ਦੀਆਂ ਭੇਜ ਤੀਆਂ। ਤੇਰੀ ਮਾਂ ਦੱਸਦੀ ਕੋਈ ਗਹਿਣਾ ਗਟਾ ਪਾ ਦਿੰਦੇ।'

'ਲੈ ਹੁਣ ਤੂੰ ਆਪਣੇ ਖੇਤਾਂ ਵਿਚ ਹੀ ਰਹੀਂ। ਸਰਦਾਰ ਤੋਂ ਤੂੰ ਬਦਲਾ...। ਚਲ ਸੌਂ ਜਾ ਪਰਲੇ ਕਮਰੇ 'ਚ। ਆਪਣਾ ਘਰ ਸਮਝ।'

ਜੈਲਾ ਉਠ ਕੇ ਦੂਜੇ ਕਮਰੇ 'ਚ ਚਲਿਆ ਗਿਆ।

'ਮੈਂ ਸਵੇਰੇ ਸ਼ਹਿਰ ਈ ਮੁੜ ਜਾਂ ਤਾਂ ਠੀਕ ਐ। ਇਥੇ ਚੌਧਰੀ ਕਿਹੜਾ ਘੱਟ ਐ। ਇਹ ਤਾਂ ਸਰਦਾਰ ਦਾ ਵੀ ਬਾਪ ਐ। ਇਹਨੇ ਕਿਹੜਾ ਘੱਟ ਗੁਜ਼ਾਰੀ ਐ। ਸ਼ਹਿਰ ਈ ਮੁੜ ਜਾਂ ਤੇ ਖੁਲ੍ਹਮ-ਖੁਲ੍ਹੇ ਉਨ੍ਹਾਂ ਨਾਲ ਰਲ ਜਾਂ। ਪਰ ਇੰਞ ਸ਼ਾਇਦ ਮੇਰੇ ਮਨਸੂਬੇ ਸਿਰੇ ਨਾ ਚੜ੍ਹਨ। ਸਰਦਾਰ ਤੇ ਇਹਦੇ ਜੀਅ ਜੀਅ ਨੂੰ ਮਾਰਨ ਦੀਆਂ ਮੇਰੀਆਂ ਯੋਜਨਾਵਾਂ ਕਿਤੇ ਧਰੀਆਂ ਧਰਾਈਆਂ ਨਾ ਰਹਿ ਜਾਣ। ਮੈਨੂੰ ਆਪਣੇ ਦਿਲ ਦੀ ਅੱਗ ਬੁਝਾਉਣ ਲਈ ਇਥੇ ਹੀ ਰਹਿਣਾ ਚਾਹੀਦੈ, ਆਪਣੀ ਅਣਖ ਇਕ ਪਾਸੇ ਰੱਖ ਕੇ। ਇਸ ਵਿਚ ਫਰਕ ਵੀ ਕੀ ਪੈਂਦੇ। ਨਾਲੇ ਕਦੇ ਚੌਧਰੀ ਨਾਲ ਵੀ...।' ਸਾਰੀ ਰਾਤ ਸੋਚਦੇ ਜੈਲੇ ਨੂੰ ਇਕ ਮਿੰਟ ਵੀ ਨੀਂਦ ਨਾ ਆਈ।

ਸਵੇਰ ਦੀ ਉਡੀਕ ਵਿਚ ਉਹ ਬੁਰੀ ਤਰ੍ਹਾਂ ਬੇਚੈਨ ਸੀ।

36

ਸ਼ਰਮ ਦੇ ਮਾਰੇ ਜੈਲੇ ਦੀ ਪਿੰਡ ਵੜਨ ਨੂੰ ਰੂਹ ਨਹੀਂ ਸੀ ਕਰਦੀ। ਰਾਤ ਨੂੰ ਵੀ ਉਹ ਖੇਤ ਵਿਚ ਸੌਂ ਜਾਂਦਾ। ਮਾਂ ਦੀ ਕਰਤੂਤ ਕਰਕੇ ਉਹ ਲੋਕਾਂ ਨੂੰ ਮਿਲਣ ਤੋਂ ਕਤਰਾਉਂਦਾ ਸੀ। ਪਰ ਲੋਕ ਸਨ ਕਿ ਉਸ ਦਾ ਪਿੱਛਾ ਈ ਨਾ ਛੱਡਦੇ। ਉਸ ਨੂੰ ਮਿਲਣ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਉਨ੍ਹਾਂ ਮੁੰਡਿਆਂ ਖੁੰਡਿਆਂ ਦੀ ਹੁੰਦੀ ਜਿਹੜੇ ਉਸੇ ਦੀ ਲਾਈ ਚੈਟਕ ਦਾ ਸ਼ਿਕਾਰ ਸਨ। ਪਿਛਲੇ ਦੋ ਮਹੀਨਿਆਂ ਵਿਚ ਉਨ੍ਹਾਂ ਨੂੰ ਕੋਈ ਤਸੱਲੀਬਖ਼ਸ਼ ਬੰਦਾ ਨਹੀਂ ਸੀ ਮਿਲਿਆ ਜਿਹੜਾ ਉਨ੍ਹਾਂ ਦੇ ਅੱਗੇ ਲੱਗ ਕੇ ਉਨ੍ਹਾਂ ਦੇ ਸੀਨਿਆਂ ਵਿਚ ਉਗੀਆਂ ਕਰੂੰਬਲਾਂ ਨੂੰ ਵਧਣ ਫੁਲਣ ਵਿਚ ਸਹਾਈ ਹੋ ਸਕੇ।

ਕੁਝ ਮਹੀਨੇ ਪਹਿਲਾਂ ਗੁਆਂਢੀ ਪਿੰਡ ਹੋਏ ਵਿਸਵੇਦਾਰ ਦੇ ਕਤਲ, ਇਕ ਦੋ ਸਫਲ ਹੜਤਾਲਾਂ ਨਾਲ ਵਧੀਆਂ ਦਿਹਾੜੀਆਂ ਅਤੇ ਕਈ ਇਹੋ ਜਿਹੀਆਂ ਹੋਰ ਸਫਲਤਾਵਾਂ ਨੇ ਲੋਕਾਂ ਦਾ ਧਿਆਨ ਇਨ੍ਹਾਂ ਨਵੇਂ ਮੁੰਡਿਆਂ ਵੱਲ ਖਿਚਿਆ ਸੀ। ਇਧਰੋਂ ਉਧਰੋਂ ਲੋਕਾਂ ਨੂੰ ਪਤਾ ਲੱਗ ਗਿਆ ਸੀ ਜੈਲਾ ਸ਼ਹਿਰ ਕਿਧਰੇ ਨਹੀਂ ਰਿਹਾ ਸਗੋਂ ਦੋ ਮਹੀਨੇ ਉਨ੍ਹਾਂ ਹੀ ਮੁੰਡਿਆਂ ਨਾਲ ਰਹਿ ਕੇ ਆਇਆ ਸੀ। ਉਨ੍ਹਾਂ ਨੂੰ ਵਿਸ਼ਵਾਸ ਸੀ ਜੈਲਾ ਢੇਰ ਸਾਰੀਆਂ ਗੱਲਾਂ ਸਿੱਖ ਕੇ ਆਇਆ ਹੋਣੈ। ਉਹ ਤਾਂ ਦੋ ਚਾਰ ਪਲਾਂ ਵਿਚ ਹੀ ਬਹੁਤ ਕੁਝ ਸਮਝਾ ਜਾਂਦੇ ਸਨ। ਜਿਹੜਾ ਦੋ ਮਹੀਨੇ ਕੱਟ ਜਾਵੇ ਉਹਦਾ ਕੀ ਟਿਕਾਣਾ।

ਕਈ ਵਾਰ ਝੁੰਡਾਂ ਦੇ ਝੁੰਡ ਉਸ ਕੋਲ ਆਉਂਦੇ। ਪਰ ਆਪਣੇ ਪ੍ਰਤੀ ਉਹਦੇ ਮਨ ਵਿਚ ਇੰਨੀ ਨੀਚਤਾ ਵਧ ਗਈ ਸੀ ਕਿਸੇ ਨਾਲ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ। ਹਰ ਵਾਰ ਉਹ ਟਾਲਣ ਦਾ ਯਤਨ ਕਰਦਾ। ਪਰ ਲੋਕ ਸਨ ਕਿ ਖਹਿੜਾ ਨਾ ਛੱਡਦੇ। ਉਸ ਸਮੇਂ ਬਾਰੇ ਪੁੱਛਦੇ ਜਦੋਂ ਉਹ ਜ਼ਮੀਨਾਂ ਦੇ ਮਾਲਕ ਹੋਣਗੇ, ਤੇ ਉਨ੍ਹਾਂ 'ਤੇ ਕਿਸੇ ਦਾ ਡੰਡਾ ਨਹੀਂ ਚਲੇਗਾ। ਉਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਸ਼ਰੇਆਮ ਨਹੀਂ ਲੁੱਟੀਆਂ ਜਾਣਗੀਆਂ ਤੇ ਹੋਰ ਲੱਖਾਂ ਸੁਪਨੇ ਸਾਕਾਰ ਹੋਣਗੇ।

ਗੁਆਂਢੀ ਪਿੰਡਾਂ ਵਿਚ ਬਣ ਰਹੀਆਂ ਜਥੇਬੰਦੀਆਂ ਤੋਂ ਪ੍ਰਭਾਵਤ ਹੋਏ ਉਹ ਹਰ ਵਾਰ ਜੈਲੇ ਨੂੰ ਫਰਮਾਇਸ਼ਾਂ ਕਰਦੇ।

'ਭਾਈ ਜੈਲਿਆ ਆਪਣੇ ਪਿੰਡ ਵਿਚ ਕਰ ਲੈ ਕੁਝ। ਦੇਖ ਲੈ ਇਨ੍ਹਾਂ ਪਾਸਾ ਈ ਪਲਟ ਤਾ। ਅੱਗੇ ਆਈ ਵਾਰੀ ਵਿਸਵੇਦਾਰ ਠੇਕਾ ਵਧਾ ਦਿੰਦਾ ਸੀ। ਐਤਕੀਂ ਲੋਕਾਂ ਨੇ ਮਰਜ਼ੀ ਦੇ ਠੇਕੇ ਦਿੱਤੇ ਨੇ। ਜਦੋਂ ਦਾ ਖ਼ੂਨ ਹੋਇਐ ਉਹ ਉਂਝ ਈ ਸੌਂ ਗਏ। ਜੇ ਆਪਣੇ ਵੀ ਇਉਂ ਹੋ ਜੇ।'

'ਉਨ੍ਹਾਂ ਨੇ ਇਹ ਕੁਝ ਕੋਈ ਗੱਲਾਂ ਨਾਲ ਨੀ ਕਰ ਲਿਆ। ਜਾਨਾਂ ਹਥੇਲੀ 'ਤੇ ਰੱਖੀਆਂ ਸੀ। ਉਨ੍ਹਾਂ ਕਈਕਈ ਦਿਨ ਫਾਕੇ ਕੱਟੇ, ਗੋਲੀਆਂ ਖਾਧੀਆਂ ਤੇ ਤਾਂ ਜਾ ਕੇ ਸਫਲਤਾ ਮਿਲੀ ਐ। ਇਹ ਤਾਂ ਗੱਲ ਏ ਕੁਝ ਨੀ ਦੇਖੀਂ ਅਸੀਂ ਕੀ-ਕੀ ਕਰਨੈਂ।'

'ਫੇਰ ਭਾਈ ਆਪਾਂ ਕਿਹੜਾ ਪਿੱਛੇ ਹਟਦੇ ਆਂ। ਤੂੰ ਬੁਲਾ ਕਦੇ ਆਪਣੇ ਮੁੰਡੇ ਖੁੰਡਿਆਂ ਨੂੰ। ਅਸੀਂ ਸਾਰੇ ਸੋਡੇ ਪਿੱਛੇ ਲੱਗਾਂਗੇ।'

'ਮੇਰੇ ਕੰਨੀਉਂ ਤਾਂ ਭਾਵੇਂ ਕੱਲ੍ਹ ਨੂੰ ਏ ਕਰ ਲਉ। ਪਰ ਕਰਿਉ ਤਾਂ ਜੇ ਅੜਨਾ ਹੋਊ। ਨਹੀਂ ਤਾਂ ਇਹ ਵੀ ਯਾਦ ਰੱਖਿਉ ਬਈ ਲੈਣੇ ਦੇ ਦੇਣੇ ਪੈ ਜਾਣਗੇ।'

ਪੰਜੀਂ ਸੱਤੀਂ ਦਿਨੀਂ ਕਰਤਾਰੋ ਵੀ ਖੇਤ ਗੇੜਾ ਮਾਰਦੀ। ਹਰ ਵਾਰ ਉਹੋ ਤਰਲੇ ਮਿੰਨਤਾਂ। ਸਰਦਾਰ ਦੇ ਖੇਤ ਮੁੜ ਆਉਣ ਦੀਆਂ ਗੱਲਾਂ।

'ਤੂੰ ਦਫਾ ਹੋ ਜਾ ਇਥੋਂ। ਤੂੰ ਮੈਨੂੰ ਦੋ ਸਿਆੜ ਜ਼ਮੀਨ ਨਾਲ ਖਰੀਦ ਨੀ ਸਕਦੀ। ਤੇਰੇ ਵਰਗੀ ਫਰੇਬਨ ਮੈਂ ਕੋਈ ਨੀ ਦੇਖੀ। ਉਹ ਵੀ ਮਾਂ ਸੀ ਜਿਹਦਾ ਗੋਰਕੀ ਨੇ ਪੂਰਾ ਨਾਵਲ ਲਿਖਿਐ। ਤੇ ਇਕ ਤੂੰ ਏਂ...। ਤੂੰ ਇਥੇ ਨਾ ਆਇਆ ਕਰ। ਕਿਤੇ ਮੈਂ ਤੇਰਾ ਕਤਲ ਨਾ ਕਰ ਬਹਾਂ। ਸਮੇਂ ਤੋਂ ਪਹਿਲਾਂ ਈ ਮੈਨੂੰ ਸੀਖਾਂ ਅੰਦਰ ਨਾ ਜਾਣਾ ਪੈ ਜਾਏ।''

'ਤੂੰ ਦੋ ਮਹੀਨੇ ਉਥੇ ਕੱਟ ਕੇ ਵੀ ਕੋਰੇ ਦਾ ਕੋਰਾ ਰਿਹਾ। ਤੈਨੂੰ ਪਤਾ ਨੀ ਕਦ ਅਕਲ ਆਊ। ਤੈਨੂੰ ਕਿਵੇਂ ਸਮਝਾਵਾਂ ਮੈਂ ਕੀ ਕਰ ਰਹੀ ਹਾਂ।'

'ਤੂੰ ਸਾਨੂੰ ਸਭ ਨੂੰ ਬਦਨਾਮ ਕੀਤੈ। ਪਤਾ ਨੀ ਤੇਰੇ ਕਰਕੇ ਕਿੰਨਿਆਂ ਨੂੰ ਜਾਨੋਂ ਹੱਥ ਧੋਣੇ ਪੈਣਗੇ। ਤੂੰ ਤੁਰ, ਨਹੀਂ ਮੈਨੂੰ ਤੇਰਾ ਮੂੰਹ ਬੰਦ ਕਰਨ ਲਈ...।'

'ਤੂੰ ਹਾਲੇ ਮੈਨੂੰ ਸਮਝ ਨਹੀਂ ਸਕਦਾ। ਮੈਂ ਤੇਰੀ ਪਾਰਟੀ ਲਈ ਤੇਰੇ ਨਾਲੋਂ ਜ਼ਿਆਦਾ ਕੰਮ ਕਰ ਰਹੀ ਹਾਂ। ਜਦੋਂ ਇਸ ਪਾਸੇ ਪੈ ਹੀ ਗਈ ਫੇਰ ਰਿਸ਼ਤੇ ਨਾਤੇ ਕੀ। ਤੂੰ ਮੇਰਾ ਆਖਾ ਮੰਨ। ਇਹਦਾ ਫਾਇਦਾ ਸਾਨੂੰ ਸਭ ਨੂੰ ਹੋਣੈ। ਕਦੇ ਹੁਣ ਬੰਸੋ ਨੂੰ ਮਿਲੀਂ। ਤੇਰੇ ਨਾਲੋਂ ਕਿਤੇ ਜ਼ਿਆਦਾ ਸਿਧਾਂਤ ਜਾਣਦੀ ਐ...।'

ਪਰ ਜੈਲੇ ਨੇ ਕਦੇ ਕਰਤਾਰੋ ਨੂੰ ਨਾ ਸਮਝਿਆ। ਜਦੋਂ ਕਰਤਾਰੋ ਪਿੱਛਾ ਨਾ ਛੱਡਦੀ ਉਹ ਉਠ ਕੇ ਕਿਧਰੇ ਹੋਰ ਤੁਰ ਜਾਂਦਾ। ਉਸ ਦੀ ਬੇਸਮਝੀ ਤੇ ਝੂਰਦੀ ਕਰਤਾਰੋ ਵਾਪਸ ਮੁੜ ਜਾਂਦੀ।

ਕਾਲਜ ਪੜ੍ਹਦੇ ਦੋ ਤਿੰਨ ਮੁੰਡੇ ਭਾਵੇਂ ਪਿਛੋਂ ਮੁਜਾਰਿਆਂ ਵਿਚ ਤਾਲ-ਮੇਲ ਕਰਦੇ ਰਹੇ ਸਨ, ਪਰ ਉਨ੍ਹਾਂ ਨੂੰ ਇੰਨੀ ਸਫਲਤਾ ਨਹੀਂ ਸੀ ਮਿਲੀ। ਉਤਲੀਆਂ ਕਮੇਟੀਆਂ ਦੇ ਮੈਂਬਰ ਹੋਣ ਕਰਕੇ ਉਹ ਬਹੁਤਾ ਸਮਾਂ ਨਹੀਂ ਸੀ ਦੇ ਸਕਦੇ।

ਜੈਲੇ ਨੂੰ ਮੁੜ ਸਰਗਰਮ ਹੋਣ ਦੇ ਸੁਨੇਹੇ ਆ ਰਹੇ ਸਨ। ਪਰ ਜੈਲੇ ਵਿਚੋਂ ਮਰਿਆ 'ਮੈਂ' ਉਸ ਨੂੰ ਕੋਈ ਵੀ ਕੰਮ ਨਾ ਕਰਨ ਦਿੰਦਾ। ਉਸ ਨੂੰ ਪੂਰਾ ਯਕੀਨ ਹੋ ਗਿਆ ਸੀ, ਜਿਸ ਨੂੰ ਵੀ ਉਹ ਸਰਦਾਰ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਕਰੇਗਾ ਉਹੋ ਉਸ 'ਤੇ ਹੱਸੇਗਾ ਤੇ ਉਸ ਦਾ ਮੂੰਹ ਚੜਾਏਗਾ, ਉਹਦੀ ਮਾਂ ਹੀ ਜਦੋਂ ਉਹਦੇ ਟੁਕੜਿਆਂ 'ਤੇ ਪਲਦੀ ਸੀ, ਲੋਕ ਕਿਸ ਤਰ੍ਹਾਂ ਉਸ 'ਤੇ ਵਿਸ਼ਵਾਸ ਕਰਨ।

ਰਾਤ-ਬਰਾਤੇ ਮੁੰਡੇ ਫੇਰ ਉਸ ਕੋਲ ਆਉਣ ਲੱਗੇ। ਕਰਤਾਰੋ ਵਾਂਗ ਉਹ ਜੈਲੇ 'ਤੇ ਜ਼ੋਰ ਦਿੰਦੇ, ਉਹ ਸਰਦਾਰ ਦੇ ਖੇਤੀਂ ਚਲਿਆ ਜਾਵੇ। ਚੌਧਰੀ ਕੋਲੇ ਤਾਂ ਸਾਰੇ ਵੀਹ ਪੰਝੀ ਮੁਜਾਰੇ ਸਨ ਤੇ ਉਹ ਵੀ ਨਾ ਵਰਗੇ। ਪਰ ਸਰਦਾਰ ਕੋਲੇ ਡਾਰਾਂ ਦੀਆਂ ਡਾਰਾਂ ਸਨ। ਉਹ ਉਸ ਨੂੰ ਸਮਝਾਉਂਦੇ ਜੋ ਕੰਮ ਵਿਚ ਰਹਿ ਕੇ ਕੀਤਾ ਜਾ ਸਕਦੈ ਉਹ ਬਾਹਰ ਨਹੀਂ। ਪਰ ਜੈਲਾ ਕਦੇ ਨੱਕ 'ਤੇ ਮੱਖੀ ਨਾ ਬੈਠਣ ਦਿੰਦਾ।

'ਜਿੰਨਾ ਚਿਰ ਮੈਂ ਜਿਊਂ ਅਣਖ ਨਾਲ। ਨਹੀਂ ਮੌਤ ਚੰਗੀ। ਉਸ ਸਰਦਾਰੜੇ ਨੂੰ ਜਿਸ ਨੂੰ ਮਾਰਨ ਦੇ ਮੈਂ ਮਨਸੂਬੇ ਬਨਾਉਣਾ। ਜਿਸ ਨੇ ਮੇਰਾ ਪਿਓ ਮਾਰਿਆ, ਮੇਰੀ ਭੈਣ ਨੂੰ ਹੱਥ ਪਾਇਆ ਤੇ ਮੇਰੀ ਮਾਂ ਨੂੰ ਮਜਬੂਰ ਕੀਤਾ ਹੋਵੇ, ਉਸ ਕੋਲੇ ਮੈਂ ਕਿਸੇ ਕੀਮਤ ਤੇ ਵੀ ਕੰਮ ਨਹੀਂ ਕਰ ਸਕਦਾ। ਪਾਰਟੀ ਮਰੇ ਜਾਂ ਜੀਵੇ, ਮੈਨੂੰ ਕੋਈ ਵਾਸਤਾ ਨੀ।' ਹਰਖੇ ਜੈਲੇ ਨੂੰ ਉਹ ਸਮਝਾਉਣ ਦਾ ਯਤਨ ਕਰਦੇ। ਜੈਲਾ ਹੈਰਾਨ ਹੁੰਦਾ, ਜਦੋਂ ਕਰਤਾਰੋ ਨੂੰ ਨਿੰਦਨ ਦੀ ਥਾਂ ਉਹ ਤਾਰੀਫਾਂ ਕਰਦੇ। ਸਰਦਾਰ ਦੇ ਇਸ਼ਾਰੇ 'ਤੇ ਨੱਚ ਕੇ ਉਹਨੇ ਕੀ ਚੰਗਾ ਕੀਤਾ ਸੀ, ਉਹਨੂੰ ਸਮਝ ਨਾ ਆਉਂਦੀ।

ਜੈਲੇ ਦੀ ਫੜੀ ਨਾਂਹ ਕਦੇ ਵੀ ਹਾਂ ਵਿਚ ਨਾ ਬਦਲ ਸਕੀ। ਨਿਰਾਸ਼ ਹੋਏ ਮੁੰਡਿਆਂ ਨੇ ਹੀ ਹਥਿਆਰ ਸੁੱਟ ਦਿੱਤੇ।

37

ਜੈਲੇ ਵਿਚ ਆਈ ਸੁਸਤੀ ਕਾਰਨ ਰੁਕੇ ਕੰਮ ਨੂੰ ਸਕੂਲ ਵਿਚ ਬਦਲ ਆਏ ਨਵੇਂ ਮਾਸਟਰ ਨੇ ਅੱਗੇ ਤੋਰਿਆ। ਸਕੂਲੋਂ ਛੁੱਟੀ ਮਿਲਦਿਆਂ ਹੀ ਉਹ ਘਰ-ਘਰ ਘੁੰਮਦਾ, ਸੱਥਾਂ ਵਿਚ ਬੈਠਦਾ ਤੇ ਆਂਢ-ਗੁਆਂਢ ਵਿਚ ਹੁੰਦੀਆਂ ਸਫਲਤਾਵਾਂ ਦਾ ਜ਼ਿਕਰ ਕਰਦਾ। ਲੋਕ ਖ਼ੁਦ ਵੀ ਘੱਟ ਉਤਸੁਕ ਨਹੀਂ ਸਨ, ਪਰ ਮਾਸਟਰ ਦੀਆਂ ਗੱਲਾਂ ਨੇ ਉਨ੍ਹਾਂ ਨੂੰ ਵੀ ਸੇਧ ਦਿੱਤੀ। ਮਹੀਨੇ ਡੇਢ ਮਹੀਨੇ ਵਿਚ ਹੀ ਉਹ ਖ਼ੁਦ ਮਾਸਟਰ ਦੇ ਪਿੱਛੇ-ਪਿੱਛੇ ਘੁੰਮਣ ਲੱਗੇ।

ਦਿਨਾਂ ਵਿਚ ਹੀ ਭਾਵੇਂ ਮਾਸਟਰ ਨੇ ਜਸਬੀਰ, ਬਿਲੂ ਤੇ ਹੋਰ ਕਈ ਸਿਰਕੱਢ ਨੌਜਵਾਨਾਂ ਨਾਲ ਚੰਗੇ ਅਸਰਰਸੂ ਖ ਬਣਾ ਲਏ ਸਨ, ਪਰ ਫੇਰ ਵੀ ਨਵਾਂ ਹੋਣ ਕਰਕੇ ਉਹ ਸਿੱਧੀ ਟੱਕਰ ਤੋਂ ਝਿਜਕਦਾ ਸੀ। ਮੁਜਾਰਿਆਂ ਦੀਆਂ ਘਰੇਲੂ ਲੜਾਈਆਂ, ਉਨ੍ਹਾਂ ਦੀਆਂ ਪਾਰਟੀਆਂ, ਸਰਦਾਰਾਂ, ਚੌਧਰੀਆਂ ਤੇ ਕਈ ਹੋਰ ਘਰਾਂ ਦੀਆਂ ਧਮਕੀਆਂ ਆਦਿ ਕਈ ਗੱਲਾਂ ਸਨ ਜਿਹੜੀਆਂ ਉਹਦੇ ਕਦਮ ਪਿਛਾਂਹ ਨੂੰ ਖਿੱਚਦੀਆਂ। ਕਈ ਵਾਰ ਉਹਨੇ ਦਿਨ ਨਿਸ਼ਚਿਤ ਕੀਤੇ ਸਨ, ਪਰ ਕਿਸੇ ਕਾਰਨ ਕਰਕੇ ਉਹ ਦਿਨ ਅੱਗੇ ਹੀ ਅੱਗੇ ਪੈਂਦਾ ਰਿਹਾ।

ਮਾਸਟਰ ਦੀ ਇਸ ਸਰਗਰਮੀ ਨੇ ਸਰਦਾਰਾਂ ਦੇ ਵੀ ਕੰਨ ਖੜੇ ਕਰ ਦਿੱਤੇ ਸਨ। ਉਸ ਨੂੰ ਸਕੂਲੋਂ ਕਢਾਉਣ ਦੀਆਂ ਯੋਜਨਾਵਾਂ ਸਰਦਾਰ ਦੀ ਕੋਠੀ ਬਨਣ ਲੱਗ ਪਈਆਂ ਸਨ। ਇਸ ਖਿਚੋਤਾਣ ਨੂੰ ਧਿਆਨ ਵਿਚ ਰੱਖਦਿਆਂ ਇਕ ਦਿਨ ਮਾਸਟਰ ਨੇ ਬਿੱਲੂ ਨੂੰ ਨਾਲ ਲੈ ਕੇ ਜੈਲੇ ਨੂੰ ਮਿਲਣ ਦੀ ਸਲਾਹ ਬਣਾਈ। 'ਜੇ ਜੈਲਾ ਸਾਡੇ ਨਾਲ ਹੋ ਜੇ ਸਾਨੂੰ ਬੜੀ ਆਸ ਬੱਝ ਸਕਦੀ ਐ। ਮੁਜਾਰੇ ਮੁੰਡੇ ਖੁੰਡੇ ਉਹਦੇ ਦਮ 'ਚ ਦਮ ਭਰਦੇ ਨੇ।'

'ਮੈਂ ਤਾਂ ਆਪ ਚਾਹੁੰਨੈਂ ਕੁਝ ਹੋਵੇ। ਲੋਕਾਂ ਨੂੰ ਪਤਾ ਲੱਗੇ ਏਕਾ ਚੀਜ਼ ਕੀ ਐ। ਜੇ ਤੁਸੀਂ ਅੱਗੇ ਲੱਗੋ ਮੈਂ ਤਾਂ ਤਨੋਂ ਮਨੋਂ ਤੁਹਾਡੇ ਨਾਲ ਹਾਂ।'

ਜੈਲੇ ਦੀ ਹਾਂ ਨਾਲ ਮਾਸਟਰ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਉਸ ਰਾਤ ਉਨ੍ਹਾਂ ਦਮ ਨਾ ਲਿਆ। ਘਰ-ਘਰ ਘੁੰਮੇ, ਆਪਣੇ ਨਿਸ਼ਾਨੇ ਬਣਾਏ ਤੇ ਅਗਲੇ ਹੀ ਦਿਨ ਬਣ ਰਹੀ ਜਥੇਬੰਦੀ ਵਿਚ ਵਧੋ-ਵੱਧ ਹਿੱਸਾ ਲੈਣ ਲਈ ਪ੍ਰੇਰਦੇ ਰਹੇ। ਲੋਕਾਂ ਦੇ ਹੁੰਗਾਰਿਆਂ ਨੇ ਉਨ੍ਹਾਂ ਨੂੰ ਹੋਰ ਵੀ ਹੌਸਲਾ ਦਿੱਤਾ। ਜਿੰਨਾ ਜਿਸ ਤੋਂ ਸਰਿਆ ਹਿੱਸਾ ਪਾਇਆ। ਕਈਆਂ ਵਿਅੰਗ ਕਸੇ। ਅਸਫਲਤਾਵਾਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ, ਪਰ ਉਹ ਨਿਧੜਕ ਘੁੰਮਦੇ ਰਹੇ। ਨਿਰੇ ਉਤਸ਼ਾਹ ਨਾਲ ਭਰੇ।

ਜਲਸੇ ਵਾਲੇ ਦਿਨ ਉਨ੍ਹਾਂ ਦਾ ਧਰਤੀ 'ਤੇ ਪੱਬ ਨਹੀਂ ਸੀ ਪੈਂਦਾ। ਲੋਕਾਂ ਨੇ ਉਨ੍ਹਾਂ ਦੇ ਖ਼ਿਆਲ ਤੋਂ ਕਈ ਗੁਣਾਂ ਜ਼ਿਆਦਾ ਉਤਸ਼ਾਹ ਦਿਖਾਇਆ ਸੀ। ਬਾਹਰੋਂ ਆਏ ਨੌਜਵਾਨਾਂ ਦੀਆਂ ਸਫਲਤਾਵਾਂ ਦੀਆਂ ਕਹਾਣੀਆਂ ਨੇ ਪਿੰਡ ਵਾਲਿਆਂ ਨੂੰ ਹੋਰ ਵੀ ਹੌਂਸਲਾ ਦਿੱਤਾ।

ਉਨ੍ਹਾਂ ਦਾ ਸਭ ਤੋਂ ਪਹਿਲਾ ਨਿਸ਼ਾਨਾ ਉਨ੍ਹਾਂ ਬਦਕਿਸਮਤਾਂ ਨੂੰ ਪੜ੍ਹਾਉਣ ਦਾ ਸੀ, ਜਿਹੜੇ ਕਿਸੇ ਨਾ ਕਿਸੇ ਕਾਰਨ ਕਰਕੇ ਸਕੂਲੋਂ ਰਹਿ ਗਏ ਸਨ। ਅਗਲੀ ਸਵੇਰ ਮਾਸਟਰ ਆਪ ਆਇਆ, ਅਥਾਈ ਦੇ ਕਮਰਿਆਂ ਵਿਚ ਮਣ ਮਣ ਪਈਆਂ ਬਿੱਠਾਂ ਨੂੰ ਹੱਥੀਂ ਚੁੱਕ ਕੇ ਸਫਾਈ ਕੀਤੀ ਤੇ ਸ਼ਾਮ ਤਕ ਕਲੀ ਕੂਚਿਆਂ ਨਾਲ ਕਮਰਾ ਲਿਸ਼-ਲਿਸ਼ ਕਰਨ ਲਾ ਦਿੱਤਾ।

ਕਈਆਂ ਨੂੰ ਪੜ੍ਹਨ ਪੜ੍ਹਾਉਣ ਦੀ ਗੱਲ ਬੜੀ ਅਜੀਬ ਲੱਗੀ। ਬੁੱਢੇ ਅਕਸਰ ਮਾਸਟਰ ਨੂੰ ਆਖਦੇ :

'ਸਾਡੀਆਂ ਹੁਣ ਸਿਵਿਆਂ 'ਚ ਲੱਤਾਂ ਨੇ। ਕੀ ਲੈਣੈ ਪੜ੍ਹ ਪੜ੍ਹਾ ਕੇ। ਆਹ ਮੁੰਡਿਆਂ ਖੁੰਡਿਆਂ ਦੇ ਬੁੱਥ 'ਚ ਵਾੜ ਦਿਓ ਦੋ ਅੱਖਰ।'

ਪਰ ਮਾਸਟਰ ਉਨ੍ਹਾਂ ਦੀ ਇਕ ਨਾ ਸੁਣਦਾ। ਹਰ ਸ਼ਾਮ ਉਹ ਮੁੰਡਿਆਂ-ਖੁੰਡਿਆਂ ਦੇ ਨਾਲ ਉਨ੍ਹਾਂ ਨੂੰ ਵੀ ਘਰੋਂ ਖਿੱਚ ਲਿਆਉਂਦਾ। ਅੱਧੀ-ਅੱਧੀ ਰਾਤ ਤਕ ਉਨ੍ਹਾਂ ਨੂੰ ਪੜ੍ਹਾਉਂਦਾ ਰਹਿੰਦਾ।

ਸਕੂਲੋਂ ਆਉਂਦਾ ਮਾਸਟਰ ਅਖਬਾਰ ਚੁੱਕ ਲਿਆਉਂਦਾ। ਸੱਥ ਵਿਚ ਬੈਠ ਕੇ ਪੜ੍ਹ ਕੇ ਸੁਣਾਉਂਦਾ।

ਰਾਜਨੀਤਕ ਚਾਲਾਂ ਤੇ ਸਰਕਾਰ ਦੀਆਂ ਧੱਕੇਸ਼ਾਹੀਆਂ ਤੋਂ ਜਾਣੂ ਕਰਾਉਂਦਾ।

ਉਸ ਦਿਨ ਮਾਸਟਰ ਦੀ ਖ਼ੁਸ਼ੀ ਦੀ ਹੱਦ ਨਾ ਰਹੀ, ਜਦੋਂ ਉਹਨੂੰ ਸਰਦਾਰ ਦੇ ਘਰ ਪਏ ਪੰਚਾਇਤ ਦੇ ਰੇਡੀਓ ਦਾ ਪਤਾ ਲੱਗਿਆ। ਉਤਸ਼ਾਹ ਨਾਲ ਭਰਿਆ ਮਾਸਟਰ ਸਰਪੰਚ ਕੋਲੇ ਗਿਆ। ਪਰ ਕਈ ਦਿਨ ਸਰਦਾਰ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਮਾਸਟਰ ਦੇ ਚੱਕਰਾਂ ਤੇ ਕਈ ਹੋਰ ਦੀ ਜਿੱਦ ਜਦੋਂ ਉਹਦਾ ਖਹਿੜਾ ਨਾ ਈ ਛੱਡਿਆ, ਉਹਨੂੰ ਰੇਡੀਓ ਦੇਣ ਲਈ ਸਿਰ ਝੁਕਾਉਣਾ ਪਿਆ।

ਰੇਡੀਓ ਦੀਆਂ ਧੁਨਾਂ ਨੇ ਉਨ੍ਹਾਂ ਦੇ ਕੰਮ ਨੂੰ ਚਾਰ-ਚੰਨ ਲਾਏ। ਰੇਡੀਓ ਸੁਨਣ ਦੇ ਬਹਾਨੇ ਉਨ੍ਹਾਂ ਕੋਲੇ ਇਕੱਠੇ ਹੁੰਦੇ ਲੋਕਾਂ ਦੀ ਗਿਣਤੀ ਕਈ ਗੁਣਾਂ ਵੱਧ ਗਈ ਸੀ। ਪ੍ਰੋਗਰਾਮਾਂ ਵਿਚੋਂ ਉਹ ਉਨ੍ਹਾਂ ਨਾਲ ਗੱਲੀਂ ਜੁੱਟ ਜਾਂਦੇ। ਸ਼ਹਿਰੋਂ ਮਿਲਣ ਵਾਲੇ ਕਰਜ਼ਿਆਂ ਬਾਰੇ, ਨਵੇਂ ਖੇਤੀ ਸੰਦਾਂ ਬਾਰੇ, ਖਾਦਾਂ ਅਤੇ ਬੀਜਾਂ ਬਾਰੇ। ਕਦੇ-ਕਦੇ ਰਾਜਨੀਤੀ ਤੇ ਸਰਕਾਰੀ ਲੁੱਟ-ਖਸੁੱਟ ਬਾਰੇ ਵੀ।

ਲੋਕਾਂ ਵਿਚ ਹੁੰਦੇ ਚਰਚਿਆਂ ਤੋਂ ਉਨ੍ਹਾਂ ਜਾਇਜ਼ਾ ਲੈ ਲਿਆ ਸੀ, ਲੋਕ ਉਨ੍ਹਾਂ ਦੀ ਮੰਨਣ ਲੱਗ ਪਏ ਸਨ। ਨਿੱਕੇ ਮੋਟੇ ਕੰਮਾਂ ਲਈ ਉਹ ਲੱਭੇ ਨਾ ਲੱਭਦੇ। ਸ਼ਹਿਰ ਪੈਂਦੇ ਕੰਮ ਬਿੱਲੂ, ਜਸਬੀਰ ਤੇ ਉਹਦੇ ਨਾਲ ਪੜ੍ਹਦੇ ਹੋਰ ਮੁੰਡੇ-ਖੁੰਡੇ ਨਿਪਟਾ ਦਿੰਦੇ ਤੇ ਪਿੰਡ ਦੇ ਝਗੜੇ, ਪਟਵਾਰੀ ਦੀਆਂ ਹੇਰਾਫੇਰੀਆਂ ਤੇ ਹੋਰ ਹਿਸਾਬ ਕਿਤਾਬ ਦੇ ਕੰਮਾਂ ਨਾਲ ਮਾਸਟਰ ਨਿਬੜਦਾ।

'ਇਥੇ ਬੱਸਾਂ ਦੀ ਬੜੀ ਤੰਗੀ ਐ। ਮਰਜ਼ੀ ਐ ਖੜਦੀ ਮਰਜ਼ੀ ਨਹੀਂ। ਜੇ ਥੋੜੀ ਜਿਹੀ ਹਿੰਮਤ ਕਰੇ ਹਰ ਬੱਸ ਰੁਕਣ ਲਾ ਦੇਈਏ।' ਇਕ ਦਿਨ ਮਾਸਟਰ ਨੇ ਰੇਡੀਓ ਸੁਨਣ ਆਏ ਲੋਕਾਂ ਕੋਲੇ ਗੱਲ ਛੇੜੀ। 'ਆਹ ਤਾਂ ਬੜੀ ਸੋਹਣੀ ਸੋਚੀ ਐ ਮੁੰਡਿਆ। ਕਾਲਜਾ ਫੂਕ ਜਾਂਦੈ, ਜਦੋਂ ਖ਼ਾਲੀ ਬੱਸ ਕੋਲ ਦੀ ਲੰਘ ਜਾਂਦੀ ਐ।'

'ਇਹਦੇ ਲਈ ਥੋੜੇ ਜਿਹੇ ਪੈਸਿਆਂ ਦੀ ਲੋੜ ਪਊ। ਇਕ ਦੋ ਬੈਂਚ ਬਣਾ ਦੇਈਏ ਤੇ ਇਕ ਪਿੰਡ ਦਾ ਬੋਰਡ ਗੱਡ ਦੇਈਏ। ਫੇਰ ਦੇਖ ਜੇ ਹਰ ਬੱਸ ਨਾ ਰੁਕਣ ਲਾ ਦਿਆਂ। ਨਾਲੇ ਲੋਕਾਂ ਨੂੰ ਉਠਣ ਬੈਠਣ ਦਾ ਅਰਾਮ।'

'ਜਿੰਨਾ ਸਰਿਆ ਦੇਵਾਂਗੇ। ਸਾਥੋਂ ਤਾਂ ਭਾਵੇਂ ਹੁਣੇ ਫੜ ਲੈ। ਕੰਮ ਕਰਾ ਜ਼ਰੂਰ। ਕਦੇ ਕਿਸੇ ਤਰੀਕ 'ਤੇ ਜਾਣਾ ਹੋਵੇ, ਕੋਈ ਭਰੋਸਾ ਨੀ ਹੁੰਦਾ ਸਮੇਂ ਸਿਰ ਪੁੱਜ ਜਾਂਗੇ ਕਿ ਨਹੀਂ।'

ਪੈਸੇ ਭਾਵੇਂ ਲੋੜ ਅਤੇ ਆਸ ਨਾਲੋਂ ਕਈ ਗੁਣਾਂ ਘੱਟ ਇਕੱਠੇ ਹੋਏ ਸਨ, ਪਰ ਫੇਰ ਵੀ ਉਹ ਖ਼ੁਸ਼ ਸਨ। ਉਨ੍ਹਾਂ ਨੂੰ ਕੁਝ ਕਰਨ ਦਾ ਮੌਕਾ ਮਿਲਿਆ ਸੀ।

ਸੜਕ 'ਤੇ ਬੈਂਚ ਉਨ੍ਹਾਂ ਮੁਫਤ ਵਾਂਗ ਬਣਵਾ ਲਏ। ਇੱਟਾਂ ਭੱਠੇ ਵਾਲਿਆਂ ਤੋਂ ਮੁਫਤ ਲੈ ਆਏ, ਕੰਮ ਕਰਨ ਨੂੰ ਆਪ ਸ਼ੇਰਾਂ ਵਰਗੇ। ਦੋ ਦਿਨਾਂ ਵਿਚ ਕੰਮ ਨਿਬੜ ਗਿਆ।

ਤੀਜੇ ਦਿਨ ਹਰ ਬੱਸ ਰੁਕ ਕੇ ਲੰਘਣ ਲੱਗੀ।

ਲੱਗਦੇ ਹੱਥ ਉਨ੍ਹਾਂ ਮੰਦਰ ਦੀ ਹਲਟੀ ਨਾਲ ਖੇਲ ਵੀ ਬਣਵਾ ਦਿੱਤੀ। ਡੰਗਰ ਪਸ਼ੂ ਪਾਣੀ ਕੰਨੀਉਂ ਤੰਗ ਸਨ। ਛੱਪੜ ਦੇ ਗੰਦੇ ਪਾਣੀ ਤੋਂ ਉਨ੍ਹਾਂ ਦਾ ਖਹਿੜਾ ਛੁੱਟ ਗਿਆ।

ਪੈਸੇ ਇਕੱਠੇ ਕਰਦੇ ਮਾਸਟਰ ਨੂੰ ਜਿਹੜੀ ਸਭ ਤੋਂ ਵੱਡੀ ਪ੍ਰਾਪਤੀ ਹੋਈ, ਉਹ ਉਸ ਨੂੰ ਨਵਾਂ ਸੁਝਿਆ ਖ਼ਿਆਲ ਸੀ। ਜਦੋਂ ਕਦੇ ਪੈਸੇ ਇਕੱਠੇ ਕਰਦਾ ਉਹ ਕਿਸੇ ਬੁੱਢੇ ਠੇਰੇ ਨੂੰ ਮਿਲਦਾ ਉਹ ਇਹੋ ਆਖਦਾ, 'ਕੋਈ ਧਰਮ ਅਰਥ ਦਾ ਕੰਮ ਹੋਵੇ ਹੋਰ ਗੱਲ ਐ। ਇਹੋ ਜੇ ਕੰਮਾਂ...' ਇਹੋ ਗੱਲ ਇਕ ਦਿਨ ਉਹਨੇ ਦੋਸਤਾਂ ਨਾਲ ਸਾਂਝੀ ਕੀਤੀ। ਕਿਉਂ ਨਾ ਕਿਸੇ ਅਖੰਡ ਪਾਠ ਨਾਲ ਈ ਪੈਸੇ ਇਕੱਠੇ ਕੀਤੇ ਜਾਣ।'

ਮਾਸਟਰ ਦੀ ਇਸ ਗੱਲ ਨਾਲ ਕੋਈ ਸਹਿਮਤ ਨਹੀਂ ਸੀ। ਉਹ ਹਰ ਵਾਰ ਆਖਦੇ :

'ਇਹ ਸਾਡੇ ਸਿਧਾਂਤਾਂ ਦੇ ਖ਼ਿਲਾਫ਼ ਐ। ਅਸੀਂ ਤਾਂ ਲੋਕਾਂ ਨੂੰ ਇਧਰੋਂ ਮੋੜਨਾ। ਪਰ ਇਹ ਤਾਂ ਪੁੱਠਾ ਕੰਮ ਐ।'

ਮਾਸਟਰ ਕਈ ਦਿਨ ਉਨ੍ਹਾਂ ਨੂੰ ਸਮਝਾਉਂਦਾ ਰਿਹਾ। ਇਥੇ ਗੱਲ ਸਿਰਫ਼ ਪੈਸੇ ਦੀ ਸੀ। ਨਾਲੇ ਉਹ ਇਨ੍ਹਾਂ ਤੁਕਾਂ ਵਿਚੋਂ ਹੀ ਪ੍ਰਚਾਰ ਕਰਨ ਦੀ ਗੱਲ ਕਰਦਾ ਸੀ। ਤੇ ਉਸ ਨੇ ਇੰਝ ਹੀ ਕੀਤਾ। ਪੰਜ ਸੌ ਦੀ ਬੱਚਤ ਤਾਂ ਜੋ ਕੀਤੀ ਉਹ ਕੀਤੀ ਹੀ, ਨਾਲੇ ਜਿਹੜੇ ਗੁਰਬਾਣੀ ਦੇ ਅਰਥ ਉਹਨੇ ਕੀਤੇ ਉਹ ਕਿਤੇ ਜ਼ਿਆਦਾ ਅਸਰਦਾਇਕ ਸਨ। ਪਿੰਡ ਵਿਚ ਉਨ੍ਹਾਂ ਦੀ ਹੋਰ ਵਾਹਵਾ ਹੋਣ ਲੱਗ ਪਈ। ਉਨ੍ਹਾਂ 'ਤੇ ਨਾਸਤਕ ਹੋਣ ਦਾ ਭਰਮ ਵੀ ਕਿਸੇ ਹੱਦ ਤੱਕ ਦੂਰ ਹੋ ਗਿਆ ਸੀ।

ਦਿਨੋਂ-ਦਿਨ ਉਨ੍ਹਾਂ ਦੇ ਪੈਰ ਜੰਮਦੇ ਜਾ ਰਹੇ ਸਨ। ਮਾਸਟਰ ਕਈ-ਕਈ ਦਿਨ ਪਿੰਡ ਹੀ ਰਹਿੰਦਾ। ਸਕੂਲ ਦੇ ਖੁੱਲ੍ਹੇ ਗਰਾਊਂਡ ਵਿਚ ਉਨ੍ਹਾਂ ਕਈ ਬੈਂਚ ਬਣਵਾ ਦਿੱਤੇ। ਨੌਜਵਾਨਾਂ ਦੀ ਖੇਲ ਕੁਦ ਲਈ ਕੁਝ ਸਮਾਨ ਮੰਗਵਾ ਲਿਆ ਗਿਆ। ਅੱਧੀ ਰਾਤ ਤੱਕ ਸਕੂਲ ਦੀ ਲਾਇਬ੍ਰੇਰੀ ਖੁੱਲ੍ਹੀ ਰਹਿਣ ਲੱਗੀ। ਪੜ੍ਹਨ ਦਾ ਸ਼ੌਂਕ ਨੌਜਵਾਨਾਂ ਵਿਚ ਕਾਫੀ ਵਧ ਗਿਆ ਸੀ। ਹਰ ਰਾਤ ਉਥੇ ਇਕ ਮੇਲਾ ਜਿਹਾ ਲੱਗਦਾ। ਲੋਕਾਂ ਨੂੰ ਵਿਆਹ ਵਰਗਾ ਨਸ਼ਾ ਚੜ੍ਹਿਆ ਰਹਿੰਦਾ।

ਮਾਸਟਰ ਪਿੰਡਾਂ ਵਿਚ ਬਜ਼ੁਰਗਾਂ ਵਾਂਗ ਪਿਆਰਿਆ ਜਾਣ ਲੱਗਿਆ। ਵੇਹਲੇ ਦਿਨੀਂ ਉਨ੍ਹਾਂ ਇਕ ਮੇਲਾ ਲਾਇਆ। ਘੋਲਾਂ, ਕਬੱਡੀਆਂ, ਘੋੜਿਆਂ, ਊਠਾਂ ਤੇ ਗੱਡਿਆਂ ਦੀ ਰੇਸ ਤੇ ਢਾਡੀ ਜਥਿਆਂ ਦੇ ਖਿਚੇ ਲੋਕ ਦੂਰ-ਦੂਰ ਦੇ ਪਿੰਡਾਂ ਤੋਂ ਮੇਲਾ ਦੇਖਣ ਆਏ। ਹਰ ਰਾਤ ਜਲਸੇ ਹੁੰਦੇ। ਡਰਾਮਿਆਂ, ਗੀਤਾਂ ਤੇ ਭੰਗੜਿਆਂ ਦੇ ਨਾਲ ਨਾਲ ਬਾਹਰਲੇ ਪਿੰਡਾਂ ਦੇ ਨੌਜਵਾਨ ਆਪਣੀਆਂ ਸਭਾਵਾਂ ਦੀਆਂ ਪ੍ਰਾਪਤੀਆਂ ਦੇ ਵੀ ਜ਼ਿਕਰ ਕਰਦੇ। ਲੋਕ ਖ਼ੁਸ਼ ਵੀ ਸਨ ਤੇ ਹੈਰਾਨ ਵੀ। ਮੁੰਡਿਆਂ ਨੇ ਉਨ੍ਹਾਂ ਦੇ ਪਿੰਡ ਦੀ ਨੁਹਾਰ ਬਦਲਣੀ ਸ਼ੁਰੂ ਕਰ ਦਿੱਤੀ ਸੀ।

38

ਟੋਭੇ ਉਤੇ ਆਇਆ ਸਾਧ ਅਤੇ ਉਸ ਦੁਆਲੇ ਦਿਨੋਂ-ਦਿਨ ਵਧ ਰਿਹਾ ਇਕੱਠ ਸਭਾ ਦੇ ਨੌਜਵਾਨਾਂ ਲਈ ਨਵਾਂ ਸਿਰਦਰਦੀ ਦਾ ਕਾਰਨ ਬਣ ਗਿਆ। ਕਿਸੇ ਨੂੰ ਕੁਝ ਵੀ ਪਤਾ ਨਹੀਂ ਕਦੋਂ ਉਸ ਲਈ ਕੁੱਲੀ ਉਸਰੀ, ਕਦੋਂ ਧੂਣੀ ਲਈ ਖੁੰਢ ਆਏ ਤੇ ਕਿਥੋਂ ਉਸ ਲਈ ਖਾਣ ਪੀਣ ਨੂੰ ਆਇਆ। ਪਿੰਡ ਵਿਚ ਉਸ ਸਮੇਂ ਹੀ ਚਰਚੇ ਛਿੜੇ ਜਦੋਂ ਡਾਰਾਂ ਦੀਆਂ ਡਾਰਾਂ ਕੁੱਲੀ ਵੱਲ ਨੂੰ ਤੁਰ ਪਈਆਂ।

ਜੈਲੇ ਕੋਲ ਜਦੋਂ ਖ਼ਬਰ ਗਈ ਉਹ ਕੰਬ ਗਿਆ। ਉਨ੍ਹਾਂ ਦੀ ਕਰੀ ਕਰਾਈ 'ਤੇ ਪਾਣੀ ਫਿਰਨ ਲੱਗਿਆ ਸੀ। ਸਾਰੇ ਕੰਮ-ਕਾਜ ਵਿਚੋਂ ਛੱਡ ਕੇ ਉਹ ਮਾਸਟਰ ਕੋਲੇ ਗਿਆ। ਕਈ ਘੰਟੇ ਉਨ੍ਹਾਂ ਵਿਚ ਸਾਧ ਬਾਰੇ ਬਹਿਸ ਹੋਈ। ਉਨ੍ਹਾਂ ਸਾਧ ਨੂੰ ਕੱਢਣ ਦੇ ਕਈ ਯਤਨ ਕੀਤੇ। ਪਰ ਹਰ ਵਾਰ ਅਸਫਲਤਾ ਹੀ ਮਿਲੀ। ਦੁੱਧ ਦੀਆਂ ਬਾਲਟੀਆਂ, ਮੱਖਣਾਂ ਦੇ ਪੇੜੇ ਤੇ ਕਈ ਸੇਰ ਖਿੱਲਾਂ ਪਤਾਸੇ ਉਸ ਕੋਲ ਪੁੱਜਣ ਲੱਗ ਪਏ ਸਨ।

'ਜੇ ਅਸੀਂ ਇਹਦਾ ਜਲਦੀ ਫਾਹਾ ਨਾ ਵੱਢਿਆ ਸਾਨੂੰ ਖਰਾਬ ਕਰੂ। ਜਿੰਨਾ ਜਲਦੀ ਹੋ ਸਕੇ ਇਹਨੂੰ ਪਿੰਡੋਂ ਕੱਢਣਾ ਚਾਹੀਦੈ।'

'ਮੈਨੂੰ ਇਕ ਹੋਰ ਹਥਿਆਰ ਵਰਤ ਲੈਣ ਦਿਉ। ਫੇਰ ਅਸੀਂ ਆਖਰੀ ਹਥਿਆਰ ਵਰਤਾਂਗੇ।

ਮਾਸਟਰ ਨੇ ਠਰ੍ਹਮੇ ਤੋਂ ਕੰਮ ਲਿਆ।

'ਕੀ ਕੀ ਅਸੀਂ ਕਰ ਨੀ ਲਿਆ। ਹੋਰ ਦੇਰ ਸਾਡੀ ਨਾਸਮਝੀ ਐ।'

ਜੋਸ਼ ਨਾਲ ਭਰਿਆ ਜੈਲਾ ਕੁਝ ਜ਼ਿਆਦਾ ਉਤਾਵਲਾ ਸੀ।

'ਸੁਣ ਤਾਂ ਸਹੀ। ਕੱਲੂ ਨੂੰ ਇਕ ਕੰਮ ਕਰ। ਜਦੋਂ ਸੱਥ 'ਚ ਜਾਵੇ ਇਕ ਛੁਰਲੀ ਛੱਡ ਆ। ਆਖੀਂ ਚੌਧਰੀ ਦੀ ਜਿਹੜੀ ਨੂੰਹ ਰੋਟੀ ਦੇਣ ਜਾਂਦੀ ਐ ਉਸ ਨਾਲ ਰਹਿੰਦੀ ਐ। ਫੇਰ ਦੇਖ ਕੀ ਬਣਦੈ।'

ਗੱਲ ਜੈਲੇ ਦੇ ਮੂੰਹੋਂ ਨਿਕਲੀ। ਸੱਥ 'ਚ ਅੱਪੜੀ ਤੇ ਜੰਗਲ ਦੀ ਅੱਗ ਵਾਂਗ ਫੈਲ ਗਈ। ਜਿਸ ਨਤੀਜੇ ਦੀ ਉਨ੍ਹਾਂ ਨੂੰ ਆਸ ਸੀ ਉਸ ਤੋਂ ਬਿਕਲੁਲ ਉਲਟ ਵਾਪਰਿਆ।

'ਚੰਗੇ ਸਾਧੂ ਇਸੇ ਤਰ੍ਹਾਂ ਚਰਚਾ ਕਰਾਉਂਦੇ ਨੇ। ਜਿੰਨੀ ਚਰਚਾ ਹੋਵੇ ਉਨੇ ਪਾਪ ਧੁਲਦੇ ਨੇ।'

ਉਨ੍ਹਾਂ ਦੀਆਂ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ। ਸਿਰਫ਼ ਇੰਨਾ ਕੁ ਅਸਰ ਹੋਇਆ ਸੀ ਕਿ ਰੋਟੀ ਉਨ੍ਹਾਂ ਦੀ ਨੂੰਹ ਦੀ ਥਾਂ ਨੌਕਰ ਲਿਜਾਣ ਲੱਗ ਪਿਆ ਸੀ।

'ਅੱਜ ਅਸੀਂ ਮਾਸਟਰ ਜੀ ਉਹਦਾ ਫਾਹਾ ਵੱਢ ਆਉਣੈ। ਸੁਣਿਐ ਉਹ ਤੀਵੀਆਂ ਸੱਚਮੁੱਚ ਖਰਾਬ ਕਰਦੈ। ਟੂਣੇ ਟਾਮਣਾ ਵਿਚ ਫਸਾਈ ਰਖਦੈ। ਹੁਣ ਤਾਂ ਅਖੇ ਪੱਕੀ ਕੁਟੀਆ ਪਾਉਣ ਨੂੰ ਫਿਰਦੈ। ਚੌਧਰੀ ਥਾਂ ਵੀ ਦਿਖਾਉਂਦਾ ਫਿਰਦਾ ਸੀ।'

'ਠੀਕ ਐ। ਡੱਕਰ ਦਿਉ ਕੰਜਰ ਦੇ ਪੁੱਤ ਨੂੰ।'

ਉਸੇ ਰਾਤ ਉਹ ਗਏ। ਮੂੰਹਾਂ 'ਤੇ ਠਾਠੇ ਬੰਨ੍ਹ ਕੇ ਤੇ ਹੱਥਾਂ 'ਚ ਡਾਂਗਾਂ ਫੜੀ। ਕਈ ਘੰਟੇ ਕੁੱਲੀ ਦੇ ਬਾਹਰ ਉਡੀਕਣਾ ਪਿਆ। ਅੰਦਰ ਹੁੰਦੀ ਘੁਸਰ-ਮੁਸਰ ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ।

ਅੰਤਿਕਾ

(ਡਾ.ਸੁਖਦੇਵ ਸਿੰਘ ਖਹਿਰਾ ਵੱਲੋਂ ਮੁੱਢਲੇ ਨਾਵਲ 'ਅੱਗ ਦੇ ਬੀਜ' ਤੇ 'ਕਾਫ਼ਲਾ'

ਤੇ ਲਿਖਿਆ ਮਹੱਤਵਪੂਰਣ ਖੋਜ ਪੱਤਰ।)

ਮੁੱਢਲੇ ਦੋ ਨਾਵਲਾਂ ਦਾ ਪਿਛੋਕੜ ਅਤੇ ਪਰਿਪੇਖ

ਮੀਤ ਦੇ ਦੋਵੇਂ ਮੁੱਢਲੇ ਨਾਵਲ ਅੱਗ ਦੇ ਬੀਜ ਅਤੇ ਕਾਫ਼ਲਾ ਨਕਸਲਵਾਦੀ ਲਹਿਰ ਦੀ ਚੜ੍ਹਤ ਦੇ ਸਮੇਂ ਦੀ ਉਪਜ ਹਨ। ਲਹਿਰ ਨਾਲ ਸਬੰਧਿਤ ਪੰਜਾਬੀ ਨਾਵਲ ਦੀਆਂ ਆਪਣੀਆਂ ਸਮੱਸਿਆਵਾਂ ਹਨ। ਅਜਿਹੇ ਨਾਵਲ ਦੀ ਸ਼ਕਤੀ ਅਤੇ ਸੀਮਾ ਇਨ੍ਹਾਂ ਲਹਿਰਾਂ ਦੇ ਸਰੋਕਾਰਾਂ ਦੇ ਪ੍ਰਸੰਗ ਵਿਚ ਹੀ ਪ੍ਰਗਟ ਹੁੰਦੀ ਹੈ। ਇਹ ਨਾਵਲ ਧਰਮ, ਸੁਧਾਰ, ਰੁਮਾਂਸ, ਪ੍ਰਗਤੀ, ਰੋਹ, ਵਿਦ੍ਰੋਹ ਆਦਿ ਦੇ ਮਾਧਿਅਮ ਰਾਹੀਂ ਪੰਜਾਬੀ/ਭਾਰਤੀ ਸਮਾਜ ਵਿਚ ਤਬਦੀਲੀ ਲਿਆਉਣ ਦੀ ਪ੍ਰਬਲ ਅਕਾਂਖਿਆ ਨਾਲ ਜੁੜਿਆ ਰਿਹਾ ਹੈ। ਲਹਿਰਾਂ ਅਤੇ ਇਸ ਨਾਲ ਸਬੰਧਿਤ ਨਾਵਲ ਦੀ ਸੁਹਿਰਦਤਾ ਦੇ ਬਾਵਜੂਦ ਇੱਛਤ ਤਬਦੀਲੀ ਨਹੀਂ ਵਾਪਰੀ, ਅਸਲ ਵਿਚ ਤਬਦੀਲੀ ਦੀ ਇਹ ਪ੍ਰਬਲ ਅਕਾਂਖਿਆ ਹੀ ਇਸ ਨਾਵਲ ਵਿਚ ਹਕੀਕਤ ਦੀ ਪੇਸ਼ਕਾਰੀ ਅਤੇ ਇਸ ਲਈ ਲੋੜੀਂਦੇ ਵਿਧੀ-ਵਿਧਾਨ ਦੇ ਨਿਰਮਾਣ ਦੀ ਨਿਰਦੇਸ਼ਕ ਬਣਦੀ ਹੈ। ਇਸ ਨਿਰਦੇਸ਼ਨ ਦੇ ਤਹਿਤ ਹਕੀਕਤ ਨੂੰ ਆਤਮਪਰਕ ਢੰਗ ਨਾਲ ਛਾਂਗ ਕੇ ਮਨੋਇੱਛਤ ਪਾਤਰਾਂ, ਘਟਨਾਵਾਂ ਅਤੇ ਸਥਿਤੀਆਂ ਦੀਆਂ ਕੋਟੀਆਂ ਰਾਹੀਂ ਸਰਲਕ੍ਰਿਤ ਗਾਲਪਿਕ ਚੌਖਟਿਆਂ ਵਿਚ ਢਾਲਿਆ ਜਾਂਦਾ ਹੈ। ਆਧੁਨਿਕ ਕਾਲ ਦੇ ਵਿਭਿੰਨ ਦੌਰਾਂ ਦੋਰਾਨ ਹਕੀਕਤ ਵਿਚ ਇੱਛਤ ਤਬਦੀਲੀ ਨਾ ਹੋਣ ਕਾਰਨ, ਵਿਸ਼ੇਸ਼ ਕਰਕੇ ਸੁਤੰਤਰਤਾ ਤੋਂ ਦਸ-ਪੰਦਰਾਂ ਵਰ੍ਹੇ ਬਾਅਦ ਸਵਰਾਜ ਨਾਲ ਜੁੜੇ ਸੁਪਨਿਆਂ ਦੇ ਟੁੱਟਣ ਉਪਰੰਤ, ਹਕੀਕਤ ਨੂੰ ਹਕੀਕਤ-ਪਸੰਦੀ ਦੇ ਨਜ਼ਰੀਏ ਤੋਂ ਅੰਕਿਤ ਕਰਨ ਵਾਲੀ ਨਾਵਲੀ ਪ੍ਰਵਿਰਤੀ ਦਾ ਉਦੈ ਹੁੰਦਾ ਹੈ। ਪਰ ਭਾਰਤ ਦੇ ਆਰਥਕ-ਰਾਜਨੀਤਕ ਚਿਤਰਪੱਟ ਉੱਪਰ ਨਕਸਲਵਾਦੀ ਲਹਿਰ ਦੇ ਉਭਾਰ ਨਾਲ ਇਕ ਵਾਰ ਫੇਰ ਤਬਦੀਲੀ ਦੀ ਪ੍ਰਬਲ ਅਕਾਂਖਿਆ ਪੰਜਾਬੀ ਸਮਾਜ ਅਤੇ ਨਾਵਲਕਾਰੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਮੀਤ ਦੇ ਦੋਵੇਂ ਮੁੱਢਲੇ ਨਾਵਲ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਹਨ। ਇਸ ਦਾ ਇਹ ਭਾਵ ਨਹੀਂ ਕਿ ਇਹ ਨਾਵਲ ਕੇਵਲ ਨਕਸਲਵਾਦੀ ਲਹਿਰ ਦਾ ਪ੍ਰਭਾਵ ਮਾਤਰ ਹੀ ਹਨ। ਇਨ੍ਹਾਂ ਦੀ ਰਚਨਾ-ਦਿ+ਸ਼ਟੀ ਸਰੋਤ ਨਾਨਕ ਸਿੰਘ ਦੇ ਵਿਅਕਤੀਵਾਦੀ ਸੁਧਾਰ, ਕੰਵਲ ਦੇ ਰੁਮਾਂਟਿਕ ਪ੍ਰਗਤੀਵਾਦ ਅਤੇ ਗੁਰਦਿਆਲ ਸਿੰਘ ਸੀਤਲ ਦੇ ਹਕੀਕਤ- ਪਸੰਦੀ ਵਾਲੇ ਰੁਝਾਣਾਂ ਨਾਲ ਵੀ ਜੁੜੇ ਹੋਏ ਨਜ਼ਰ ਆਉਂਦੇ ਹਨ। ਮੁੱਢਲੇ ਨਾਵਲਾਂ ਦੀ ਰਚਨਾ-ਦ੍ਰਿਸ਼ਟੀ ਵਿਚਲੇ ਇਸ ਮਿਸ਼ਰਨ ਵਿਚ ਤਫਤੀਸ਼ ਅਤੇ ਕਟਹਿਰਾ ਦੀ ਹਕੀਕਤ ਪਸੰਦੀ ਦੇ ਬੀਜ ਮੌਜੂਦ ਹਨ।

ਅੱਗ ਦੇ ਬੀਜ ਦਾ ਮੁੱਖ ਪਾਤਰ ਕਰਤਾਰ ਦੀ ਛੋਟੀ ਕਿਰਸਾਨੀ ਦਾ ਪ੍ਰਤਿਨਿਧ ਪਾਤਰ ਹੈ। ਉਸ ਦੇ ਹਿੱਸੇ ਕੇਵਲ ਤਿੰਨ ਕਿੱਲੇ ਜ਼ਮੀਨ ਦੇ ਆਏ ਸਨ। ''ਕਦੇ ਸੋਕਾ ਪੈ ਜਾਂਦਾ ਤੇ ਕਦੇ ਕਦੇ ਬਾਰਸ਼ਾਂ ਹੀ ਨਾ ਥੰਮ੍ਹਦੀਆਂ। ਪੱਕ ਕੇ ਤਿਆਰ ਹੋਈਆਂ ਫ਼ਸਲਾਂ ਭੰਗ ਦੇ ਭਾੜੇ ਰੁੜ੍ਹ ਜਾਂਦੀਆਂ। ਚੰਗੀ ਜ਼ਮੀਨ ਤਾਂ ਉਸ ਦੇ ਭਰਾ ਨੇ ਸਾਂਭ ਲਈ ਸੀ ਤੇ ਖੂਹ ਵੀ ਉਸ ਦੇ ਹੀ ਹਿੱਸੇ ਚਲਾ ਗਿਆ ਸੀ...ਉਂਝ ਵੀ ਤਿੰਨ ਕਿੱਲਿਆਂ ਵਿਚੋਂ ਕੀ ਉਹ ਕਮਾਉਣ...ਵੱਡੇ ਮੀਂਹ ਪਏ। ਇਕ ਕੋਠਾ ਢਹਿ ਗਿਆ। ਹੇਠ ਆ ਕੇ ਬਲਦ ਨਕਾਰਾ ਹੋ ਗਿਆ। ਆਫ਼ਤ ਤੇ ਆਫ਼ਤ ਆਉਣ ਲੱਗੀ। ਇਸ ਨਾਵਲ ਤੋਂ ਲਗਭਗ ਵੀਹ ਵਰ੍ਹੇ ਪਹਿਲਾਂ ਪ੍ਰਕਾਸ਼ਿਤ ਹੋਏ ਸੰਤ ਸਿੰਘ ਸੇਖੋਂ ਦਾ ਨਾਵਲ ਲਹੂ ਮਿੱਟੀ ਵਿਚਲੀ ਮੱਧ ਦਰਜੇ ਵਾਲੀ ਕਿਰਸਾਨੀ ਭੂਮੀ ਦੀ ਮਾਲਕੀ ਦੇ ਲਗਾਤਾਰ ਘੱਟਣ ਨਾਲ ਅੱਗ ਦੇ ਬੀਜ ਤੱਕ ਪਹੁੰਚਦਿਆਂ ਛੋਟੀ ਕਿਰਸਾਨੀ ਵਿਚ ਅਤੇ ਇਸ ਤੋਂ ਅੱਗੇ ਭੂਮੀਹੀਨ ਕਿਰਤੀਆਂ ਵਿਚ ਤਬਦੀਲ ਹੋ ਰਹੀ ਨਜ਼ਰ ਪੈਂਦੀ ਹੈ। ''ਤਿੰਨਾਂ ਵਿਚੋਂ ਦੋ ਕਿੱਲੇ ਗਹਿਣੇ ਟਿਕ ਗਏ। ਆਮਦਨ ਅੱਧੀ ਰਹਿ ਗਈ। ਜ਼ਮੀਨ ਦਾ ਮਾਲਕ ਕਾਮਾ ਬਣ ਗਿਆ।'' ਜੀਵਨ ਦੀਆਂ ਇਨ੍ਹਾਂ ਕਠੋਰ ਪ੍ਰਸਥਿਤੀਆਂ ਦੇ ਬਾਵਜੂਦ ਕਿਰਸਾਨੀ ਦੀ ਲਹੂ ਮਿੱਟੀ ਤੋਂ ਲੈ

ਕੇ ਅੱਗ ਦੇ ਬੀਜ ਤੱਕ ਤੇ ਇਸ ਤੋਂ ਬਾਅਦ ਹੁਣ ਤਕ ਵੀ ਆਪਣੀ ਅਣਸ ਦੀ ਵਿਦਿਆ ਦੇ ਮਾਧਿਆਮ ਰਾਹੀਂ ਜੀਵਨ ਦੇ ਬੇਹਤਰ ਹੋ ਜਾਣ ਦੀ ਖਾਹਿਸ਼ ਜਿਉਂ ਦੀ ਤਿਉਂ ਬਰਕਰਾਰ ਰਹਿੰਦੀ ਹੈ। ਇਹੀ ਖਾਹਿਸ਼ ਇਸ ਨੂੰ ਜੀਵਨ ਦੀਆਂ ਅਤਿ ਕਠੋਰ ਹਾਲਤਾਂ ਦੇ ਚੱਕਰਵਿਊ ਵਿਚੋਂ ਨਿਕਲਣ ਦੀ ਸਭ ਤੋਂ ਦਰੁੱਸਤ ਅਤੇ ਵਧੀਆ ਪਰਿਕਲਪਨਾ ਪ੍ਰਤੀਤ ਹੁੰਦੀ ਹੈ। ਕਰਤਾਰ ਦੇ ਪਿਉ ਨੂੰ ''ਸਭ ਕੁਝ ਵਿਕ ਜਾਣ ਦੀ ਵੀ...ਕੋਈ ਪ੍ਰਵਾਹ ਨਹੀਂ ਸੀ।...ਕਈ ਵਾਰ ਕਰਤਾਰ ਨੇ ਕਾਲਜ ਛੱਡ ਕੇ ਘਰ ਆਉਣ ਦੀ ਜਿੱਦ ਕੀਤੀ ਪਰ ਉਸ ਦਾ ਪਿਉ ਨਾ ਮੰਨਿਆ। ਪਿੰਡ ਦਾ ਇਕ ਮੁੰਡਾ ਵਕੀਲ ਬਣ ਗਿਆ ਸੀ ਤੇ ਇਕ ਪ੍ਰੋਫ਼ੈਸਰ। ਉਨ੍ਹਾਂ ਦੀਆਂ ਗੱਲਾਂ, ਅਟਕਾਂ ਮਟਕਾਂ ਤੇ ਕਮਾਈ ਨੇ ਉਸ ਦਾ ਦਿਲ ਲੂਹ ਲਿਆ ਸੀ। ਕਰਤਾਰ ਨੂੰ ਵੀ ਉਹ ਇਕ ਅਫ਼ਸਰ ਵੇਖਣਾ ਚਾਹੁੰਦਾ ਸੀ।...ਉਸ ਦੇ ਦਿਲ ਅੰਦਰ....ਅਟੱਲ ਵਿਸ਼ਵਾਸ ਸੀ ਉਹਦਾ ਪੁੱਤਰ ਸੈਂਕੜੇ ਵਿਘੇ ਜ਼ਮੀਨ ਖਰੀਦੇਗਾ, ਟਰੈਕਟਰਾਂ ਦੀ ਘੂਕਰ ਪਿਆ ਕਰੇਗੀ, ਹਰ ਹਾੜ੍ਹੀ ਸਾਉਣੀ ਦਾਣਿਆਂ ਨਾਲ ਕੋਠੇ ਭਰਿਆ ਕਰਨਗੇ।'' ਭਾਵੇਂ ਕਰਤਾਰ ਦਾ ਪਿਉ ਬੀਮਾਰੀ ਕਾਰਨ ਉਸ ਦੀ ਵਿਦਿਆ ਦੇ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਸੱਧਰ ਨੂੰ ਅਧੂਰਿਆਂ ਲੈ ਕੇ ਸਦਾ ਲਈ ਵਿਦਾਇਗੀ ਲੈ ਜਾਂਦਾ ਹੈ। ਪਰ ਸੱਤਾਸ਼ੀਲ ਸ਼੍ਰੇਣੀਆਂ ਦੀ ਪਦਾਰਥਕ ਖੁਸ਼ਹਾਲੀ ਦੀ ਸੰਕਲਪਨਾ ਪਿਉ ਦੀ ਤਰ੍ਹਾਂ ਪੁੱਤਰ ਦੀ ਪਰਿਕਲਪਨਾ ਦਾ ਵੀ ਸੁਭਾਵਿਕ ਅੰਗ ਹੈ। ''ਕੀ ਕਦੇ ਮੈਂ ਵੀ ਅਜਿਹੀਆਂ ਕੋਠੀਆਂ ਤੱਕ ਪਹੁੰਚ ਜਾਵਾਂਗਾ।..ਪੰਜ ਦੇ ਜਦੋਂ ਪੰਜਾਹ ਕਿੱਲੇ ਜ਼ਮੀਨ ਬਣ ਗਈ ਤਾਂ ਪਿਉ ਦੀ ਆਤਮਾ ਨੂੰ ਆਪੇ ਸ਼ਾਂਤੀ ਮਿਲ ਜਾਊ।...ਮੈਂ ਕਿਉਂ ਨਾ ਇਕ ਸਰਮਾਏਦਾਰ ਦੇ ਘਰ ਪੈਦਾ ਹੋਇਆ ? ਕਾਸ਼ ! ਮੈਂ ਵੀ ਕਦੇ ਇਹੋ ਜਿਹੀਆਂ ਰੰਗਨੀਆਂ ਮਾਨਣ ਦੇ ਯੋਗ ਹੋ ਗਿਆ ਹੁੰਦਾ।'' ਕਰਤਾਰ ਅਤੇ ਉਸ ਦੇ ਪਿਉ ਦੀ ਵਿਦਿਆ ਦੇ ਮਾਧਿਅਮ ਰਾਹੀਂ ਪਦਾਰਥਕ ਖੁਸ਼ਹਾਲੀ ਨੂੰ ਪ੍ਰਾਪਤ ਕਰਨ ਦੀ ਉਕਤ ਪਰਿਕਲਪਨਾ ਜਦੋਂ ਵਿਵਸਥਾ ਦੀ ਹਕੀਕਤ ਨਾਲ ਟਕਰਾਉਂਦੀ ਹੈ ਤਾਂ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਵਿਆਪਕ ਪੱਧਰ ਉੱਪਰ ਫੈਲਿਆ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਰੁਜ਼ਗਾਰੀ, ਮਿਹਨਤ/ਯੋਗਤਾ/ ਲਿਆਕਤ/ਮੈਰਿਟ ਦੀ ਬੇਕਦਰੀ ਅਤੇ ਖੱਜਲਖੁ ਆਰੀ ਕਰਤਾਰ ਦੇ ਸੁਪਨਿਆਂ ਦਾ ਭੰਜਨ ਕਰਦੇ ਹਨ। ਸੁਪਨਿਆਂ ਦੇ ਇਸ ਭੰਜਨ ਨੂੰ ਸਮਾਜਿਕਇਤਿਹਾਸ ਕ ਪੱਖ ਤੋਂ ਵਧੇਰੇ ਅਰਥ-ਭਰਪੂਰ ਪੈਟਰਨ ਵਿਚ ਢਾਲਣ ਲਈ ਨਾਵਲਕਾਰ ਨੇ ਕਰਤਾਰ ਦੇ ਵਿਰੋਧ ਵਿਚ ਸਰਦਾਰ ਦੇ ਰੂਪ ਵਿਚ ਇਕ ਹੋਰ ਪਾਤਰ ਦੀ ਘਾੜਤ ਕੀਤੀ ਹੈ। ਇਸ ਪਾਤਰ ਦਾ ਸੰਬੰਧ ਪਿੰਡ ਦੇ ਸੀਨ ਉੱਪਰ ''ਹਰੀ ਕ੍ਰਾਂਤੀ'' ਤੋਂ ਬਾਅਦ ਕਿਰਸਾਨੀ ਦੇ ਸੰਦਰਭ ਵਿਚ ਨਵੀਂ-ਨਵੀਂ ਅਮੀਰ ਬਣੀ ਸ਼੍ਰੇਣੀ ਨਾਲ ਹੈ। ਨਾਵਲਕਾਰ ਨੇ ਸਰਦਾਰ ਦੇ ਪਾਤਰ ਦੇ ਹਵਾਲੇ ਨਾਲ ਇਸ ਸ਼੍ਰੇਣੀ ਦੇ ਸ਼ੋਹਦੇ, ਫੁੱਕਰੇ, ਦੰਭੀ, ਵਿਭਚਾਰੀ ਅਤੇ ਦੱਲੇ ਚਰਿੱਤਰ ਨੂੰ ਸੱਤਾਸ਼ੀਲਾਂ ਅਤੇ ਅਵਾਮ ਵਿਚਲੀ ਮਧਿਅਸਥਤਾ ਵਜੋਂ ਸਾਕਾਰ ਕੀਤਾ ਹੈ। ਸਾਰੇ ਆਦਰਸ਼ਾਂ ਨੂੰ ਛਿੱਕੇ ਟੰਗ ਕੇ ਕਰਤਾਰ ਇਸ ਮਧਿਅਸਥਤਾ ਦੀ ਸਹਾਇਤਾ ਨਾਲ ਰਿਸ਼ਵਤ ਦੇ ਕੇ ਰਾਜਧਾਨੀ ਦੇ ਕਿਸੇ ਕਾਲਜ ਵਿਚ ਪ੍ਰਾਅਧਿਆਪਕ ਦੀ ਨੌਕਰੀ ਪ੍ਰਾਪਤ ਕਰਨ ਲਈ ਜਤਨਸ਼ੀਲ ਹੁੰਦਾ ਹੈ। ਪਰ ਸਿਫਾਰਸ਼ ਤੇ ਰਿਸ਼ਵਤਖੋਰੀ ਵਿਚ ਵੀ ਤਾਂ ਮੁਕਾਬਲੇਬਾਜ਼ੀ ਹੈ। ਮਧਿਅਸਥਤਾ ਧੋਖੇਬਾਜ਼ ਹੈ ਤੇ ਕਰਤਾਰ ਦੀ ਇਸ ਮੁਕਾਬਲੇਬਾਜ਼ੀ ਵਿਚ ਪੂਰੀ ਤਰ੍ਹਾਂ ਪੁੱਗ ਸਕਣ ਦੀ ਹੈਸੀਅਤ ਨਹੀਂ। ਨਤੀਜਾ ਅਸਫਲਤਾ ਵਿਚ ਨਿਕਲਦਾ ਹੈ। ਇਸੇ ਨਤੀਜੇ ਦੀ ਭਾਗੀ ਉਸ ਦੀ ਸ਼ੋਸ਼ਿਤ ਜਮਾਤਣ ਪਰਮਜੀਤ ਵੀ ਬਣਦੀ ਹੈ। ਸੁਪਨਿਆਂ ਦਾ ਭੰਜਨ ਕਰਤਾਰ ਅਤੇ ਪਰਮਜੀਤ ਦੇ ਮਨਾਂ ਅੰਦਰ ਵਿਵਸਥਾ ਦੀ ਥਾਵੇਂ ਵਿਅਕਤੀਆਂ ਦੇ ਖ਼ਿਲਾਫ਼ ਨਿੱਜਗਤ ਰੋਹ/ਵਿਦਰੋਹ ਦੇ ਬਦਲਾ-ਭਾਵ ਨੂੰ ਜਨਮ ਦੇਣ ਵਾਲਾ ਹੈ। ਸ਼ਾਇਦ ਇਹ ਅਖੌਤੀ ਨਵੀਂ ਵਿਦਿਆ ਨਾਲ ਲੈਸ ਮੱਧ ਸ਼੍ਰੇਇਕ ਉਪਭਾਵੁਕਤਾ ਦੀ ਹੋਣੀ ਹੈ, ਜੋ ਵਿਅਕਤੀਆਂ ਨੂੰ ਸਥਿਤੀ ਦੀ ਵਸਤੂਪਰਕਤਾ ਦਾ ਬੌਧਕ ਵਿਸ਼ਲੇਸ਼ਣ ਕਰਨ ਦੀ ਯੋਗਤਾ ਪ੍ਰਦਾਨ ਕਰਨ ਦੀ ਬਜਾਏ ਕੇਵਲ ਉਤੇਜਨਾ ਨਾਲ ਜੋੜ ਦੇਂਦੀ ਹੈ। ਅੱਗ ਦੇ ਬੀਜ ਨਾਵਲ ਦੇ ਪਾਤਰਾਂ ਦੀਆਂ ਪਦਾਰਥਕ

ਹਾਲਤਾਂ ਤੇ ਉਕਤ ਉਤੇਜਨਾ ਰਾਹੀਂ ਆਤੰਕ ਦੀ ਆਰਥਕ-ਸਮਾਜਿਕ ਵਿਆਖਿਆ ਦਾ ਮੁੱਲਕਾਨ ਗਲਪੀ ਸੰਦਰਭ ਸਿਰਜਨ ਵਿਚ ਤਾਂ ਮਦਦ ਮਿਲਦੀ ਹੈ, ਪਰ ਇਸ ਵਿਚੋਂ 'ਵੱਡੇ ਅਸਲੇ ਦੇ ਹੱਲ ਦੇ ਬੀਜਾਂ' ਦੀ ਤਲਾਸ਼ ਕਰਨੀ ਨਾਵਲਕਾਰ ਦੀ ਸ਼ੁਭ ਇੱਛਾ ਹੀ ਹੈ। ਨਾਵਲਕਾਰ ਨੇ ਇਸ ਸ਼ੁਭ ਇੱਛਾ ਨੂੰ ਜਥੇਬੰਦਕ ਉਪਰਾਲੇ ਰਾਹੀਂ ਵਿਵਹਾਰਕ ਪੱਧਰ ਉੱਪਰ ਮੂਰਤੀਮਾਨ ਬਣਾਉਣ ਲਈ ਨੌਜਵਾਨ ਸਭਾ ਅਤੇ ਇਸ ਦੇ ਨੇਤਾ 'ਅਜ਼ਾਦ' ਦੇ ਪ੍ਰਸੰਗ ਨੂੰ ਵੀ ਉਸਾਰਿਆ ਹੈ। ਲੋਕ ਇਸ ਸਭਾ ਵੱਲੋਂ ਪਿੰਡ ਨੂੰ 'ਸਵਰਗ' ਬਣਾਉਣ ਦੀ ਤਵੱਕੋ ਰੱਖਦੇ ਹਨ। ਪਰ ਦੋ ਦਹਾਕਿਆਂ ਤੋਂ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸਵਰਗ ਦੀ ਇਹ ਤਵੱਕੋ ਸ਼ੁਭ ਇੱਛਾ ਹੀ ਹੈ।

ਮਿੱਤਰ ਸੈਨ ਮੀਤ ਦਾ ਦੂਜਾ ਨਾਵਲ 'ਕਾਫ਼ਲਾ' ਉਸ ਦੇ ਪਹਿਲੇ ਨਾਵਲ ਅੱਗ ਦੇ ਬੀਜ ਤੋਂ ਅਗਲੇ ਪੜਾਅ ਦੀ ਰਚਨਾ ਹੈ। ਜਿਥੇ ਪਹਿਲੇ ਨਾਵਲ ਦੀ ਸੰਰਚਰਾ ਇਕਹਿਰੀ ਬ੍ਰਿਤਾਂਤ ਗਤੀ ਵਾਲੀ ਹੋਣ ਕਰਕੇ ਇਸ ਰਚਨਾ ਦੇ 'ਲੰਮੀ ਕਹਾਣੀ' ਜਾਂ 'ਨਾਵਲਿਟ' ਹੋਣ ਦਾ ਪ੍ਰਭਾਵ ਦੇਂਦੀ ਹੈ, ਉਥੇ ਕਾਫ਼ਲਾ ਦੀ ਬ੍ਰਿਤਾਂਤ ਗਤੀ ਇਕੋ ਵੇਲੇ ਇਕਾਲਕਤਾ ਤੇ ਬਹੁਕਾਲਕਤਾ ਦੀਆਂ ਦਿਸ਼ਾਵਾਂ ਵਿਚ ਫੈਲੀ ਹੋਣ ਕਰਕੇ ਨਾਵਲੀ ਚਰਿਤਰ ਦੀ ਧਰਤੀ ਹੈ। ਉਸ ਦੀ ਕਲਪੀ ਸੰਵੇਦਨਾ ਦਾ ਇਹ ਵਿਸਤਾਰ ਉਸ ਦੀ ਸਮਾਜਿਕ ਸੋਝੀ ਦੇ ਵਿਸਤਾਰ ਦਾ ਲਖਾਇਕ ਹੈ। ਸੰਵੇਦਨਾ ਅਤੇ ਸੋਝੀ ਦਾ ਇਹ ਵਿਸਤਾਰ ਪਾਤਰਾਂ ਦੀ ਗਿਣਤੀ ਨੂੰ ਵਧਾਉਣ, ਉਨ੍ਹਾਂ ਦੇ ਆਰਥਕ-ਸਮਾਜਿਕ ਰਿਸ਼ਤਿਆਂ ਦੀਆਂ ਵਧੇਰੇ ਪਰਤਾਂ ਨੂੰ ਫਰੋਲਣ ਅਤੇ ਉਨ੍ਹਾਂ ਦੀ ਮਾਨਸਿਕਤਾ ਉੱਪਰ ਵੀ ਝਾਤ ਪਵਾਉਣ ਪ੍ਰਤੀ ਰੁਚਿਤ ਹੋਣ ਰਾਹੀਂ ਪ੍ਰਗਟ ਹੁੰਦਾ ਹੈ। ਇਸ ਨਾਵਲ ਵਿਚ ਪਿੰਡ ਦੇ ਸੀਨ ਉਪਰਲੀ ਆਰਥਕ-ਸਮਾਜਿਕ ਵੰਡ, ਇਸ ਦੇ ਅੰਤਰਵਿਰੋਧਾਂ ਅਤੇ ਮਾਨਸਿਕ ਪ੍ਰਗਟਾਵਿਆਂ ਨੂੰ ਅੱਗ ਦੇ ਬੀਜ ਦੇ ਮੁਕਾਬਲੇ ਉੱਤੇ ਵਿਸਤ੍ਰਿਤ ਕੈਨਵਸ ਰਾਹੀਂਨਿਰੂਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

'ਕਾਫ਼ਲਾ' ਨਾਵਲ ਦੇ ਕੇਂਦਰ ਵਿਚ ਭੂਮੀਹੀਨ ਕਿਰਤੀ ਇਸਤਰੀ ਪਾਤਰ ਕਰਤਾਰੋ ਦਾ ਕਿਰਦਾਰ ਰਚਨਾ ਦਾ ਦ੍ਰਿਸ਼ਟੀਕੋਣ ਬਣ ਕੇ ਉਭਰਦਾ ਹੈ। ਉਹ ਜਾਗੀਰਦਾਰ ਸਰਦਾਰ ਅਤੇ ਚੌਧਰੀਆਂ ਹੱਥੋਂ ਕਿਰਤੀਆਂ ਅਤੇ ਮੁਜਾਰਿਆਂ ਦੇ ਬਹੁ ਪੱਧਰ ਆਰਥਿਕ-ਸਭਿਆਚਾਰਕ ਤੇ ਜਿਨਸੀ ਸ਼ੋਸ਼ਣ ਦੇ ਗੁੰਝਲਦਾਰ ਤਾਣੇ ਵਿਚ ਘਿਰੀ ਇਕ ਬੁਲੰਦ ਕਿਰਦਾਰ ਵਜੋਂ ਆਪਣਾ ਨਾਵਲੀ ਸਫ਼ਰ ਆਰੰਭ ਕਰਦੀ ਹੈ। ਨਾਵਲਕਾਰ ਨੇ ਉਪਰਲਿਆਂ ਵਲੋਂ ਕੀਤੇ ਜਾਂਦੇ ਸ਼ੋਸ਼ਣ ਦੀ ਵਿਉਂਤਕਾਰੀ ਅਤੇ ਸਾਜਿਸ਼ਾਂ ਉੱਤੇ ਓੜੀ ਜਾਂਦੀ ਮਾਨਵੀ ਅਤੇ ਸੰਸਕ੍ਰਿਤਕ ਪਰਦਾਦਾਰੀ ਨੂੰ ਜਿਸ ਕਲਾਤਮਕ ਕੁਸ਼ਲਤਾ ਨਾਲ ਲੰਗਾਰਿਆ ਹੈ, ਉਸ ਬਾਰੇ ਪੜ੍ਹਦਿਆਂ ਸੀਤਲ ਦੇ ਨਾਵਲ ਜੁੱਗ ਬਦਲ ਗਿਆ ਦਾ ਚੇਤਾ ਆ ਜਾਂਦਾ ਹੈ। ਕਰਤਾਰੋ ਦੇ ਪ੍ਰੇਮੀ/ਖਾਵੰਦ ਬਲਦੇਵ ਨੂੰ ਉਪਰਲਿਆਂ ਵੱਲੋਂ ਜਿਸ ਢੰਗ ਨਾਲ ਬਲਹੀਨ ਕਰਕੇ ਮੁਕਾ ਦਿੱਤਾ ਜਾਂਦਾ ਹੈ, ਨਾਵਲਕਾਰ ਨੇ ਇਸ ਨੂੰ ਸ਼੍ਰੇਣਿਕ ਵਿਵਸਥਾ ਵਿਚਲੇ ਅਮਾਨਵੀਕਰਣ ਦੀ ਅਨਿਵਾਰੀ ਪ੍ਰਕਿਰਿਆ ਵਜੋਂ ਉਘਾੜਿਆ ਹੈ। ਇਸ ਪ੍ਰਕਿਰਿਆ ਵਿਚ ਕਾਮੇ ਅਤੇ ਮੁਜਾਰਿਆਂ ਦੇ ਪਾਤਰ ਇਕ ਪਾਸੇ ਸਰਦਾਰ ਅਤੇ ਚੌਧਰੀਆਂ ਦੇ ਨਿੱਜਗਤ ਵਿਰੋਧ ਅਤੇ ਵੈਰ ਦੇ ਵਾਹਣ ਬਣਦੇ ਹਨ ਅਤੇ ਦੂਜੇ ਪਾਸੇ ਉਪਰਲਿਆਂ ਨਾਲ ਵਾਸਤਵਿਕ ਵਿਰੋਧਾਂ ਨੂੰ ਇਸ ਪ੍ਰਕਾਰ ਗੰਧਲਾ ਬਣਾ ਦਿੱਤਾ ਜਾਂਦਾ ਹੈ ਕਿ ਦੁੱਖਾਂ ਦੇ ਵਿਵੇਕ ਦੀ ਤਲਾਸ਼ ਦਾ ਮਸਲਾ ਹੋਰ ਉਲਝ ਜਾਂਦਾ ਹੈ। ਇਸ ਪੜਾਉ ਉੱਤੇ ਨਾਵਲ ਵਿਚ ਪੜ੍ਹੇ ਲਿਖੇ ਨੌਜਵਾਨ ਪਾਤਰਾਂ ਰਾਹੀਂ ਆਰਥਿਕ-ਰਾਜਨੀਤਕ ਸਰੋਕਾਰਾਂ ਵਾਲੀ ਕ੍ਰਾਂਤੀਕਾਰੀ ਲਹਿਰ ਦਾ ਪ੍ਰਵੇਸ਼ ਹੁੰਦਾ ਹੈ। ਇਹ ਪਾਤਰ ਕਾਮਿਆਂ ਅਤੇ ਮੁਜਾਰਿਆਂ ਨੂੰ ਉਨ੍ਹਾਂ ਦੇ ਦੁੱਖਾਂ ਦੇ ਕਾਰਨ ਵਿਵਸਥਾ ਦੀ ਬਣਤਰ ਦੀ ਸੁਚੇਤਨਾ ਰਾਹੀਂ ਸਮਝਾਉਣ ਦਾ ਉਪਰਾਲਾ ਕਰਦੇ ਹਨ। ਏਕੇ ਅਤੇ ਸੰਘਰਸ਼ ਦੀ ਗੱਲ ਕੀਤੀ ਜਾਂਦੀ ਹੈ ਪਰ ਵਿਵਹਾਰਕ ਪੱਖੋਂ ਸਭਾ ਅਤੇ ਪਾਰਟੀ ਵੱਲੋਂ ਵਿਸਵੇਦਾਰਾਂ ਅਤੇ ਜਾਗੀਰਦਾਰਾਂ ਦੇ ਵਿਅਕਤੀਗਤ ਕਤਲਾਂ ਦਾ ਰਾਹ ਅਪਣਾਇਆ ਜਾਂਦਾ ਹੈ। ਕਰਤਾਰੋ ਦਾ ਪੁੱਤਰ ਜੈਲਾ ਵੀ ਉੱਜਲੇ ਭਵਿੱਖ ਦੇ ਸੁਨਹਿਰੀ

ਸੁਪਨਿਆਂ ਦੀ ਪ੍ਰੇਰਣਾ ਅਧੀਨ ਇਸ ਪਾਰਟੀ ਦਾ ਸਕ੍ਰਿਅ ਕਾਰਜਕਰਤਾ ਬਣ ਜਾਂਦਾ ਹੈ। ਕਰਤਾਰੋ ਮਨ ਤੋਂ ਪੂਰੀ ਤਰ੍ਹਾਂ ਇਸ ਲਹਿਰ ਦੇ ਨਾਲ ਹੈ ਪਰ ਵਿਡੰਬਨਾ ਇਹ ਹੈ ਕਿ ਨਾਵਲ ਦੇ ਪਹਿਲੇ ਅੱਧ ਤੋਂ ਬਾਅਦ ਉਹ ਆਪਣੇ ਕਿਰਦਾਰੀ ਦੀ ਬੁਲੰਦੀ ਤੋਂ ਹੇਠਾਂ ਆ ਕੇ ਸਰਦਾਰ ਕੋਲ ਤਨ ਦਾ ਸਮਰਪਣ ਕਰ ਦੇਂਦੀ ਹੈ। ਨਾਵਲਕਾਰ ਅਨੁਸਾਰ ਉਸ ਦੀ ਮਨ ਦੇ ਸਮਰਪਣ ਦੀ ਝੂਠੀ ਅਦਾਕਾਰੀ ਅਤੇ ਤਨ ਦੇ ਸਮਰਪਣ ਦੀ ਵਾਸਤਵਿਕਤਾ ਉਕਤ ਲਹਿਰ ਦੇ ਮਨੋਰਥ ਨੂੰ ਹਾਸਿਲ ਕਰਨ ਨਾਲ ਦਾ ਹੀ ਦਾਅ-ਪੇਚ ਹੈ। ਇਸ ਦਾ ਪ੍ਰਗਟਾਵਾ ਨਾਵਲ ਦੇ ਅਖੀਰਲੇ ਘਟਨਾ-ਪ੍ਰਸੰਗ ਵਿਚ ਹੁੰਦਾ ਹੈ, ਜਿਸ ਵਿਚ ਉਸ ਵੱਲੋਂ ਸਰਦਾਰ ਦੇ ਭੇਦ ਭਰੇ ਕਤਲ ਦਾ ਸੰਕੇਤ ਮਿਲਦਾ ਹੈ। ਇਸ ਉਪਰੰਤ ਉਹ ਲਹਿਰ ਦੇ ਸ਼ਹੀਦਾਂ, ਲਹਿਰ ਦੇ ਅੱਗੇ ਵਧਣ ਕਾਫ਼ਲਾ ਬਣਨ ਅਤੇ ਮੰਜ਼ਿਲ 'ਤੇ ਪਹੁੰਚਣ ਆਦਿ ਬਾਰੇ ਅਤਿ ਭਾਵੁਕ ਅੰਦਾਜ਼ ਵਿਚ ਸਵੈ ਸੰਬੋਧਨ ਕਰਦੀ ਦਰਸਾਈ ਗਈ ਹੈ। ਨਾਵਲੀ ਪਾਠ ਵਿਚ ਲਹਿਰ ਦੇ ਖ਼ਿਲਾਫ਼ ਸਟੇਟ ਦੇ ਜਬਰ, ਏਕੇ ਅਤੇ ਸੰਘਰਸ਼ ਨੂੰ ਖੀਣ ਕਰਨ ਵਾਲੀਆਂ ਸ਼ਕਤੀਆਂ ਅਤੇ ਅੰਤਰ-ਵਿਰੋਧਾਂ ਨੂੰ ਪ੍ਰਤਿ ਬਿੰਬਤ ਕਰਦੇ ਗਲਪ-ਵੇਰਵੇ ਵੀ ਸਿਰਜੇ ਗਏ ਹਨ। ਸਮੱਸਿਆ ਇਹ ਹੈ ਕਿ ਇਸ ਸਭ ਕੁਝ ਦੇ ਪਰਿਣਾਮ ਸਰੂਪ ਲਾਜ਼ਮੀ ਤੌਰ 'ਤੇ ਉਪਜਣ ਵਾਲੀ ਤ੍ਰਾਸਦੀ ਨੂੰ ਨਾਵਲਕਾਰ ਦੀ ਸੁਧਾਰਕ ਤੇ ਪ੍ਰਗਤੀਸ਼ੀਲ ਰੁਮਾਂਟਿਕਤਾ ਬਦੋਬਦੀ ਕਾਮਦੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਇਸੇ ਕੋਸ਼ਿਸ਼ ਅਧੀਨ ਨਾਵਲ ਨੂੰ ਉੱਚੇ ਆਸ਼ਾਵਾਦੀ ਸੁਰ ਨਾਲ ਸਮਾਪਤ ਕੀਤਾ ਗਿਆ ਹੈ। ਇਹ ਸੁਰ ਸੱਤਾਸ਼ੀਲ ਵੱਲੋਂ ਦੋਵੇਂ ਬਾਹਾਂ ਕੱਟੇ ਬੇਵੱਸ ਜੈਲੇ ਦੀ ਮਾਨਵੀ ਵੇਦਨਾ ਦੀ ਗਹਿਰਾਈ ਮਾਪਣ ਤੋਂ ਉੱਕ ਜਾਂਦਾ ਹੈ।

ਮੀਤ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਹਕੀਕਤ ਦੀ ਪੇਸ਼ਕਾਰੀ, ਵਿਸ਼ੇਸ਼ ਕਰਕੇ ਜ਼ਮੀਨੀ ਰਿਸ਼ਤਿਆਂ ਦੇ ਇਰਦ-ਗਿਰਦ ਬੁਣੇ ਹੋਏ ਭਾਵ-ਸੰਸਕਾਰਾਂ ਦੇ ਅੰਤਰ-ਵਿਰੋਧਾਂ ਨੂੰ ਹਕੀਕਤ-ਪਸੰਦੀ ਦੇ ਪੈਂਤੜੇ ਤੋਂ ਚਿਤ੍ਰਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਜਿਥੋਂ ਤੱਕ ਉਹ ਇਸ ਹਕੀਕਤ ਨੂੰ ਆਪਣੀ ਮਨ-ਪੰਸਦ ਵਿਚਾਰਧਾਰਾ ਦੀ ਮਦਦ ਨਾਲ ਮਨੋ-ਇੱਛਤ ਦਸ਼ਾ ਵਿਚ ਸੁਧਾਰਨ ਜਾਂ ਤਬਦੀਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਚਿਤ੍ਰਣ ਨੂੰ ਮੈਗਨੀਫਾਈ ਕਰਨ ਦੀ ਰੁਚੀ ਹਕੀਕਤ ਪਸੰਦੀ ਤੋਂ ਮੁੱਖ ਮੋੜ ਲੈਂਦੀ ਹੈ। ਇਹ ਦਵੰਦ ਉਸ ਦੇ ਦੋਵੇਂ ਮੁੱਢਲੇ ਨਾਵਲਾਂ ਵਿਚ ਮੌਜੂਦ ਹੈ। ਇਹ ਦਵੰਦ ਇਨ੍ਹਾਂ ਮੁੱਢਲੇ ਨਾਵਲਾਂ ਦੀ ਰੂਪ-ਰਚਨਾ ਦਾ ਦਵੰਦ ਵੀ ਬਣ ਜਾਂਦਾ ਹੈ। ਪਰ ਜਿਸ ਢੰਗ ਵਿਚ ਇਨ੍ਹਾਂ ਨਾਵਲਾਂ ਦੀ ਰਚਨਾਕਾਰੀ ਹੋਈ, ਉਸ ਸਮੇਂ ਇਹ ਦਵੰਦ ਵੇਲੇ ਦੀ ਸਥਿਤੀ ਦਾ ਕਲਾਤਮਕ ਪਰਤੌ ਹੀ ਸੀ, ਜਿਸ ਦੀ ਗ੍ਰਿਫਤ ਵਿਚ ਉਸ ਵੇਲੇ ਦੇ ਬਹੁਤੇ ਪੰਜਾਬੀ ਲੇਖਕ ਆਏ ਹੋਏ ਸਨ। ਇਸ ਦੇ ਬਾਵਜੂਦ ਅੱਗ ਦੇ ਬੀਜ ਵਿਚ ਜਿਥੇ ਆਤੰਕ ਦੀ ਕਲਾਤਮਕ ਧਰਾਤਲ ਉੱਪਰ ਕੀਤੀ ਗਈ ਭਾਵਪੂਰਤ ਆਰਥਕ ਵਿਆਖਿਆ ਵਿਦਮਾਨ ਹੈ, ਉਥੇ ਕਾਫ਼ਲਾ ਦਾ ਪ੍ਰਕਾਸ਼ਨ-ਸਾਲ ਇਸ ਦੇ ਮਹੱਤਵ ਨੂੰ ਇਕ ਹੋਰ ਪੱਖ ਤੋਂ ਵੀ ਉਜਾਗਰ ਕਰਦਾ ਹੈ। ਇਸ ਦਾ ਸੰਬੋਧਨ ਆਪਣੇ ਸਮਕਾਲ ਦੇ ਉਸ ਪਾਠਕ ਨੂੰ ਹੈ, ਜਿਸ ਨੂੰ ਦਹਿਸ਼ਤ ਕਰਕੇ ਧਾਰਮਿਕ-ਸੰਪਰਦਾਇਕ ਲੀਹਾਂ ਉੱਪਰ ਬਣਾਏ ਜਾ ਰਹੇ ਕਾਫ਼ਲਿਆਂ ਵਿਚ ਸ਼ਾਮਿਲ ਕੀਤਾ ਜਾ ਰਿਹਾ ਸੀ। ਇਹ ਨਾਵਲ ਸਮਕਾਲੀ ਪਾਠਕ ਨੂੰ ਆਪਣੇ ਸੰਦੇਸ਼ ਵਿਚ ਇਹ ਕਹਿੰਦਾ ਜਾਪਦਾ ਹੈ ਕਿ ਜੇ ਉਸ ਨੇ ਕਿਸੇ ਕਾਫ਼ਲੇ ਵਿਚ ਸ਼ਾਮਿਲ ਹੋਣਾ ਹੀ ਹੈ ਤਾਂ ਉਹ ਆਰਥਿਕਰਾਜਨੀਤਕ ਅਧਾਰਾਂ ਉੱਪਰ ਸੰਗਠਿਤ ਹੋਣਾ ਚਾਹੀਦਾ ਹੈ। ਸਹੀ ਵਿਕਲਪ ਦੇ ਸੁਝਾਅ ਦਾ ਸਾਹਸ ਨਿਸਚੈ ਹੀ ਕਾਫ਼ਲਾ ਦੇ ਪ੍ਰਕਾਸ਼ਨ-ਸਾਲ ਦੇ ਸਮਕਾਲੀ ਸੰਬੋਧਨ ਦੇ ਸੰਦਰਭ ਵਿਚ ਮੁੱਲਵਾਨ ਤੱਥ ਹੈ। ਉਪਰੋਕਤ ਸਿਰਜਣਾਤਮਕ ਕਸ਼ਮਕਸ਼ ਅਤੇ ਦਵੰਦ ਵਿਚੋਂ ਲੰਘ ਕੇ ਹੀ ਮਿੱਤਰ ਸੈਨ ਮੀਤ ਤਫ਼ਤੀਸ਼, ਕਟਹਿਰਾ, ਕੌਰਵ ਸਭਾ ਅਤੇ ਸੁਧਾਰ ਘਰ ਦੀ ਰਚਨਾਕਾਰੀ ਤੱਕ ਅੱਪੜਿਆ ਹੈ।

ਡਾ: ਸੁਖਦੇਵ ਸਿੰਘ ਖਾਹਰਾ